ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਸਾਵਣ-ਭਾਦੋਂ, ਨਾਨਕਸ਼ਾਹੀ ੫੪੩ ਅਗਸਤ 2011

ਜਿਲਦ ੫੫ ਅੰਕ ੫

ਸੰਪਾਦਕ
ਸਿਮਰਜੀਤ ਸਿੰਘ
ਐਮ.ਏ., ਐਮ.ਐਮ.ਸੀ.

ਸਹਾਇਕ ਸੰਪਾਦਕ
ਸੁਰਿੰਦਰ ਸਿੰਘ ਨਿਮਾਣਾ
ਐਮ.ਏ. (ਪੰਜਾਬੀ,ਅੰਗਰੇਜ਼ੀ,ਹਿੰਦੀ), ਬੀ.ਐੱਡ.



ਚੰਦਾ

ਸਾਲਾਨਾ (ਦੇਸ਼)	` ੨੦
ਲਾਈਫ਼ (ਦੇਸ਼)	` ੨੦੦
ਸਾਲਾਨਾ ਵਿਦੇਸ਼	` ੫੦੦
ਲਾਈਫ਼ ਵਿਦੇਸ਼	` ੫੦੦੦
ਪ੍ਰਤੀ ਕਾਪੀ	` ੨

ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Amritsar-143006

ਫੋਨ : 0183-2553956-59 **ਐਕਸ** 304 **ਫੈਕਸ :** 0183-2553919
website : www.sgpc.net e-mail : gurmat_parkash@yahoo.co.in

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School Libraries by the Director of Public Instructions Punjab
Vide Circular No. 4580-2/25-58-B-49154 Dated Oct. 1958

qqkrw

ਗੁਰਬਾਣੀ ਵਿਚਾਰ		੩
ਸੰਪਾਦਕੀ		੪
ਸ੍ਰੀ ਗੁਰੂ ਗ੍ਰੰਥ ਸਾਹਿਬ: ਟੀਕੇ ਅਤੇ ਅਨੁਵਾਦ	-ਡਾ. ਪਰਮਵੀਰ ਸਿੰਘ	੮
ਬਾਣੀ ਉਚਾਰਨ ਦੀ ਕਿਉਂ ਲੋੜ ਪਈ?	-ਗਿਆਨੀ ਹਰਬੰਸ ਸਿੰਘ ਨਿਰਮਲ	੧੭
ਪ੍ਰਮੁੱਖ ਸਰੋਤਾਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਰਮੇਸ਼ਵਰ-ਸਰੂਪ	-ਗਿ. ਕੁਲਵਿੰਦਰ ਸਿੰਘ	੨੦
ਸਵੈਮਾਣ ਅਤੇ ਅਜ਼ਾਦੀ ਦੇ ਪਰਵਾਨੇ- ਬੱਬਰ ਅਕਾਲੀ	-ਪ੍ਰੋ. ਕਿਰਪਾਲ ਸਿੰਘ ਬਡੂੰਗਰ	੨੯
ਸ੍ਰੀ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਇਤਿਹਾਸਿਕ ਅਸਥਾਨ	-ਮਨਮੋਹਨ ਕੌਰ	੪੯
ਗੁਰੂ ਕੇ ਬਾਗ਼ ਦਾ ਮੋਰਚਾ	-ਸਿਮਰਜੀਤ ਸਿੰਘ	੫੬
ਸੂਰਬੀਰ ਸਿੰਘਣੀ ਬੀਬੀ ਦੀਪ ਕੌਰ	-ਸ. ਮਨਜੀਤ ਸਿੰਘ ਪਸਰੀਚਾ	੬੬
ਸ਼ਹੀਦ ਸ. ਬੁੱਢਾ ਸਿੰਘ ਥਾਈਲੈਂਡ	-ਡਾ. ਹਰਬੰਸ ਸਿੰਘ	੭੧
ਸ਼੍ਰੋਮਣੀ ਸਿੱਖ ਸਾਹਿਤਕਾਰ ਡਾ. ਹਰਨਾਮ ਸਿੰਘ ਸ਼ਾਨ	-ਸ. ਰੂਪ ਸਿੰਘ	੭੭
ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ	-ਸ. ਬਲਵਿੰਦਰ ਸਿੰਘ 'ਜੌੜਾ ਸਿੰਘਾ'	੮੦
ਗਾਗਰ 'ਚ ਸਾਗਰ-੬	-ਡਾ. ਇੰਦਰਜੀਤ ਸਿੰਘ ਗੋਗੋਆਣੀ	੮੩
ਨਸ਼ਾ : ਵਿਨਾਸ਼ ਦੀ ਜੜ੍ਹ	-ਬੀਬਾ ਰੁਪਿੰਦਰ ਕੌਰ	੮੪
ਕਵਿਤਾਵਾਂ		੮੬
ਖ਼ਬਰਨਾਮਾ		੮੯
ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਵਹੀਰ ਸਰਗਰਮੀਆਂ		੯੩

ਗੁਰਬਾਣੀ ਵਿਚਾਰ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥੭॥ *(ਪੰਨਾ ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰਹ ਮਾਹਾ ਮਾਝ ਦੀ ਇਸ ਪਾਵਨ ਪਉੜੀ ਵਿਚ ਭਾਦਰੋਂ ਮਹੀਨੇ ਦੀ ਰੁੱਤ ਅਤੇ ਇਸ ਦੇ ਮਨੁੱਖ-ਮਾਤਰ ਅਤੇ ਜੀਵ-ਜਗਤ ਉੱਪਰ ਅਸਰ ਦੇ ਸੰਬੰਧ ਵਿਚ ਮਨੁੱਖਾ ਜੀਵ-ਇਸਤਰੀ ਨੂੰ ਸਰੀਰ ਦੀ ਨਾਸ਼ਮਾਨਤਾ ਤੇ ਸੰਸਾਰਿਕ ਰਿਸ਼ਤਿਆਂ ਦੀ ਅਸਥਿਰਤਾ ਦਰਸਾਉਂਦੇ ਹੋਏ ਸਤਿ, ਸੰਤੋਖ ਤੇ ਧੀਰਜ ਅਤੇ ਸੱਚੇ ਰੂਹਾਨੀ ਗਿਆਨ ਦਾ ਸਹਾਰਾ ਲੈਂਦਿਆਂ ਕੂੜੀ ਅਗਿਆਨਤਾ 'ਚੋਂ ਬਾਹਰ ਨਿਕਲਣ ਦਾ ਗੁਰਮਤਿ ਗਾਡੀ ਮਾਰਗ ਬਖਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫ਼ਰਮਾਨ ਕਰਦੇ ਹਨ ਕਿ ਭਾਦਰੋਂ ਦੇ ਮਹੀਨੇ ਵਿਚ ਉਹ ਜੀਵ-ਇਸਤਰੀ ਅਗਿਆਨਤਾ ਦੇ ਭਰਮ ਵਿਚ ਭੁੱਲੀ ਭਟਕਦੀ ਰਹਿੰਦੀ ਹੈ ਜਿਹੜੀ ਪਰਮਾਤਮਾ ਰੂਪੀ ਸੱਚੇ ਮਾਲਕ ਜਾਂ ਪਤੀ ਦੇ ਪਿਆਰ ਨੂੰ ਛੱਡ ਕੇ ਕਿਸੇ ਹੋਰ ਨਾਲ ਭਾਵ ਰੂਹਾਨੀ ਪਿਆਰ ਨੂੰ ਛੱਡ ਕੇ ਉਲਾਰੂ ਮੋਹ ਸੰਸਾਰ ਨਾਲ ਲਾ ਬੈਠਦੀ ਹੈ। ਪਤੀ-ਪਰਮਾਤਮਾ ਦੇ ਪਿਆਰ ਤੋਂ ਵਾਂਝੀ ਹੋ ਜਾਣ ਕਰਕੇ ਜੀਵਨ ਰੂਪੀ ਭਾਦਰੋਂ ਦੇ ਮਹੀਨੇ ਵਿਚ ਉਹ ਬਾਹਰੋਂ ਜਿੰਨਾ ਮਰਜ਼ੀ ਸ਼ਿੰਗਾਰ ਕਿਉਂ ਨਾ ਕਰ ਲਵੇ ਉਹ ਉਸ ਦੇ ਕੰਮ ਨਹੀਂ ਆਉਂਦਾ ਕਿਉਂ ਜੋ ਜੀਵ-ਇਸਤਰੀ ਨੂੰ ਸ਼ਿੰਗਾਰ ਤਾਂ ਰੂਹਾਨੀ ਅਤੇ ਨੈਤਿਕ ਗੁਣਾਂ ਦਾ ਹੀ ਕਰਨਾ ਚਾਹੀਦਾ ਹੈ ਜਿਸ ਉੱਪਰ ਮਾਲਕ ਖੁਸ਼ ਹੋ ਸਕਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਰੀਰਿਕ ਸ਼ਿੰਗਾਰ ਵੈਸੇ ਵੀ ਬੇਅਰਥ ਹੈ ਕਿਉਂਕਿ ਇਹ ਸਰੀਰ ਤਾਂ ਬਿਨਸ ਜਾਂਦਾ ਹੈ ਅਤੇ ਉਸ ਵੇਲੇ ਸਾਰੇ ਅੰਗ-ਸਾਕ 'ਪ੍ਰੇਤ' ਆਖਦੇ ਜਾਂ ਸਮਝਣ ਲੱਗ ਜਾਂਦੇ ਹਨ। ਸਰੀਰ ਅੰਦਰ ਵੱਸਣ ਵਾਲੇ ਜੀਊੜੇ ਨੂੰ ਜਮਦੂਤ ਪਕੜ ਕੇ ਲੈ ਤੁਰਦੇ ਹਨ ਤੇ ਜੀਵ ਦੇ ਕਿਸੇ ਅੰਗ-ਸਾਕ ਨੂੰ ਇਸ ਦਾ ਭੇਤ ਨਹੀਂ ਦਿੰਦੇ। ਅਜਿਹੇ ਮੌਕੇ ਸਾਰੇ ਆਪਣੇ ਕਹਾਉਣ ਜਾਂ ਸਮਝੇ ਜਾਣ ਵਾਲੇ ਜਿਨ੍ਹਾਂ ਨਾਲ ਜੀਵ ਨੇ ਪਿਆਰ ਪਾਇਆ ਹੁੰਦਾ ਹੈ, ਜੀਵ ਦਾ ਸਾਥ ਛੱਡ ਦਿੰਦੇ ਹਨ। ਮੌਤ ਦੀ ਪਕੜ-ਜਕੜ 'ਚ ਆਏ ਜੀਵ ਦੀ ਹਾਲਤ ਬਿਆਨ ਕਰਦੇ ਹੋਏ ਗੁਰੂ ਸਾਹਿਬ ਕਥਨ ਕਰਦੇ ਹਨ ਕਿ ਅਜਿਹੇ ਸਮੇਂ ਜੀਵ ਪਛਤਾਉਂਦਾ ਹੈ, ਕੰਬਦਾ ਹੈ, ਡਰਦਾ ਤੇ ਘਬਰਾਉਂਦਾ ਹੈ ਤੇ ਕਾਲੇ ਤੋਂ ਚਿੱਟਾ ਪਿਆ ਹੁੰਦਾ ਹੈ ਐਪਰ ਇਹ ਸਰੀਰ ਤਾਂ ਕਰਮਾਂ ਵਾਲਾ ਖੇਤ ਹੈ ਜਿਸ ਵਿਚ ਜੀਵ ਜਿਹੋ ਜਿਹਾ ਕੋਈ ਬੀਜਦਾ ਹੈ ਉਹੋ ਜਿਹੀ ਹੀ ਫਸਲ ਵੱਢਦਾ ਹੈ। ਸਤਿਗੁਰੂ ਜੀ ਕਲਯੁਗੀ ਜੀਵਾਂ ਦਾ ਮਾਰਗ-ਦਰਸ਼ਨ ਕਰਦੇ ਹੋਏ ਫਰਮਾਉਂਦੇ ਹਨ ਕਿ ਜਿਹੜੇ ਜੀਵ ਮਾਲਕ ਦਾ ਆਸਰਾ ਲੈ ਲੈਂਦੇ ਹਨ ਉਨ੍ਹਾਂ ਨੂੰ ਉਹ ਮਾਲਕ ਆਪਣੇ ਚਰਨ ਕਮਲ ਰੂਪੀ ਜਹਾਜ਼ 'ਤੇ ਬਿਠਾ ਲੈਂਦਾ ਹੈ ਇਸ ਕਰਕੇ ਉਹ ਮਨੁੱਖਾ ਜੀਵਨ ਰੂਪੀ ਭਾਦਰੋਂ ਦੇ ਮਹੀਨੇ ਵਿਚ ਨਰਕ ਵਿਚ ਪੈਣ ਤੋਂ ਬਚ ਜਾਂਦੇ ਹਨ। ■

ਸੰਪਾਦਕੀ

ਦੇਸ਼ ਦੀ ਅਜ਼ਾਦੀ ਵਾਸਤੇ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਨੂੰ ਅਜ਼ਾਦ ਫਿਜ਼ਾ ਵਿਚ ਸਾਹ ਲੈਣ ਦਿਓ!

ਅਜ਼ਾਦੀ ਹਰੇਕ ਮਨੁੱਖ-ਮਾਤਰ ਦਾ ਹੱਕ ਹੈ। ਹਰ ਸ਼ਖ਼ਸ ਅਜ਼ਾਦ ਜੀਵਨ ਮਾਨਣਾ ਚਾਹੁੰਦਾ ਹੈ। ਇਵੇਂ ਹੀ ਦੇਸ਼ ਦੀ ਪੱਧਰ 'ਤੇ ਅਤੇ ਕੌਮੀ ਪੱਧਰ 'ਤੇ ਵੀ ਅਜ਼ਾਦ ਵਿਚਰਨਾ ਹਰੇਕ ਦੇਸ਼ ਦੀ ਲੋਕਾਈ ਜਾਂ ਹਰੇਕ ਕੌਮ ਦੀ ਸੁਭਾਵਿਕ ਇੱਛਾ ਹੈ। ਗ਼ੁਲਾਮੀ ਸਭ ਤੋਂ ਔਖੀ ਹੈ। ਗ਼ੁਲਾਮੀ ਦੇ ਸੰਗਲਾਂ ਵਿਚ ਜਕੜਿਆ ਮਨੁੱਖ ਬੇਹੱਦ ਦੁਖੀ ਦਸ਼ਾ ਵਿਚ ਹੁੰਦਾ ਹੈ। ਕਈ ਵਾਰ ਲੰਮੇ ਸਮੇਂ ਤਕ ਗ਼ੁਲਾਮੀ ਦੇ ਸੰਗਲਾਂ 'ਚ ਜਕੜਿਆ ਮਨੁੱਖ ਗ਼ੁਲਾਮੀ ਨੂੰ ਹੀ ਆਪਣੀ ਹੋਣੀ, ਆਪਣੀ ਤਕਦੀਰ ਮੰਨਣ ਲੱਗ ਪੈਂਦਾ ਹੈ। ਕਈ ਕੌਮਾਂ ਦੀ ਵੀ ਕੁਝ ਇਸੇ ਤਰ੍ਹਾਂ ਦੀ ਮਾਨਸਿਕਤਾ, ਇਸੇ ਤਰ੍ਹਾਂ ਦੀ ਸੋਚ ਬਣ ਜਾਇਆ ਕਰਦੀ ਹੈ। ਅਜਿਹੀ ਅਣਚਾਹੀ ਹਾਲਤ ਨੂੰ ਵੀ ਉਹ ਕੌਮਾਂ ਸਿਰ ਸੁੱਟ ਕੇ ਸਦੀਆਂ ਤਕ ਪ੍ਰਵਾਨ ਕਰੀ ਤੁਰੀਆਂ ਜਾਂਦੀਆਂ ਹਨ। ਗ਼ੁਲਾਮੀ ਦੇ ਸੰਗਲ ਤੋੜਨ ਵਾਸਤੇ ਉਹ ਕੋਈ ਹੀਲਾ-ਵਸੀਲਾ, ਕੋਈ ਚਾਰਾਜੋਈ ਹੀ ਕਰਨਾ ਛੱਡ ਬੈਠਦੀਆਂ ਹਨ। ਇਸ ਹਾਲਤ ਵਿਚ ਹੀ ਉਹ ਡੰਗ ਟਪਾਈ ਜਾਂਦੀਆਂ ਹਨ। ਬਦੇਸ਼ੀ ਹਾਕਮਾਂ ਦੀ ਜੀ-ਹਜ਼ੂਰੀ ਤੇ ਚਾਪਲੂਸੀ ਉਨ੍ਹਾਂ ਦੀ ਤਰਜ਼-ਏ-ਜ਼ਿੰਦਗੀ ਬਣ ਜਾਂਦੀ ਹੈ।

ਬਿਲਕੁਲ ਇਹੀ ਹਾਲਤ ਹਿੰਦੋਸਤਾਨੀ ਕੌਮ ਦੀ ਕਈ ਸਦੀਆਂ ਦੇ ਲੰਮੇ ਸਮੇਂ ਤਕ ਬਣੀ ਰਹੀ। ਹਿੰਦੋਸਤਾਨੀਆਂ ਨੇ ਬਦੇਸ਼ੀ ਹਾਕਮਾਂ ਦੀ ਗ਼ੁਲਾਮੀ ਨੂੰ ਆਪਣੀ ਤਕਦੀਰ ਸਮਝ ਲਿਆ ਸੀ। ਉਨ੍ਹਾਂ ਨੂੰ ਇਨ੍ਹਾਂ ਹਾਕਮਾਂ ਨੇ ਪਹਿਲਾਂ ਹਮਲਾਵਰ ਬਣ ਕੇ ਬੜੀ ਬੇਕਿਰਕੀ ਨਾਲ ਮਾਰਿਆ, ਉਜਾੜਿਆ, ਲੁੱਟਿਆ ਤੇ ਕੁੱਟਿਆ, ਇੱਥੋਂ ਅਥਾਹ ਦੌਲਤ ਸੋਨਾ-ਚਾਂਦੀ ਲੁੱਟ ਕੇ ਲੈ ਜਾਂਦੇ ਰਹੇ ਤੇ ਫਿਰ ਆਪਣੇ ਪੈਰ ਪੱਕੀ ਤਰ੍ਹਾਂ ਜਮਾ ਕੇ ਉਨ੍ਹਾਂ ਇੱਥੇ ਆਪਣਾ ਰਾਜ ਕਾਇਮ ਕੀਤਾ। ਸਿਰਫ ਵੰਸ਼ ਜ਼ਰੂਰ ਬਦਲਦੇ ਰਹੇ ਪਰ ਰਾਜ ਸਦੀਆਂ ਤਕ ਬਦੇਸ਼ੀ ਮੂਲ ਦੇ ਮੁਸਲਮਾਨ ਜਾਂ ਤੁਰਕ ਹਾਕਮਾਂ ਦਾ ਹੀ ਰਿਹਾ। ਉਹ ਯੁੱਗ ਹੈ ਵੀ ਬਾਦਸ਼ਾਹੀ ਯੁੱਗ ਸੀ ਜਿਸ ਉੱਪਰ ਲੋਕਾਈ ਦੀ ਭਲਾਈ ਦਾ ਕੋਈ ਫਰਜ਼ ਘੱਟ ਹੀ ਲਾਗੂ ਹੁੰਦਾ ਸੀ। ਬਦੇਸ਼ੀ ਮੂਲ ਦੇ ਰਾਜ ਵਿਚ ਹਿੰਦੋਸਤਾਨੀ ਲੋਕਾਈ, ਮੂਲ ਮਨੁੱਖੀ ਹੱਕਾਂ ਤੋਂ ਲੱਗਭਗ ਪੂਰੀ ਤਰ੍ਹਾਂ ਵਾਂਝੀ ਹੀ ਰਹੀ। ਬਦੇਸ਼ੀ ਹਾਕਮਾਂ ਨੇ ਉਨ੍ਹਾਂ ਤੋਂ ਇੱਜ਼ਤ ਨਾਲ ਜੀਣ ਦੇ ਸਾਰੇ ਹੱਕ ਖੋਹ ਲਏ ਸਨ। ਹਿੰਦੋਸਤਾਨੀ ਲੋਕ ਜੋ ਪ੍ਰਾਚੀਨ ਕਾਲ ਤੋਂ ਆਪਣੇ ਸਿਰ 'ਤੇ ਪਗੜੀ ਬੰਨ੍ਹਿਆ ਕਰਦੇ ਸਨ, ਹੁਣ ਇਸ ਹੱਕ ਤੋਂ ਮਹਿਰੂਮ ਕਰ ਦਿੱਤੇ ਗਏ। ਸਰਕਾਰੀ ਐਲਾਨ ਕਰ ਦਿੱਤਾ ਗਿਆ ਕਿ ਕੋਈ ਹਿੰਦੂ ਆਪਣੇ ਸਿਰ 'ਤੇ ਪਗੜੀ ਨਹੀਂ ਬੰਨ੍ਹ ਸਕਦਾ। ਉਹ ਘੋੜੇ ਦੀ ਸਵਾਰੀ ਨਹੀਂ ਕਰ ਸਕਦਾ। ਕੋਈ ਹਿੰਦੂ ਭਾਵੇਂ ਉਹ ਕਿੰਨਾ ਵੀ ਧਨਵਾਨ ਕਿਉਂ ਨਾ ਹੋਵੇ ਉਹ ਪਾਲਕੀ ਵਿਚ ਨਹੀਂ ਬੈਠ ਸਕਦਾ। ਇਵੇਂ ਹੀ ਹੋਰ ਵੀ ਅਨੇਕਾਂ ਪਾਬੰਦੀਆਂ ਹਿੰਦੋਸਤਾਨੀ ਲੋਕਾਂ 'ਤੇ ਲਾਗੂ ਕੀਤੀਆਂ ਗਈਆਂ। ਹੋਰ ਤਾਂ ਹੋਰ

ਹਿੰਦੂ ਹੋਣ ਦੇ ਨਾਤੇ ਉਨ੍ਹਾਂ ਨੂੰ ਇਕ ਖਾਸ ਟੈਕਸ ਦੇਣਾ ਪੈਂਦਾ ਸੀ ਜਿਸ ਨੂੰ ਜਜ਼ੀਆ ਕਹਿੰਦੇ ਸਨ। ਤੀਰਥ ਯਾਤਰਾ ਕਰਨ ਦਾ ਅਲੱਗ ਟੈਕਸ ਭਰਨਾ ਪੈਂਦਾ ਸੀ। ਬਦੇਸ਼ੀ ਹਾਕਮਾਂ ਨੇ ਪਾਬੰਦੀਆਂ ਇੰਨੀਆਂ ਜ਼ਿਆਦਾ ਤੇ ਇੰਨੀਆਂ ਸਖ਼ਤ ਕਰ ਦਿੱਤੀਆਂ ਤਾਂ ਕਿ ਹਿੰਦੋਸਤਾਨੀ ਲੋਕ ਆਪਣੇ-ਆਪਣੇ ਧਰਮਾਂ ਦੇ ਦਾਇਰੇ 'ਚੋਂ ਬਾਹਰ ਨਿਕਲ ਆਉਣ ਅਤੇ ਮੁਸਲਮਾਨ ਬਣ ਜਾਣ। ਲੋਕਾਂ ਦਾ ਜੀਣਾ ਬਹੁਤ ਔਖਾ ਕਰ ਕੇ ਉਨ੍ਹਾਂ ਨੂੰ ਜਿਵੇਂ-ਕਿਵੇਂ ਚੰਗਾ ਜਾਂ ਮਾੜਾ ਹਰ ਢੰਗ-ਤਰੀਕਾ ਵਰਤ ਕੇ ਮੁਸਲਮਾਨ ਬਣਾ ਲੈਣਾ ਬਹੁਤੇ ਬਦੇਸ਼ੀ ਮੂਲ ਦੇ ਹਿੰਦੋਸਤਾਨ ਦੇ ਹਾਕਮ ਇਕ 'ਸਵਾਬ' ਜਾਂ ਨੇਕ ਕੰਮ ਸਮਝਦੇ ਰਹੇ ਕਿ ਇਉਂ ਕਰਨ ਨਾਲ ਅੱਲਾਹ ਉਨ੍ਹਾਂ 'ਤੇ ਖੁਸ਼ ਹੋਵੇਗਾ ਤੇ ਉਨ੍ਹਾਂ ਨੂੰ ਜੰਨਤ ਮਿਲੇਗੀ। ਬਦੇਸ਼ੀ ਮੂਲ ਦੇ ਹਾਕਮਾਂ ਦੀ ਇਸ ਸੋਚ ਤੇ ਧਾਰਨਾ ਨੇ ਹਿੰਦੋਸਤਾਨੀ ਲੋਕਾਈ ਦਾ ਆਪਣੇ-ਆਪਣੇ ਧਰਮ ਦੇ ਦਾਇਰੇ ਵਿਚ ਰਹਿਣਾ ਬਹੁਤ ਹੀ ਔਖਾ ਕਰ ਛੱਡਿਆ। ਇਸ ਦੇ ਨਤੀਜੇ ਵਜੋਂ ਬਹੁਤ ਵੱਡੇ ਪੱਧਰ 'ਤੇ ਹਿੰਦੋਸਤਾਨੀ ਲੋਕਾਈ ਨੇ ਮਜਬੂਰੀ ਵੱਸ ਇਸਲਾਮ ਧਰਮ ਨੂੰ ਅਪਣਾ ਲਿਆ।

ਕਈ ਸਦੀਆਂ ਦੀ ਕੌਮੀ ਗ਼ੁਲਾਮੀ ਤੋਂ ਮਗਰੋਂ ਹਿੰਦੋਸਤਾਨ ਦੀ ਧਰਤੀ 'ਤੇ ਸਿੱਖ ਧਰਮ ਦੇ ਸੂਰਜ ਦੇ ਚੜ੍ਹਨ ਨਾਲ ਕੌਮੀ ਅਜ਼ਾਦੀ ਦੀ ਮੰਜ਼ਲ ਨੂੰ ਹਾਸਲ ਕਰਨ ਦੀ ਦਿਸ਼ਾ ਵਿਚ ਪਹਿਲਾ ਕਦਮ ਪੁੱਟਿਆ ਗਿਆ। ਸਿੱਖ ਧਰਮ ਦੇ ਸੰਸਥਾਪਕ ਜਗਤ-ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਹੀ ਸਹੀ ਸੱਚੇ ਰੂਪ ਵਿਚ ਹਿੰਦੋਸਤਾਨੀ ਲੋਕਾਈ ਦੇ ਮੁਕਤੀ-ਦਾਤੇ ਦੇ ਰੂਪ ਵਿਚ ਮੰਨਿਆ ਜਾ ਸਕਦਾ ਹੈ। ਇਸ ਸੱਚਾਈ ਨੂੰ ਸੁਪ੍ਰਸਿੱਧ ਉਰਦੂ ਸ਼ਾਇਰ ਇਕਬਾਲ ਨੇ ਬਿਨਾਂ ਸੰਕੋਚ ਦੇ ਪ੍ਰਵਾਨਿਆ ਹੋਇਆ ਹੈ। ਹਿੰਦੋਸਤਾਨੀ ਕੌਮ ਦੀ ਸਦੀਆਂ ਦੀ ਗੁਲਾਮੀ ਦਾ ਹਕੀਕੀ ਬਿਆਨ ਕਰਨ ਮਗਰੋਂ ਇਹ ਸ਼ਾਇਰ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਸੰਬੰਧੀ ਆਖਦਾ ਹੈ:

ਫਿਰ ਉਠੀ ਆਖਿਰ ਸਦਾਅ, ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਯਾ ਖ਼ਾਬ ਸੇ।

ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਵਿਲੱਖਣਤਮ ਪ੍ਰਤਿਭਾ ਨਾਲ ਆਪਣੀ ਸਾਰੀ ਜ਼ਿੰਦਗੀ ਹਿੰਦੋਸਤਾਨੀ ਲੋਕਾਈ ਦੇ ਬਹੁਪ੍ਰਕਾਰੀ ਗ਼ੁਲਾਮੀ ਦੇ ਬੰਧਨ ਕੱਟਣ ਦੇ ਉਦੇਸ਼ ਨੂੰ ਸਮਰਪਿਤ ਕੀਤੀ। ਗੁਰੂ ਜੀ ਨੇ ਸਰੀਰਿਕ ਚੋਲਾ ਤਿਆਗਣ ਤੋਂ ਪਹਿਲਾਂ ਭਾਈ ਲਹਿਣਾ ਜੀ ਨੂੰ ਗੁਰਮਤਿ ਮਿਸ਼ਨ ਦੀ ਅਗਵਾਈ ਸੌਂਪ ਦਿੱਤੀ। ਇਸ ਪ੍ਰਕਾਰ ਦੋ ਸਦੀਆਂ ਤੋਂ ਵੀ ਵੱਧ ਸਮਾਂ ਗੁਰੂ ਨਾਨਕ ਨਾਮ-ਲੇਵਾ ਸਿੱਖਾਂ ਨੂੰ ਕੁੱਲ ਦਸ ਗੁਰੂ ਸਾਹਿਬਾਨ ਦੇ ਰੂਪ ਵਿਚ ਮੁਕਤੀ-ਦਾਤੇ ਪ੍ਰਾਪਤ ਹੋਏ। ਗੁਰੂ ਨਾਨਕ ਨਾਮ-ਲੇਵਾ ਸਿੱਖ ਕੌਣ ਸਨ? ਉਹ ਸਨ ਉਹੀ ਹਿੰਦੋਸਤਾਨੀ ਜੋ ਅਨੇਕਾਂ ਸਦੀਆਂ ਤਕ ਨਾ ਸਿਰਫ ਰਾਜਸੀ ਗ਼ੁਲਾਮੀ ਸਗੋਂ ਬਹੁਪੱਖੀ ਗ਼ੁਲਾਮੀ ਨੂੰ ਭੋਗਦੇ ਆ ਰਹੇ ਸਨ ਪਰੰਤੂ ਉਹ ਹੁਣ ਮੁਕਤੀ-ਦਾਤਿਆਂ ਦੀ ਸ਼ਰਨ 'ਚ ਆ ਗਏ ਸਨ। ਉਹ ਹੁਣ ਸਿਰਾਂ 'ਤੇ ਦਸਤਾਰ ਸਜਾਉਣ ਲੱਗੇ ਸਨ। ਗੁਰੂ ਸਾਹਿਬਾਨ ਉਨ੍ਹਾਂ ਨੂੰ ਸੱਚਾ ਰੂਹਾਨੀ ਗੁਰਮਤਿ ਗਿਆਨ ਬਖਸ਼ ਰਹੇ ਸਨ। ਸਭ ਤਰ੍ਹਾਂ ਦੇ ਬੰਧਨ ਕੱਟਣ ਵਾਲੀ ਰੱਬੀ ਬਾਣੀ ਦੇ ਵਿਸਮਾਦੀ ਬੋਲ ਸੁਣ ਕੇ ਗੁਰੂ ਨਾਨਕ ਨਾਮ-ਲੇਵਾ

ਸਿੱਖਾਂ ਵਿਚ ਅਜ਼ਾਦ ਜੀਵਨ ਦਾ ਤਸੱਵਰ ਪ੍ਰਪੱਕ ਹੋ ਗਿਆ। 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ', 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ'॥ ਜਿਹੇ ਗੁਰ-ਫ਼ਰਮਾਨ ਉਨ੍ਹਾਂ ਦੇ ਮਨ-ਮਸਤਕ ਵਿਚ ਪੱਕੀ ਤਰ੍ਹਾਂ ਵੱਸ ਗਏ। ਗੁਰੂ ਸਾਹਿਬਾਨ ਤੋਂ ਮਗਰੋਂ ਉਤਰ-ਗੁਰੂ-ਕਾਲ ਵਿਚ ਵੀ ਸਿੱਖ ਪੰਥ ਦਾ ਦੇਸ਼ ਕੌਮ ਦੀ ਸੰਪੂਰਨ ਅਜ਼ਾਦੀ ਹਾਸਲ ਕਰਨ ਦਾ ਗੁਰਮਤਿ ਮਿਸ਼ਨ ਨਿਰੰਤਰ ਚੱਲਦਾ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਨੇ ਬਦੇਸ਼ੀ ਮੂਲ ਦੇ ਹਾਕਮਾਂ ਨੂੰ ਉਨ੍ਹਾਂ ਦੇ ਘੋਰ ਜ਼ੁਲਮਾਂ ਦਾ ਢੁੱਕਵਾਂ ਜਵਾਬ ਦਿੱਤਾ ਤੇ ਪਹਿਲੇ ਖਾਲਸਾਈ ਰਾਜ ਦੀ ਸਥਾਪਨਾ ਕੀਤੀ। ਭਾਵੇਂ ਇਕ ਵਾਰ ਮੁੜ ਕੇ ਸਿੱਖ-ਪੰਥ ਦੀ ਅਜ਼ਾਦੀ ਨੂੰ ਖੋਹਿਆ ਗਿਆ ਪਰ ਸਿੱਖਾਂ ਨੇ ਦੋ ਘੱਲੂਘਾਰੇ ਆਪਣੇ ਪਿੰਡੇ 'ਤੇ ਹੰਢਾ ਕੇ ਅਤੇ ਅਠਾਰ੍ਹਵੀਂ ਸਦੀ ਦਾ ਲੰਬਾ ਸਮਾਂ ਮੁਗਲਾਂ ਅਤੇ ਅਫਗਾਨਾਂ ਦੇ ਸਿੱਖ ਨਸਲਕੁਸ਼ੀ ਦੇ ਹਮਲਿਆਂ ਤੋਂ ਬਚਾਅ ਕਰਨ ਲਈ ਜੰਗਲਾਂ ਤੇ ਰੇਗਿਸਤਾਨਾਂ ਵਿਚ ਗੁਜ਼ਾਰ ਕੇ ਵੀ ਆਪਣੀ ਅਜ਼ਾਦੀ ਅਤੇ ਦੇਸ਼-ਕੌਮ ਦੀ ਅਜ਼ਾਦੀ ਦਾ ਸੁਪਨਾ ਪਾਲੀ ਰੱਖਿਆ। ਓੜਕ ਨੂੰ ਸਿੱਖ ਮਿਸਲਾਂ ਦੇ ਰਾਜ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ ਕਾਇਮ ਹੋਇਆ ਜਿਸ ਵਿਚ ਹਿੰਦੋਸਤਾਨੀ ਲੋਕਾਈ ਦੇ ਇਕ ਵੱਡੇ ਹਿੱਸੇ ਨੇ ਅਜ਼ਾਦ ਫਿਜ਼ਾ ਵਿਚ ਸਾਹ ਲੈਣ ਦਾ ਅਨੰਦਮਈ ਅਨੁਭਵ ਹਾਸਲ ਕੀਤਾ।

ਪਰ ਅਫਸੋਸ! ਦੁਖਦਾਇਕ ਹਾਲਤਾਂ ਵਿਚ ਇਹ ਅਜ਼ਾਦੀ ਲੋਕਾਈ ਕੋਲੋਂ ਦੁਨੀਆਂ ਦੀ ਸਭ ਤੋਂ ਸ਼ਾਤਰ ਅੰਗਰੇਜ਼ ਕੌਮ ਨੇ ਖੋਹ ਲਈ ਭਾਵੇਂ ਕਿ ਇਸ ਵਿਚ ਸਾਡੇ ਦੇਸ਼ ਦੇ ਗਦਾਰ ਤੇ ਗੀਦੀ ਲੋਕਾਂ ਦਾ ਵੀ ਕਸੂਰ ਸੀ। ਅੰਗਰੇਜ਼ ਹਾਕਮਾਂ ਤੋਂ ਅਜ਼ਾਦੀ ਮੁੜ ਹਾਸਲ ਕਰਨਾ ਇਕ ਬਹੁਤ ਔਖਾ ਕਾਰਜ ਸੀ। ਹਿੰਦੋਸਤਾਨੀ ਕੌਮ ਨੇ ਇਹ ਅਜ਼ਾਦੀ ਹਾਸਲ ਕਰਨ ਵਾਸਤੇ ਜੋ ਅਜ਼ਾਦੀ ਦੀ ਲੜਾਈ ਲੜੀ ਉਸ ਵਿਚ ਗੁਰੂ ਨਾਨਕ ਨਾਮ-ਲੇਵਾ ਸਿੱਖਾਂ ਦਾ ਹਿੱਸਾ ਖਾਸ ਤੌਰ 'ਤੇ ਭਰਪੂਰ ਤੇ ਯਾਦਗਾਰੀ ਰਿਹਾ। ਅਜ਼ਾਦੀ ਦੀ ਲੜਾਈ ਦੌਰਾਨ ਕੁਝ ਕੌਮੀ ਆਗੂਆਂ ਨੇ ਸਿੱਖ ਆਗੂਆਂ ਦੀਆਂ ਤੇ ਉਨ੍ਹਾਂ ਦੀ ਕੌਮ ਦੀਆਂ ਕੁਰਬਾਨੀਆਂ ਦਾ ਗੁਣ-ਗਾਇਨ ਤਕ ਵੀ ਕੀਤਾ। ਇਸ ਦੇ ਸਿੱਟੇ ਵਜੋਂ ਉਸ ਸਮੇਂ ਦੇ ਸਿੱਖ ਆਗੂਆਂ ਨੇ ਅਲੱਗ ਸਿੱਖ ਰਾਜ ਨੂੰ ਲੈਣ ਦਾ ਖ਼ਿਆਲ ਛੱਡਦਿਆਂ ਭਾਰਤ ਨਾਲ ਆਪਣੀ ਤਕਦੀਰ ਨੂੰ ਜੋੜਨ ਦਾ ਫੈਸਲਾ ਲਿਆ। ਦੇਸ਼ ਦੇ ਕੌਮੀ ਆਗੂਆਂ ਨੇ ਸਿੱਖ ਆਗੂਆਂ ਨੂੰ ਇਹ ਭਰੋਸਾ ਦਿੱਤਾ ਸੀ ਕਿ ਸਿੱਖਾਂ ਦਾ ਅਜ਼ਾਦ ਭਾਰਤ ਵਿਚ ਪੂਰਾ ਸਨਮਾਨਯੋਗ ਸਥਾਨ ਹੋਵੇਗਾ ਅਤੇ ਜੇਕਰ ਉਨ੍ਹਾਂ ਨੂੰ ਕਿਸੇ ਵੇਲੇ ਵੀ ਇਸ ਵਿਚ ਕੋਈ ਘਾਟ ਨਜ਼ਰ ਆਏ ਤਾਂ ਉਹ ਮੁੜ ਅਲੱਗ ਸਿੱਖ ਰਾਜ ਲੈ ਸਕਣਗੇ ਅਤੇ ਉਨ੍ਹਾਂ ਨੂੰ ਇਹ ਹੱਕ ਵੀ ਹੋਵੇਗਾ। ਪਰੰਤੂ ਅਫਸੋਸ! ਦੇਸ਼ ਦੇ ਕੌਮੀ ਆਗੂ ਸੱਤਾਧਾਰੀ ਹੁੰਦਿਆਂ ਹੀ ਸਿੱਖਾਂ ਦੀਆਂ ਦੇਸ਼ ਦੀ ਅਜ਼ਾਦੀ ਹਿੱਤ ਕੀਤੀਆਂ ਕੁਰਬਾਨੀਆਂ ਨੂੰ ਭੁੱਲਣ ਲੱਗੇ। ਫਿਰ ਉਨ੍ਹਾਂ ਨੇ ਅੱਖਾਂ ਹੀ ਫੇਰ ਲਈਆਂ। ਫਿਰ ਸਿੱਖਾਂ ਨੂੰ ਇਹ ਵੀ ਕਿਹਾ ਗਿਆ ਕਿ ਹੁਣ ਹਾਲਾਤ ਬਦਲ ਗਏ ਹਨ।

ਅਜ਼ਾਦ ਭਾਰਤ ਵਿਚ ਸਿੱਖ ਕੌਮ ਨੂੰ ਕਈ ਦਹਾਕਿਆਂ ਤੋਂ ਕਈ ਪ੍ਰਕਾਰ ਦੇ

ਅਨਿਆਂ, ਜ਼ੁਲਮ ਤੇ ਜਬਰ ਦਾ ਸ਼ਿਕਾਰ ਹੋਣਾ ਪਿਆ ਹੈ। ਸੰਨ ੧੯੮੪ ਵਿਚ ਜੂਨ ਮਹੀਨੇ 'ਚ ਉਨ੍ਹਾਂ ਦੇ ਕੇਂਦਰੀ ਧਰਮ-ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਦੁਆਰਾ ਸਥਾਪਿਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤਾ ਗਿਆ ਫੌਜੀ ਹਮਲਾ ਇਸ ਜਬਰ ਦੀ ਸਿਖਰ ਹੈ। ਫਿਰ ਨਵੰਬਰ ੮੪ ਵਿਚ ਦਿੱਲੀ ਅਤੇ ਹੋਰ ਕਈ ਵੱਡੇ ਸ਼ਹਿਰਾਂ ਵਿਚ ਸਿੱਖ- ਨਸਲਕੁਸ਼ੀ ਸਮੇਂ ਦੀ ਸ਼ਾਸਕ ਪਾਰਟੀ ਨੇ ਆਪਣੀ ਸ਼ਹਿ ਤੇ ਸਰਪ੍ਰਸਤੀ 'ਚ ਕਰਵਾਈ। ਸਿੱਖ ਬੀਬੀਆਂ ਨੂੰ ਬੇਇੱਜ਼ਤ ਤਕ ਕੀਤਾ ਗਿਆ। ਨਸਲਕੁਸ਼ੀ ਹਮਲੇ ਕਰਨ ਵਾਲਿਆਂ 'ਚੋਂ ਕਿਸੇ ਇਕ ਦੋਸ਼ੀ ਨੂੰ ਵੀ ਸਜ਼ਾ ਨਹੀਂ ਦਿੱਤੀ ਜਾ ਸਕੀ ਜਦਕਿ ਨਸਲਕੁਸ਼ੀ ਦੀਆਂ ਯੋਜਨਾਵਾਂ ਬਣਾਉਣ ਵਾਲੇ ਆਗੂ ਸੁਖ-ਅਰਾਮ ਭੋਗ ਰਹੇ ਹਨ।

ਇਸ ਤਰ੍ਹਾਂ ਹਰ ਵਰ੍ਹੇ ਅਗਸਤ ਦੇ ਮਹੀਨੇ ਜਦੋਂ ਦੇਸ਼ ਅਜ਼ਾਦੀ ਦੇ ਜਸ਼ਨ ਮਨਾਉਂਦਾ ਹੈ ਤਾਂ ਸੁਹਿਰਦ, ਮਿਹਨਤੀ ਤੇ ਸੱਚੀ ਦੇਸ਼-ਭਗਤੀ ਦੀ ਭਾਵਨਾ ਰੱਖਣ ਵਾਲੀ ਸਿੱਖ ਕੌਮ ਦੀ ਮਾਨਸਿਕਤਾ, ਉਸ ਦੀ ਸੰਵੇਦਨਾ ਪੀੜਤ ਹੋਣੀ ਕੁਦਰਤੀ ਹੈ। ਸਿੱਖਾਂ ਨਾਲ ਜਬਰ-ਜ਼ੁਲਮ ਤੇ ਅਨਿਆਂ ਦਾ ਦੌਰ ਕਦੋਂ ਖ਼ਤਮ ਹੋਵੇਗਾ— ਇਹ ਸਵਾਲ ਹਰੇਕ ਸੰਵੇਦਨਸ਼ੀਲ ਸਿੱਖ ਦੇ ਮਨ-ਮਸਤਕ ਵਿਚ ਪੈਦਾ ਹੋਣਾ ਸੁਭਾਵਿਕ ਹੈ। ਇਸ ਜਬਰ-ਜ਼ੁਲਮ ਤੇ ਅਨਿਆਂ ਦੀ ਸਭ ਤੋਂ ਤਾਜ਼ੀ ਉਦਾਹਰਣ ਕੇਂਦਰੀ ਗ੍ਰਹਿ ਮੰਤਰਾਲੇ ਦੀ ਸਿਫਾਰਿਸ਼ 'ਤੇ ਦੇਸ਼ ਦੀ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਕਾਇਮ ਰੱਖਣਾ ਹੈ ਜੋ ਵਰਤਮਾਨ ਸਮੇਂ ਦਾ ਇਕ ਭਖਦਾ ਮਸਲਾ ਹੈ। ਉੱਪਰੋਂ ਕੇਂਦਰੀ ਗ੍ਰਹਿ ਮੰਤਰੀ ਸਿੱਖਾਂ ਨੂੰ ਆਪਣੇ ਨਾਲ ਹੋਏ ਅਨਿਆਂ ਨੂੰ ਭੁੱਲ ਜਾਣ ਦੇ ਸੁਝਾਅ ਤੇ ਸਲਾਹ ਦੇ ਕੇ ਉਨ੍ਹਾਂ ਦੇ ਦੁਖੇ ਹੋਏ ਹਿਰਦਿਆਂ 'ਤੇ ਲੂਣ ਧੂੜ ਰਹੇ ਹਨ। ਅਜ਼ਾਦੀ ਦੇ ਜਸ਼ਨ ਮਨਾਉਂਦਿਆਂ ਸੱਤਾਧਾਰੀਆਂ ਨੂੰ ਸਿੱਖਾਂ ਸਮੇਤ ਦੇਸ਼ ਦੀਆਂ ਸਾਰੀਆਂ ਘੱਟ-ਗਿਣਤੀਆਂ ਨੂੰ ਰੱਖਿਆ-ਸੁਰੱਖਿਆ ਅਤੇ ਨਿਆਂ ਦੇਣ ਵਾਸਤੇ ਸੁਹਿਰਦ ਸੋਚ ਧਾਰਨ ਕਰਨੀ ਚਾਹੀਦੀ ਹੈ। ਸੱਤਾਧਾਰੀਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਹੀ ਸੋਚ ਉਨ੍ਹਾਂ ਦੇ ਆਪਣੇ ਹਿੱਤ ਵਿਚ ਵੀ ਹੈ ਅਤੇ ਇਸ ਤੋਂ ਵਧ ਕੇ ਸਾਰੇ ਦੇਸ਼ ਦੇ ਹਿੱਤ ਵਿਚ। ਦੇਸ਼ ਦੀ ਅਜ਼ਾਦੀ ਵਾਸਤੇ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੇ ਸਿੱਖਾਂ ਨੂੰ ਅਜ਼ਾਦੀ ਤੋਂ ਵਾਂਝੇ ਰੱਖਣਾ ਕਦਾਚਿਤ ਵੀ ਯੋਗ ਨਹੀਂ। ਸੱਤਾਧਾਰੀਆਂ ਨੂੰ ਆਪਣੀਆਂ ਗ਼ਲਤੀਆਂ ਨੂੰ ਸੁਧਾਰਨ ਵਾਸਤੇ ਸੁਹਿਰਦ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਇਤਿਹਾਸ ਨੂੰ ਨਹੀਂ ਭੁੱਲਣਾ ਚਾਹੀਦਾ। ਬੀਤੇ ਇਤਿਹਾਸ ਨੂੰ ਪੜ੍ਹ-ਵਾਚ ਕੇ ਵਰਤਮਾਨ ਵਿਚ ਉਚਿਤ ਸੇਧ ਲੈਣੀ ਯੋਗ ਹੋਵੇਗੀ। ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਐ ਦੇਸ਼ ਦੇ ਸ਼ਾਸਕੋ, ਪ੍ਰਸ਼ਾਸਕੋ! ਦੇਸ਼ ਦੀ ਅਜ਼ਾਦੀ ਵਾਸਤੇ ਸਦੀਆਂ ਦੇ ਵਿਚ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਨੂੰ ਵੀ ਅਜ਼ਾਦ ਫਿਜ਼ਾ ਵਿਚ ਸਾਹ ਲੈਣ ਦਿਓ! ਗੁਰੂ ਸਾਹਿਬਾਨ ਦੀ ਸਾਜੀ-ਨਿਵਾਜੀ ਇਸ ਕੌਮ ਨੂੰ ਦੁਨੀਆਂ ਦੀ ਕੋਈ ਤਾਕਤ ਵੀ ਅੱਜ ਤਕ ਨਾ ਗ਼ੁਲਾਮ ਰੱਖ ਸਕੀ ਹੈ, ਨਾ ਹੀ ਰੱਖ ਸਕੇਗੀ। ਪੂਰਨ ਅਜ਼ਾਦੀ ਹਾਸਲ ਕਰਨ ਤਕ ਸਿੱਖ ਸੰਘਰਸ਼ ਜਾਰੀ ਰਹੇਗਾ! ■

ਸ੍ਰੀ ਗੁਰੂ ਗ੍ਰੰਥ ਸਾਹਿਬ: ਟੀਕੇ ਅਤੇ ਅਨੁਵਾਦ

*-ਡਾ. ਪਰਮਵੀਰ ਸਿੰਘ**

ਗੁਰਮਤਿ ਪਰੰਪਰਾ ਨੂੰ ਸਮੁੱਚੇ ਤੌਰ ਤੇ ਸਮਝਣ ਲਈ ਗੁਰ-ਇਤਿਹਾਸ ਅਤੇ ਗੁਰ-ਸਿਧਾਂਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਗੁਰ-ਇਤਿਹਾਸ ਨੂੰ ਵਿਸਤਰਿਤ ਰੂਪ ਦੇਣ ਲਈ ਜਨਮ-ਸਾਖੀਆਂ ਤੇ ਗੁਰ-ਬਿਲਾਸ ਹੋਂਦ ਵਿਚ ਆਏ ਅਤੇ ਗੁਰ-ਸਿਧਾਂਤ ਦੀ ਸਮਝ ਲਈ ਗੁਰੂ ਸਹਿਬਾਨ ਨੇ ਗੁਰਬਾਣੀ ਦੀ ਰਚਨਾ ਕੀਤੀ। ਗੁਰਬਾਣੀ ਸਿੱਖ ਦੀ ਜੀਵਨ-ਜਾਚ ਦਾ ਕੇਂਦਰ-ਬਿੰਦੂ ਹੈ। ਇਸ ਵਿਚ ਦਰਸਾਏ ਸਿਧਾਂਤਾਂ ਅਨੁਸਾਰ ਹੀ ਸਿੱਖ ਨੇ ਆਪਣਾ ਜੀਵਨ ਉਦੇਸ਼ ਨਿਰਧਾਰਿਤ ਅਤੇ ਹਾਸਲ ਕਰਨਾ ਹੈ। ਇਸ ਕਰਕੇ ਗੁਰਬਾਣੀ ਦੀ ਸੋਝੀ ਸਿੱਖ ਦੇ ਜੀਵਨ ਦਾ ਪ੍ਰਮੁੱਖ ਪਹਿਲੂ ਹੈ। ਗੁਰਬਾਣੀ ਨੂੰ ਅਧਿਆਤਮਿਕਤਾ ਦਾ ਗ੍ਰੰਥ ਮੰਨਦੇ ਹੋਏ ਇਸ ਨੂੰ 'ਇਹ ਬਾਣੀ ਮਹਾ ਪੁਰਖ ਕੀ' ਕਿਹਾ ਗਿਆ ਹੈ ਜਿਸ ਦੀ ਵਿਚਾਰ ਉਹੀ ਕਰ ਸਕਦਾ ਹੈ 'ਜੇ ਕੋ ਗੁਰਮੁਖਿ ਹੋਇ'। ਗੁਰਬਾਣੀ 'ਧੁਰ ਕੀ ਬਾਣੀ' ਹੈ। ਆਤਮ-ਅਨੁਭਵ ਰਾਹੀਂ ਪਰਮਸਤਿ ਤਕ ਪਹੁੰਚਿਆ ਜਾ ਸਕਦਾ ਹੈ। 'ਕਹੁ ਕਬੀਰ ਗੁੰਗੈ ਗੁੜ ਖਾਇਆ ਪੂਛੈ ਤੇ ਕਿਆ ਕਹੀਐ' ਵਾਲੀ ਅਵਸਥਾ ਹੈ। ਇਸ ਦਾ ਭਾਵ ਇਹ ਨਹੀਂ ਲੈਣਾ ਚਾਹੀਦਾ ਕਿ ਗੁਰਬਾਣੀ ਮਨੁੱਖੀ ਸਮਝ ਤੋਂ ਪਰ੍ਹੇ ਦੀ ਗੱਲ ਹੈ। ਗੁਰਬਾਣੀ ਦੀ ਵਿਆਖਿਆ ਗੁਰੂ-ਕਾਲ ਵਿਚ ਹੀ ਅਰੰਭ ਹੋਈ। ਕੁਝ ਕੁ ਵਿਆਖਿਆ ਤਾਂ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਹੀ ਕਰ ਦਿੱਤੀ ਸੀ ਜਿਸ ਨੂੰ 'ਸਹਜ ਪ੍ਰਣਾਲੀ' ਦਾ ਨਾਮ ਦਿੱਤਾ ਗਿਆ ਹੈ। ਗੁਰੂ ਸਾਹਿਬਾਨ ਅਤੇ ਭਗਤਾਂ ਨੇ ਦਲੀਲ ਭਰਪੂਰ ਯਤਨਾਂ ਸਦਕਾ ਹੀ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਬਾਹਰ ਕੱਢਿਆ ਸੀ। ਗੁਰੂ-ਘਰ ਆਉਣ ਵਾਲੇ ਜਨ-ਸਾਧਾਰਨ ਵੀ ਬਾਣੀ ਨਾਲ ਜੁੜ ਰਹੇ ਸਨ ਅਤੇ ਉਨ੍ਹਾਂ ਦੀ ਇੱਛਾ ਸੀ ਕਿ ਇਸ ਨੂੰ ਹੋਰ ਵਧੇਰੇ ਖੋਲ੍ਹ ਕੇ ਸਮਝਿਆ ਜਾਵੇ ਅਤੇ ਉਨ੍ਹਾਂ ਇਹ ਇੱਛਾ ਗੁਰੂ ਜੀ ਅੱਗੇ ਵੀ ਪ੍ਰਗਟ ਕਰ ਦਿੱਤੀ:

ਇਕ ਦਿਨ ਸਿੱਖਨ ਇਹੁ ਬਿਨਤੀ ਥੀ ਗੁਰੂ ਅਰਜਨ ਢਿਗ ਕੀਨੀ।
ਗੁਰੂ ਗ੍ਰੰਥ ਕੀ ਬਾਨੀ ਕੇਰਾ ਪਾਠ ਜਬੈ ਹਮ ਕਰਹੈਂ।
ਮਨ ਪ੍ਰਸੰਨਯ ਹੋਤ ਨਹਿ ਤਹਿ ਜਹਿ ਅਰਥ ਸਮਝ ਨਾ ਪਰਹੈ।
ਤਾਂਤੇ ਆਪ ਦੀਜੀਏ ਕਰ ਅਬ ਗੁਰੁ ਬਾਨੀ ਪਰ ਟੀਕਾ।
ਜਾਤੈ ਅਰਥ ਸਮਝ ਕੈ ਸਿਖ ਸਬ ਸੁਖ ਹਮੇਸ਼ ਲਹਿ ਨੀਕਾ।

* *ਰੀਡਰ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: ੯੮੭੨੦-੭੪੩੨੨*

ਸੁਨ ਗੁਰੁ ਕਹਯੋ ਏਹੁ ਗੁਰੁ ਨਾਨਕ ਪਾਰ ਬ੍ਰਹਮ ਕੀ ਬਾਨੀ।
ਹਮ ਇਸ ਪਰ ਕਰ ਸਕੈਂ ਨ ਟੀਕਾ ਅਨਭਵ ਰੂਪ ਮਹਾਂਨੀ।
ਗੁਰੁ ਮੁਖ ਸਿੱਖਨ ਕੀ ਰਸਨਾ ਪਰ ਟੀਕਾ ਇਸ ਕਾ ਰੈਹੈ।
ਬਾਂਛਿਤ ਅਰਥ ਮਿਲੈਗੋ ਸਬ ਕੋ ਕਲਮ ਹੇਠ ਨਾ ਐਹੈ।[੧]

ਪੰਡਤ ਨਰੈਣ ਸਿੰਘ ਜੀ ਦਸਦੇ ਹਨ ਕਿ ਸਿੱਖਾਂ ਦੀ ਬੇਨਤੀ ਪ੍ਰਵਾਨ ਕਰਕੇ ਗੁਰੂ ਜੀ ਨੇ "ਭਾਈ ਗੁਰਦਾਸ ਜੀ ਨੂੰ ਹੁਕਮ ਦਿੱਤਾ ਭਾਈ ਜੀ, ਤੁਸੀਂ ਰੋਜ਼ ਮਹਾਰਾਜ ਜੀ ਦੀ ਕਥਾ ਕਰਕੇ ਸੁਣਾਯਾ ਕਰੋ। ਸਤਿਗੁਰੂ ਜੀ ਦੀ ਆਗਿਆ ਤੇ ਥਾਪੀ ਲੈ ਕੇ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਅਰੰਭੀ।"[੨] ਭਾਈ ਗੁਰਦਾਸ ਜੀ ਤੋਂ ਬਾਅਦ ਗੁਰੂ-ਘਰ ਵਿਚ ਗੁਰਬਾਣੀ ਵਿਆਖਿਆ ਦਾ ਕਾਰਜ ਨਿਰੰਤਰ ਜਾਰੀ ਰਿਹਾ। 'ਗੁਰੂ ਕੀਆਂ ਸਾਖੀਆਂ' ਦਾ ਕਰਤਾ ਦੱਸਦਾ ਹੈ ਕਿ ਜਿਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸੇ ਦੀ ਸਿਰਜਨਾ ਕੀਤੀ ਗਈ ਉਸ ਦਿਨ "ਸੁਬ੍ਹਾ ਰਬਾਬੀਆਂ ਸ੍ਰੀ ਆਸਾ ਜੀ ਕੀ ਵਾਰ ਕਾ ਕੀਰਤਨ ਕਰਾ। ਪਸ਼ਚਾਤ ਭਾਈ ਮਨੀ ਰਾਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਏਕ ਸ਼ਬਦ ਕੀ ਕਥਾ ਕੀ।"[੩] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਭਿੰਨ ਭਾਸ਼ਾਵਾਂ ਦੇ ਅਰਥ ਮਿਲਦੇ ਹਨ। ਜ਼ਰੂਰੀ ਨਹੀਂ ਕਿ ਗੁਰਬਾਣੀ ਪੜ੍ਹਨ ਅਤੇ ਸਮਝਣ ਵਾਲੇ ਨੂੰ ਉਨ੍ਹਾਂ ਸਭ ਅੱਖਰਾਂ ਦਾ ਗਿਆਨ ਹੋਵੇ। ਜਦੋਂ ਅੱਖਰਾਂ ਦੇ ਅਰਥ ਗੁੱਝੇ ਹੋਣ ਤਾਂ ਉਨ੍ਹਾਂ ਦੀ ਸੋਝੀ ਹੋਰ ਵਧੇਰੇ ਔਖੀ ਹੋ ਜਾਂਦੀ ਹੈ। ਗੁਰਬਾਣੀ ਦੀ ਸੋਝੀ ਰੱਖਣ ਵਾਲੇ ਵਿਦਵਾਨਾਂ ਨੇ ਗੁਰਬਾਣੀ ਅਰਥਾਂ ਨੂੰ ਵਿਸਤਾਰ ਦੇਣ ਦਾ ਕਾਰਜ ਕੀਤਾ ਜਿਸ ਦੇ ਸਿੱਟੇ ਵਜੋਂ ਪ੍ਰਯਾਯ, ਕੋਸ਼, ਨਿਰੁਕਤ, ਭਾਸ਼, ਟੀਕੇ ਆਦਿ ਸਾਹਮਣੇ ਆਏ। ਕਈ ਵਾਰ ਗੁਰਬਾਣੀ ਵਿਆਖਿਆ ਲਈ ਇਨ੍ਹਾਂ ਵੱਖ-ਵੱਖ ਪੱਧਤੀਆਂ ਦੀ ਲੋੜ ਪੈਂਦੀ ਹੈ ਇਸ ਕਰਕੇ ਇਨ੍ਹਾਂ ਸਭ ਦਾ ਦਰਸ਼ਨ ਕਈ ਵਾਰ ਇੱਕੋ ਰਚਨਾ ਵਿਚ ਹੋ ਜਾਂਦਾ ਹੈ। ਇੱਥੇ ਗੁਰਬਾਣੀ ਟੀਕਿਆਂ ਬਾਰੇ ਜਾਣਕਾਰੀ ਹਾਸਲ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਟੀਕਾ ਕਿਸ ਨੂੰ ਕਹਿੰਦੇ ਹਨ? ਭਾਈ ਕਾਨ੍ਹ ਸਿੰਘ ਜੀ ਨਾਭਾ ਟੀਕੇ ਦਾ ਅਰਥ ਦੱਸਦੇ ਹਨ - ਬਿਆਨ ਕਰਨਾ।[੪] ਇਨ੍ਹਾਂ ਅਰਥਾਂ ਵਿਚ ਕਿਸੇ ਸ਼ਬਦ ਨੂੰ ਖੋਲ੍ਹ ਕੇ ਬਿਆਨ ਕਰਨ ਨੂੰ ਟੀਕਾ ਕਿਹਾ ਜਾ ਸਕਦਾ ਹੈ। ਹਿੰਦੂ ਧਰਮ ਵਿਚ ਪੰਡਿਤ ਇਹ ਕਾਰਜ ਕਰਦਾ ਸੀ ਜੋ ਕਿ ਸੰਸਕ੍ਰਿਤ ਵਿਚ ਲਿਖੇ ਗ੍ਰੰਥਾਂ ਨੂੰ ਖੋਲ੍ਹ ਕੇ ਲੋਕਾਂ ਤਕ ਪਹੁੰਚਾਉਣ ਦਾ ਕਾਰਜ ਕਰਦਾ ਸੀ - ਮੁਖ ਤੇ ਪੜਤਾ ਟੀਕਾ ਸਹਿਤ॥ ਟੀਕੇ ਦਾ ਵਿਆਖਿਆ ਨਾਲੋਂ ਫਰਕ ਹੈ, 'ਟੀਕਾ' ਕਿਸੇ ਸ਼ਬਦ ਨੂੰ ਸੰਖੇਪ ਰੂਪ ਵਿਚ ਸਮਝਾਉਣ ਦਾ ਕਾਰਜ ਕਰਦਾ ਹੈ ਅਤੇ 'ਵਿਆਖਿਆ' ਸ਼ਬਦ ਨੂੰ ਵਿਸਥਾਰ ਪੂਰਵਕ ਪੇਸ਼ ਕਰਨ ਦਾ ਕਾਰਜ ਕਰਦੀ ਹੈ। ਪਿਆਰਾ ਸਿੰਘ ਪਦਮ ਕਹਿੰਦੇ ਹਨ ਕਿ ਟੀਕੇ ਦਾ ਭਾਵ ਹੈ "ਕਿਸੇ ਮੂਲ ਰਚਨਾ ਦੇ ਭਾਵ ਵੱਲ ਤੁਰਨਾ ਜਾਂ ਜਾਣਾ। ਵਿਆਖਿਆਕਾਰੀ ਇਸ ਤੋਂ

ਅਗਲਾ ਕਦਮ ਹੈ ਜੋ ਸ਼ਬਦਾਂ ਦੇ ਅਰਥ ਉਪਰੰਤ ਪਰੰਪਰਾ ਤੇ ਪ੍ਰਸੰਗ ਸਹਿਤ ਗੁੱਝੇ ਭਾਵ ਸਵਿਸਤਾਰ ਪ੍ਰਗਟਾਉਣ ਦਾ ਉਪਰਾਲਾ ਕਰਦਾ ਹੈ। ''[੫] ਟੀਕੇ ਅਤੇ ਵਿਆਖਿਆ ਵਿਚ ''ਵਿਸਤਾਰ ਅਤੇ ਆਕਾਰ ਦਾ ਅੰਤਰ ਹੁੰਦਾ ਹੈ। ਟੀਕਾ ਆਕਾਰ ਦੇ ਪੱਖੋਂ ਸੰਖੇਪ ਅਤੇ ਸਰਲ ਹੁੰਦਾ ਹੈ ਜਦਕਿ ਵਿਆਖਿਆ ਵਿਸਤਾਰ-ਪੂਰਵਕ ਅਤੇ ਭਾਵ-ਪੂਰਵਕ ਹੁੰਦੀ ਹੈ। ਵਿਆਖਿਆ ਵੈਸੇ ਗੰਭੀਰ ਅਤੇ ਸਾਰਥਕ ਨਹੀਂ ਹੁੰਦੀ। ਬਹੁਤੀਆਂ ਵਿਆਖਿਆਵਾਂ ਲਫ਼ਾਜ਼ੀ ਦਾ ਸ਼ਿਕਾਰ ਹੋ ਜਾਂਦੀਆਂ ਹਨ। ''[੬]

ਇਹ ਲੇਖ ਅਨੁਵਾਦ ਅਤੇ ਟੀਕਾਕਾਰੀ ਨਾਲ ਸੰਬੰਧਿਤ ਹੈ ਇਸ ਕਰ ਕੇ ਇਸ ਵਿਸ਼ੇ ਬਾਰੇ ਅੱਗੇ ਵਧਣ ਤੋਂ ਪਹਿਲਾਂ ਅਨੁਵਾਦ ਅਤੇ ਟੀਕਾਕਾਰੀ ਦੇ ਮੁੱਢਲੇ ਫਰਕ ਬਾਰੇ ਜਾਣ ਲੈਣਾ ਅਯੋਗ ਨਹੀਂ ਹੋਵੇਗਾ। ਟੀਕਾਕਾਰੀ ਦਾ ਅਨੁਵਾਦ ਨਾਲੋਂ ਫਰਕ ਹੈ। ਅਨੁਵਾਦ ਦਾ ਕਾਰਜ ਵੀ ਭਾਵੇਂ ਬਹੁਤਾ ਸੌਖਾ ਨਹੀਂ ਹੈ। ਇਸ ਵਿਚ ਸ਼ਬਦ ਦੀ ਮੂਲ ਭਾਵਨਾ ਨੂੰ ਇਕ ਭਾਸ਼ਾ ਵਿੱਚੋਂ ਕੱਢ ਕੇ ਦੂਜੀ ਭਾਸ਼ਾ ਵਿਚ ਪਰੋਣਾ ਹੁੰਦਾ ਹੈ। ਅਨੁਵਾਦ ਵਿਚ ਸੌਖ ਇਹ ਹੈ ਕਿ ਇਸ ਵਿਚ ਮੂਲ ਖਰੜਾ ਸਾਹਮਣੇ ਹੁੰਦਾ ਹੈ ਅਤੇ ਉਸੇ ਨੂੰ ਖਰੜੇ ਦੀ ਮੂਲ ਭਾਵਨਾ ਅਨੁਸਾਰ ਬਦਲਣਾ ਹੁੰਦਾ ਹੈ। ਇਸ ਕਾਰਜ ਲਈ ਦੋ ਭਾਸ਼ਾਵਾਂ ਦਾ ਗਿਆਨ ਹੋਣਾ ਲਾਜ਼ਮੀ ਹੈ। ਟੀਕਾਕਾਰੀ ਅਨੁਵਾਦ ਤੋਂ ਔਖਾ ਕਾਰਜ ਹੈ। ਇਸ ਵਿਚ ਖਰੜੇ ਦੀ ਭਾਸ਼ਾ ਦਾ ਗਹਿਨ ਅਧਿਐਨ ਜ਼ਰੂਰੀ ਹੈ। ਕਈ ਵਾਰ ਇਕ ਖਰੜੇ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਦੇ ਸ਼ਬਦ ਵਰਤੇ ਹੁੰਦੇ ਹਨ ਜੋ ਕਿ ਸਮਾਂ ਪੈਣ ਨਾਲ ਲੋਕ-ਚੇਤਨਾ ਵਿੱਚੋਂ ਵਿੱਸਰ ਜਾਂਦੇ ਹਨ। ਇਸ ਵਿਚ ਭਾਸ਼ਾ ਦੇ ਮੂਲ ਧਾਤੂ ਅਤੇ ਉਸ ਦੀ ਵਰਤੋਂ ਦੇ ਪਿਛੋਕੜ ਬਾਰੇ ਜਾਣਕਾਰੀ ਦੇ ਨਾਲ-ਨਾਲ ਚੱਲ ਰਹੇ ਵਿਸ਼ੇ ਨਾਲ ਸੰਬੰਧਤ ਵਿਗਿਆਨਾਂ ਦੀ ਜਾਣਕਾਰੀ ਵੀ ਜ਼ਰੂਰੀ ਹੋਣੀ ਚਾਹੀਦੀ ਹੈ, ਜਿਵੇਂ ਇਕ ਸ਼ਬਦ ਹੈ 'ਕਰਮ' ਜਦੋਂ ਇਸ ਦੀ ਵਰਤੋਂ ਸੰਸਕ੍ਰਿਤ ਭਾਸ਼ਾ ਅਨੁਸਾਰ ਕੀਤੀ ਜਾਂਦੀ ਹੈ ਤਾਂ ਇਸ ਦੇ ਅਰਥ 'ਕੰਮ' ਨਾਲ ਸੰਬੰਧਿਤ ਕੀਤੇ ਜਾਂਦੇ ਹਨ - ਕਰਮ ਕਰਤ ਹੋਵੈ ਨਿਹਕਰਮ॥ ਪਰ ਜਦੋਂ ਇਹੀ ਸ਼ਬਦ ਅਰਬੀ ਭਾਸ਼ਾ ਦੇ ਸੰਦਰਭ ਵਿਚ ਆਉਂਦਾ ਹੈ ਤਾਂ ਅਰਥ ਬਣ ਜਾਂਦਾ ਹੈ ਕਿਰਪਾ, ਮਿਹਰਬਾਨੀ ਆਦਿ - ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ਚੱਲ ਰਹੇ ਸੰਦਰਭ ਅਨੁਸਾਰ ਅਰਥ ਕਰਨੇ ਨਿਸ਼ਚਿਤ ਰੂਪ ਵਿਚ ਔਖਾ ਕਾਰਜ ਹੁੰਦਾ ਹੈ, ਇਸ ਪ੍ਰਸੰਗ ਵਿਚ ਟੀਕਾਕਾਰੀ ਇਕ ਔਖਾ ਕਾਰਜ ਹੈ।

ਧਰਮ ਦਾ ਸੰਦੇਸ਼ ਅਤੇ ਇਸ ਦੀ ਭਾਵਨਾ ਭਾਸ਼ਾ ਰਾਹੀਂ ਬਿਆਨ ਕੀਤੀ ਜਾਂਦੀ ਹੈ, ਇਸ ਲਈ ਟੀਕਾਕਾਰੀ ਵੀ ਭਾਸ਼ਾ ਦੀ ਹੁੰਦੀ ਹੈ। ਭਾਸ਼ਾ ਦੀ ਟੀਕਾਕਾਰੀ ਕਰਦੇ ਸਮੇਂ ਇਹ ਧਿਆਨ ਰੱਖਣਾ ਜ਼ਰੂਰੀ ਹੁੰਦਾ ਹੈ ਕਿ ਧਰਮ ਦੀ ਭਾਵਨਾ ਮਨਫੀ ਨਾ ਹੋਵੇ। ਹਰ ਸਮੇਂ ਤੇ ਸਥਾਨ ਦੇ ਹਿਸਾਬ ਨਾਲ ਟੀਕਾਕਾਰੀ ਕੀਤੀ ਜਾਂਦੀ ਹੈ, ਇੱਥੇ ਇਹ ਜ਼ਰੂਰੀ ਹੁੰਦਾ ਹੈ ਕਿ ਟੀਕਾਕਾਰੀ ਕਰਦੇ ਸਮੇਂ ਧਰਮ-ਗ੍ਰੰਥ ਦੇ ਸ਼ਬਦਾਂ ਦੇ

ਅਰਥਾਂ ਨੂੰ ਸੰਕੁਚਿਤ ਰੂਪ ਨਹੀਂ ਦੇਣਾ ਚਾਹੀਦਾ। ਟੀਕਾਕਾਰੀ ਦੀ ਭਾਵਨਾ 'ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ' ਵਾਲੀ ਹੋਣੀ ਚਾਹੀਦੀ ਹੈ ਤਾਂ ਕਿ ਇਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਵੀ ਲਾਹਾ ਲੈ ਸਕਣ।

ਟੀਕੇ ਦੀ ਵਿਉਂਤ

ਗੁਰਬਾਣੀ ਸੁਣਨ ਵਾਲੇ ਸੱਜਣ ਸ਼ਬਦ ਦੀ ਗਹਿਰਾਈ ਤਕ ਜਾਣ ਦਾ ਯਤਨ ਕਰਦੇ ਹਨ, ਪਰ ਇਹ ਤਾਂ ਹੀ ਸੰਭਵ ਹੈ ਜੇਕਰ ਸ਼ਬਦ ਨੂੰ ਖੋਲ੍ਹ ਕੇ ਸਮਝਾਇਆ ਜਾਵੇ। ਗੁਰਦੁਆਰਿਆਂ ਵਿਚ ਪ੍ਰਚਾਰਕ ਅਤੇ ਕਾਲਜਾਂ ਜਾਂ ਯੂਨੀਵਰਸਿਟੀਆਂ ਦੇ ਅਧਿਆਪਕ ਇਸ ਕਾਰਜ ਵਿਚ ਲੱਗੇ ਹੋਏ ਹਨ। ਇਕ ਸ਼ਬਦ ਦੇ ਵਿਭਿੰਨ ਅਰਥ ਹੋ ਸਕਦੇ ਹਨ। ਪਰ ਕਿਹੜਾ ਅਰਥ ਵਰਤਿਆ ਜਾਵੇ ਇਹ ਧਿਆਨ ਦੇਣ ਵਾਲੀ ਗੱਲ ਹੁੰਦੀ ਹੈ। ਵਿਦਵਾਨ ਅਤੇ ਖੋਜੀ ਇਹ ਕਾਰਜ ਕਰਨ ਦਾ ਯਤਨ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਪਹਿਲਾਂ ਗ੍ਰੰਥ ਦੀ ਮੂਲ ਭਾਵਨਾ ਨੂੰ ਸਮਝਿਆ ਜਾਵੇ ਅਤੇ ਫਿਰ ਸ਼ਬਦ ਦੇ ਸੰਦਰਭ ਵਿਚ ਅਰਥ ਕੀਤੇ ਜਾਣ। ਸ਼ਬਦਾਂ ਦੇ ਅਰਥ ਖੋਲ੍ਹਣ ਦਾ ਕਾਰਜ ਤਾਂ ਹੀ ਸਹੀ ਰੂਪ ਵਿਚ ਹੋ ਸਕਦਾ ਹੈ ਜੇਕਰ ਸ਼ਬਦ ਦਾ ਮੂਲ ਅਰਥ ਪਤਾ ਹੋਵੇ। ਸ਼ਬਦਾਂ ਦੇ ਅਰਥ ਕਰਨ ਸਮੇਂ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ, ਇਸ ਸੰਬੰਧੀ ਵਿਸਤਾਰ ਕਰਦੇ ਹੋਏ ਕਿਹਾ ਗਿਆ ਹੈ, ''ਕਿਸੇ ਭੀ ਸ਼ਬਦ ਦੀ ਵਿਆਖਿਆ ਕਰਨ ਵੇਲੇ ਸਭ ਤੋਂ ਪਹਿਲਾਂ ਔਖੇ ਸ਼ਬਦ ਦਾ ਪਦ-ਛੇਦ ਕਰਨਾ ਜ਼ਰੂਰੀ ਹੁੰਦਾ ਹੈ। ਉਸ ਤੋਂ ਬਾਅਦ ਕਠਿਨ ਪਦਾਂ ਦੇ ਅਰਥ ਲਿਖਣ ਦੀ ਜ਼ਰੂਰਤ ਹੈ। ਫਿਰ ਜੋ ਸ਼ਬਦ ਜਿਸ ਭਾਸ਼ਾ ਦਾ ਹੋਵੇ ਉਸ ਦੇ ਮੁਤਾਬਿਕ ਵਿਉਤਪਤੀ ਦਿਖਾਣੀ ਚਾਹੀਦੀ ਹੈ। ਉਸ ਤੋਂ ਬਾਅਦ ਸ਼ਬਦਾਂ ਦੀ ਆਪਸ ਮੇਂ ਵਾਕ ਯੋਜਨਾ ਦਿਖਾਣ ਦੀ ਲੋੜ ਹੈ - ਏਹ ਵਾਕ ਯੋਜਨਾ ਦੰਡ ਅੰਨ੍ਵਯ ਤੇ ਖੰਡ ਅੰਨ੍ਵਯ ਭੇਦ ਕਰਕੇ ਦੋ ਪ੍ਰਕਾਰ ਦੀ ਮੰਨੀ ਗਈ ਹੈ। ਜਿੱਥੇ ਜੈਸਾ ਉਚਿਤ ਹੋਵੇ ਉੱਥੇ ਵੈਸਾ ਹੀ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਕਿ ਠੀਕ-ਠੀਕ ਅਰਥ ਹੋ ਸਕੇ। ਫਿਰ ਮਨ ਵਿਖੇ ਜੈਸੀ ਸ਼ੰਕਾ ਫੁਰੇ ਉਸ ਦਾ ਉਚਿਤ ਉੱਤਰ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਪ੍ਰਕਾਰ ਜੋ ਵਿਦਵਾਨ ਟੀਕਾਕਾਰ ਪੂਰਬ ਉਕਤ ਨਿਯਮਾਂ ਦਾ ਪਾਲਨ ਕਰਦਾ ਹੋਇਆ ਸੁਆਰਥ-ਸਿਧੀ, ਵੰਚਕਤਾ, ਕਟਰਤਾ, ਨਾਸਤਿਕਤਾ, ਹਠ-ਧਰਮਤਾ, ਸੰਕੀਰਣਤਾ ਆਦਿ ਦੋਖਾਂ ਤੋਂ ਦੂਰ ਰਹਿ ਕੇ ਮੂਲ ਕਾਰ ਦੇ ਆਸ਼ੇ ਨੂੰ ਪ੍ਰਗਟ ਕਰਦਾ ਹੈ, ਬਸ ਉਸੇ ਦੀ ਵਿਆਖਿਆ ਸਰਬਾਂਗ ਪੂਰਣ ਹੈ ਇਸ ਤੋਂ ਬਿਨਾਂ ਦੂਸਰੇ ਪ੍ਰਕਾਰ ਦੀ ਵਿਆਖਿਆ ਅਧੂਰੀ ਹੈ।''[੨]

ਪੁਰਾਤਨ ਸਮੇਂ ਵਿਚ ਟੀਕਾਕਾਰੀ ਦੀ ਲੋੜ

ਇਹ ਆਮ ਕਿਹਾ ਜਾਂਦਾ ਹੈ ਕਿ ਹਰ ਧਰਮ-ਗ੍ਰੰਥ ਲੋਕਾਂ ਦੀ ਭਾਸ਼ਾ ਵਿਚ ਲਿਖਿਆ ਗਿਆ ਹੈ ਪਰ ਉਸ ਸਮੇਂ ਵਿਚ ਵੀ ਕੁਝ ਲੋਕ ਅਜਿਹੇ ਹੁੰਦੇ ਸਨ ਜੋ ਧਰਮ

ਗ੍ਰੰਥ ਨੂੰ ਚੰਗੀ ਤਰ੍ਹਾਂ ਸਮਝਣ ਤੋਂ ਅਸਮਰੱਥ ਹੁੰਦੇ। ਉਹ ਆਪਣੇ ਧਰਮ-ਗ੍ਰੰਥ ਨੂੰ ਸਮਝਣ ਲਈ ਪੈਗੰਬਰ ਜਾਂ ਉਸ ਸਮੇਂ ਦੇ ਸੂਝਵਾਨ ਲੋਕਾਂ ਵੱਲ ਵੇਖਦੇ ਹਨ ਤਾਂ ਜੋ ਸ਼ਬਦ ਰਾਹੀਂ ਪੇਸ਼ ਕੀਤੇ ਜਾ ਰਹੇ ਅਨਮੋਲ ਖ਼ਜਾਨੇ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਹਾਸਲ ਕੀਤੀ ਜਾ ਸਕੇ।

ਟੀਕਾ ਸਾਹਿਤ ਵਿਚ ਸਭ ਤੋਂ ਵਧੇਰੇ ਟੀਕੇ 'ਜਪੁ' ਬਾਣੀ ਦੇ ਹੋਏ ਹਨ। ਡਾ. ਰਤਨ ਸਿੰਘ (ਜੱਗੀ) ਨੇ ੧੯੭੦ ਈ: ਵਿਚ ਆਪਣੀ ਸੰਪਾਦਿਤ ਪੁਸਤਕ 'ਗੁਰਬਾਣੀ ਟੀਕੇ : ਅਨੰਦ-ਘਨ' ਵਿਚ ਇਸ ਬਾਣੀ ਦੇ ਸੌ ਤੋਂ ਵਧੇਰੇ ਟੀਕਿਆਂ ਦਾ ਵਰਣਨ ਕੀਤਾ ਹੈ। ਸ੍ਰੀ ਦਰਬਾਰ ਸਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਕਿਰਪਾਲ ਸਿੰਘ ਜੀ ਇਹ ਗਿਣਤੀ ਹੋਰ ਵੀ ਵਧੇਰੇ ਮੰਨਦੇ ਹੋਏ ਕਹਿੰਦੇ ਹਨ, ''ਵਿਦਵਾਨਾਂ ਨੇ ਖਾਸ- ਖਾਸ ਬਾਣੀਆਂ ਦੇ ਟੀਕੇ ਵੀ ਲਿਖੇ ਹਨ ਜਿਨ੍ਹਾਂ ਵਿੱਚੋਂ ਜਪੁਜੀ ਸਾਹਿਬ ਬਾਣੀ ਦੇ ਟੀਕੇ ਸਭ ਤੋਂ ਵੱਧ ਹੋਏ ਹਨ। ਇਕ ਸਰਵੇ ਅਨੁਸਾਰ ਪੰਜਾਬੀ ਤੇ ਹੋਰ ਭਾਸ਼ਾਵਾਂ 'ਚ ਲਿਖੇ ਗਏ ਜਪੁਜੀ ਸਾਹਿਬ ਦੇ ਸਟੀਕ, ਪ੍ਰਮਾਰਥ, ਭਾਸ਼ਯ, ਸ਼ਬਦਾਰਥ ਤੇ ਅਨੁਵਾਦ ਲੱਗਭਗ ਚਾਰ ਸੌ ਦੇ ਕਰੀਬ ਹੋਏ ਹਨ।''[੮] ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਦੀ ਰੁਚੀ ਰੱਖਣ ਵਾਲੇ ਵਿਦਵਾਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਪ੍ਰਮੁੱਖ ਰਚਨਾ 'ਜਪੁ' ਬਾਰੇ ਗਹਿਨ ਅਧਿਐਨ ਦੀ ਰੁਚੀ ਵਿਖਾਈ ਹੈ। ਸਿੱਖ ਦੇ ਰੋਜ਼ਾਨਾ ਨਿਤਨੇਮ ਅਤੇ ਅੰਮ੍ਰਿਤ ਛਕਾਉਣ ਵਾਲੀਆਂ ਬਾਣੀਆਂ ਵਿਚ ਸ਼ਾਮਲ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ ਸਮਝੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਸਥਾਪਿਤ ਇਸ ਬਾਣੀ ਨੇ ਜਿਗਿਆਸੂਆਂ ਅਤੇ ਵਿਦਵਾਨਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਬਹੁਤ ਸਾਰੇ ਟੀਕੇ ਤੇ ਪੋਥੀਆਂ ਸੰਭਾਲ ਨਾ ਹੋਣ ਕਰਕੇ ਅਲੋਪ ਹੋ ਗਏ। ਕੁਝ ਅਜਿਹੇ ਟੀਕੇ ਵੀ ਸਾਹਮਣੇ ਆਏ ਹਨ ਜੋ ਦੁਰਲੱਭ ਹਨ ਅਤੇ ਉਨ੍ਹਾਂ ਵਿੱਚੋਂ ਜਿਹੜੇ ਗੁਰਮਤਿ ਪ੍ਰੇਮੀਆਂ ਦੇ ਹੱਥ ਲੱਗੇ, ਉਨ੍ਹਾਂ ਸੰਭਾਲ ਲਏ ਜਿਵੇਂ ਭਾਈ ਬਲਬੀਰ ਸਿੰਘ ਦੱਸਦੇ ਹਨ ਕਿ ਅਨੰਦ ਘਨ ਦਾ 'ਆਸਾ ਕੀ ਵਾਰ' ਦਾ ਟੀਕਾ ਦੁਰਲੱਭ ਹੈ। ਪਰ ਖੁਸ਼ਕਿਸਮਤੀ ਨਾਲ ਇਹ ਟੀਕਾ ਮੇਰੇ ਪਾਸ ਹੈ। ਇਸ ਦੇ ਅਖੀਰ ਵਿਚ ਇਹ ਲਿਖਿਆ ਹੈ :- 'ਇਤ ਸ੍ਰੀ ਗੁਰ ਨਾਨਕ ਵੰਸ ਪ੍ਰਸੂਤ ਦਸਮ ਪੁਰਖ ਸ੍ਰੀ ਗੁਰ ਰਾਮ ਦਿਆਲ ਸਿਖ ਅਨੰਦ ਘਨ ਵਿਰਚਿਤਾ ਆਸਾ ਵਾਰ ਸਮਾਪਤੰ।' ਸੰਮਤ ਦੀ ਸੂਚਨਾ ਇਸ ਪ੍ਰਕਾਰ ਦਿਤੀ ਹੈ:-

ਸੋਰਠਾ। ਸਾਸਤ੍ਰ ਅਧਿਕ ਹੈ ਜਾਸ ਸੰਮਤ ਪੁਰਾਣ ਸਤ
ਅਰਧ ਸਤ ਕੀਨੋ ਲਿਖਨ ਬਿਲਾਸ ਕਲਸ ਮਾਸ ਸੰਕਰਪੁਰੀ।

ਇਹ ਸੰਮਤ ੧੮੫੬ ਬਣਦਾ ਹੈ ਜੋ ਈਸਵੀ ਦੇ ਲਿਹਾਜ਼ ਨਾਲ ਸੰਨ ੧੭੯੯ ਹੈ। ਅਨੰਦ ਘਨ ਦੀ ਜਪੁਜੀ ਦਾ ਟੀਕਾ ਬਹੁਤ ਪੁਰਾਣੀ ਚੀਜ਼, ੧੭੯੫ ਈਸਵੀ ਦੀ ਹੈ ਪਰ ਤਾਂ ਵੀ ਇਸ ਦੀ ਭਾਸ਼ਾ ਵਿਚ ਸਰਲਤਾ ਹੈ।

ਗੁਰਬਾਣੀ ਦੀ ਸੋਝੀ ਪ੍ਰਦਾਨ ਕਰਨ ਦੇ ਜੋ ਕਾਰਜ ਸਾਹਮਣੇ ਆਏ ਹਨ ਉਨ੍ਹਾਂ ਵਿਚ ਭਾਈ ਗੁਰਦਾਸ ਜੀ ਤੋਂ ਇਲਾਵਾ ਉਦਾਸੀ, ਮੀਣੇ, ਨਿਰਮਲੇ ਅਤੇ ਸਿੰਘ ਸਭਾਈ ਪ੍ਰਣਾਲੀਆਂ ਨੂੰ ਵਿਸ਼ੇਸ਼ ਤੌਰ 'ਤੇ ਲਿਆ ਜਾ ਸਕਦਾ ਹੈ। ਭਾਈ ਗੁਰਦਾਸ ਜੀ ਗੁਰੂ-ਘਰ ਦੇ ਸ਼ਰਧਾਲੂ ਅਤੇ ਨਿਕਟਵਰਤੀ ਹੋਣ ਕਰਕੇ ਗੁਰਮਤਿ ਸਿਧਾਂਤ ਦੀ ਚੋਖੀ ਸਮਝ ਰੱਖਦੇ ਸਨ। ਉਨ੍ਹਾਂ ਦੀਆਂ ਵਾਰਾਂ ਵਿਚ ਗੁਰਬਾਣੀ ਦਾ ਵਿਸਤਾਰ ਵੇਖਣ ਨੂੰ ਮਿਲਦਾ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਕਿੰਤੂਮੁਕਤ ਹੋਣ ਕਰਕੇ ਇਨ੍ਹਾਂ ਨੂੰ ਸ਼ੁੱਧ ਸਰੂਪ ਵਿਚ ਗੁਰਬਾਣੀ ਦਾ ਪਹਿਲਾ ਟੀਕਾ ਕਿਹਾ ਜਾ ਸਕਦਾ ਹੈ। ਭਾਵੇਂ ਕਿ ਇਹ ਸ਼ੁੱਧ ਟੀਕੇ ਦੇ ਸਰੂਪ ਵਾਂਗ ਨਹੀਂ ਹੈ ਪਰ ਅਜਿਹੀਆਂ ਪਉੜੀਆਂ ਵੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੀ ਵਿਆਖਿਆ ਵੇਖਣ ਨੂੰ ਮਿਲਦੀ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਮੂਲ ਮੰਤਰ ਵਿਚ ਪਰਮਾਤਮਾ ਦੇ ਗੁਣਾਂ ਦਾ ਵਿਖਿਆਨ ਕਰਦੇ ਹਨ। ਮੂਲ ਮੰਤਰ ਵਿਚ ਆਏ ਪਰਮਾਤਮਾ ਦੇ ਗੁਣਾਂ ਦਾ ਵਿਸਤਾਰ ਉਨ੍ਹਾਂ ਦੀ ਆਪਣੀ ਬਾਣੀ ਵਿਚ ਵੇਖਣ ਨੂੰ ਵੀ ਮਿਲ ਜਾਂਦਾ ਹੈ:

ਏਕਮ ਏਕੰਕਾਰੁ ਨਿਰਾਲਾ॥
ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥
ਖੋਜਤ ਖੋਜਤ ਘਟਿ ਘਟਿ ਦੇਖਿਆ॥ *(ਪੰਨਾ ੮੩੮)*

ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਇਕ ਪਉੜੀ ਵਿਚ ਮੂਲ ਮੰਤਰ ਦੇ ਅਰਥ ਇਸ ਤਰ੍ਹਾਂ ਦੱਸੇ ਗਏ ਹਨ:

ਏਕਾ ਏਕੰਕਾਰੁ ਲਿਖਿ ਦੇਖਾਲਿਆ।
ਊੜਾ ਓਅੰਕਾਰੁ ਪਾਸਿ ਬਹਾਲਿਆ।
ਸਤਿਨਾਮੁ ਕਰਤਾਰੁ ਨਿਰਭਉ ਭਾਲਿਆ।
ਨਿਰਵੈਰੁ ਜੈਕਾਰੁ ਅਜੂਨਿ ਅਕਾਲਿਆ। *(ਵਾਰ ੩:੧੫)*

ਭਾਈ ਬਲਬੀਰ ਸਿੰਘ ਇਕ ਪੋਥੀ ਦਾ ਹਵਾਲਾ ਦਿੰਦੇ ਹੋਏ ਕਹਿੰਦੇ ਹਨ ਕਿ ਹੋ ਸਕਦਾ ਹੈ ਕਿ ਇਸ ਪੋਥੀ ਵਿਚਲਾ ਟੀਕਾ ਭਾਈ ਗੁਰਦਾਸ ਜੀ ਤੋਂ ਪਹਿਲਾਂ ਦਾ ਹੋਵੇ। ਉਹ ਕਹਿੰਦੇ ਹਨ ਕਿ "ਇਕ ਚੀਜ਼ ਐਸੀ ਨਜ਼ਰ ਵਿੱਚੋਂ ਲੰਘੀ ਹੈ ਜੋ ਬਹੁਤ ਪੁਰਾਣੀ ਹੈ। ਇਸ ਦੇ ਪਤ੍ਰੇ ਬਹੁਤ ਬਿਰਦ ਅਤੇ ਜਰਜਰੇ ਹਨ, ਇਸ ਦੀ ਲਿਪੀ ਵਿਚ ਵੀ ਪ੍ਰਾਚੀਨਤਾ ਦੀ ਝਲਕ ਹੈ, ਅੱਖਰਾਂ ਦੀਆਂ ਘੁੰਡੀਆਂ ਵਿਚ ਮੁੱਢਲੇ ਕਾਲ ਦੀ ਢਿਲਕ ਹੈ। ਹੋ ਸਕਦਾ ਹੈ ਕਿ ਇਹ ਗੱਲ ਲਿਖਣ ਵਾਲੇ ਦੀ ਆਪਣੀ ਕਲਮ ਦੀ ਕਮਜ਼ੋਰੀ ਕਾਰਣ ਹੋਵੇ ਪਰ ਦਰਸ਼ਨ ਕਰਨ ਤੋਂ ਪਰਤੀਤੀ ਇਸੇ ਗੱਲ ਦੀ ਹੁੰਦੀ ਹੈ ਕਿ ਅੱਖਰਾਂ ਦੀ ਬਣਤਰ ਵਿਚ ਆਰੰਭਕ ਕਾਲ ਦੀ ਨਵੀਨ ਘਾੜਤ ਦੀ ਖਰੀਖਰੀ ਬੁਰ ਹੈ, ਜਿਸ ਨੂੰ ਜ਼ਮਾਨੇ ਦੀ ਵਰਤੋਂ ਹੀ ਰਗੜਦੀ, ਮਾਂਜਦੀ ਅਤੇ ਪਾਲਿਸ਼ ਕਰਦੀ

ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਚੀਜ਼ ਬਹੁਤ ਪੁਰਾਣੀ ਹੈ। ਇਸ ਵਿਚ ਸੰਮਤ ਆਦਿਕ ਕੁਛ ਨਹੀਂ ਦਿਤਾ, ਨਾਂ ਹੀ ਕੋਈ ਐਸੇ ਚਿੰਨ ਹਨ ਜਿਸ ਤੋਂ ਟੀਕਾਕਾਰ ਦਾ ਨਾਮ ਪਤਾ ਅਤੇ ਟਿਕਾਣੇ ਦਾ ਅੰਦਾਜ਼ਾ ਲਗਾਇਆ ਜਾ ਸਕੇ। ਮੈਨੂੰ ਕੋਈ ਅਚੰਭਾ ਨਹੀਂ ਹੋਵੇਗਾ ਜੇ ਇਹ ਵਸਤ ਇਤਨੀ ਪੁਰਾਣੀ ਨਿਕਲੇ ਕਿ ਭਾਈ ਗੁਰਦਾਸ ਦੀ ਕਿਰਤ ਤੋਂ ਪਹਿਲੇ ਦੀ ਸਾਬਤ ਹੋਵੇ''[੯]। ਉਦਾਸੀਆਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਦੂਰ-ਦੁਰਾਡੇ ਪਹੁੰਚਾਉਣ ਦਾ ਕਾਰਜ ਕੀਤਾ। ਗੁਰੂ ਜੀ ਦੀਆਂ ਬਾਣੀਆਂ ਦੇ ਅਰਥ ਕਰਨ ਦੀ ਪਰੰਪਰਾ ਇਨ੍ਹਾਂ ਵਿਚ ਕਦੋਂ ਅਰੰਭ ਹੋਈ ਇਸ ਦਾ ਪਹਿਲਾ ਪ੍ਰਮਾਣ ਸਾਨੂੰ ਆਨੰਦ-ਘਨ ਦੁਆਰਾ ਕੀਤੇ ਜਪੁਜੀ ਸਾਹਿਬ, ਓਅੰਕਾਰ, ਸਿਧ ਗੋਸਟਿ, ਅਨੰਦ ਅਤੇ ਆਸਾ ਕੀ ਵਾਰ ਦੇ ਟੀਕਿਆਂ ਰਾਹੀਂ ਵੇਖਣ ਨੂੰ ਮਿਲਦਾ ਹੈ। ਇਸ ਤੋਂ ਪਹਿਲਾਂ ਇਹ ਕਾਰਜ ਮੌਖਿਕ ਰੂਪ ਵਿਚ ਚੱਲਦਾ ਰਿਹਾ। ਮਿਹਰਬਾਨ ਦੁਆਰਾ ਜਪੁ, ਓਅੰਕਾਰ, ਸਿਧ ਗੋਸਟਿ ਆਸਾ ਦੀ ਵਾਰ ਸੋਹਲੇ ਆਦਿ ਬਾਣੀਆਂ 'ਤੇ ਲਿਖੇ ਪਰਮਾਰਥ ਪ੍ਰਮੁੱਖ ਹਨ। ਨਿਰਮਲੇ ਟੀਕਾਕਾਰਾਂ ਵਿਚ ਪੰ. ਨਿਹਾਲ ਸਿੰਘ, ਪੰ. ਤਾਰਾ ਸਿੰਘ ਨਰੋਤਮ, ਸਾਧੂ ਦੇਵਾ ਸਿੰਘ, ਪੰ. ਸਾਧੂ ਸਿੰਘ, ਸੰਤ ਗੁਰਦਿਤ ਸਿੰਘ, ਸੰਤ ਗੁਲਾਬ ਸਿੰਘ, ਸੰਤ ਉਤਮ ਸਿੰਘ, ਸੰਤ ਹਰਭਜਨ ਸਿੰਘ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਇਨ੍ਹਾਂ ਟੀਕਾਕਾਰਾਂ ਦੁਆਰਾ ਗੁਰੂ ਨਾਨਕ ਸਾਹਿਬ ਜੀ ਦੀਆਂ ਬਾਣੀਆਂ ਦੇ ਟੀਕੇ ਹੀ ਪ੍ਰਮੁੱਖ ਤੌਰ 'ਤੇ ਵੇਖਣ ਨੂੰ ਮਿਲਦੇ ਹਨ ਅਤੇ ਉਨ੍ਹਾਂ ਵਿੱਚੋਂ ਵੀ 'ਜਪੁਜੀ ਸਾਹਿਬ' ਬਾਣੀ ਨੂੰ ਪ੍ਰਮੁੱਖਤਾ ਨਾਲ ਲਿਆ ਗਿਆ ਹੈ। ਪੰ. ਤਾਰਾ ਸਿੰਘ ਨਰੋਤਮ ਨੇ ਪਟਿਆਲਾ ਦੇ ਮਹਾਰਾਜਾ ਮਹਿੰਦਰ ਸਿੰਘ ਦੇ ਕਹਿਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਅਰੰਭ ਕੀਤਾ ਸੀ। ਕਿਹਾ ਜਾਂਦਾ ਹੈ ਕਿ ''ਇਕ ਦਿਨ ਮਹਾਰਾਜਾ ਮਹਿੰਦਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣ ਰਹੇ ਸਨ ਤਾਂ ਉਨ੍ਹਾਂ ਨੇ ਗ੍ਰੰਥੀ ਤੋਂ ਇਕ ਤੁਕ ਦੇ ਅਰਥ ਪੁੱਛੇ। ਉਸ ਦੇ ਨਾ ਦੱਸ ਸਕਣ ਤੋਂ ਮਹਾਰਾਜਾ ਨੇ ਪੰਡਤ ਨਿਰੋਤਮ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਲਈ ਕਿਹਾ। ਪੰਡਤ ਨਿਰੋਤਮ ਸਿੰਘ ਨੇ ਗਿ. ਗਿਆਨ ਸਿੰਘ ਜੀ ਨੂੰ ਅੰਮ੍ਰਿਤਸਰ ਭੇਜਿਆ ਤਾਂ ਜੋ ਉੱਥੋਂ ਦੀ ਗਿਆਨੀ ਸੰਪ੍ਰਦਾ ਤੋਂ ਵੀ ਅਰਥ ਸੁਣ ਕੇ ਲਿਖ ਭੇਜਣ। ਸ੍ਰੀ ਅੰਮ੍ਰਿਤਸਰ ਵਿਚ ਗਿਆਨੀ ਜੀ ਨੂੰ ੨੫ ਰੁਪਏ ਮਹੀਨਾ ਖਰਚ ਭੇਜਦੇ ਰਹੇ ਤੇ ਉਹ ਉੱਥੋਂ ਰੋਜ਼ ਅਰਥ ਸੁਣ ਕੇ ਲਿਖ ਲੈਂਦੇ ਤੇ ਇਕ ਸਾਲ ਵਿਚ ਟੀਕੇ ਦੇ ੨੭ ਦਸਤੇ ਕਾਗਜ਼ ਲਿਖ ਕੇ ਪੰਡਤ ਜੀ ਪਾਸ ਭੇਜੇ। ''[੧੦] ਇਹ ਟੀਕਾ ਕਿੱਥੇ ਤਕ ਪਹੁੰਚਿਆ ਇਸ ਦਾ ਵਰਣਨ ਕਰਦੇ ਹੋਏ ਮੁਨੀ ਅਰਜਨ ਸਿੰਘ ਦੱਸਦੇ ਹਨ, ''ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਨਰੋਤਮ ਬਸੰਤ ਰਾਗ ਤਕ ਵਿਸਤਾਰ ਪੂਰਬਕ ਟੀਕਾ ਤਿਆਰ ਕਰ ਚੁੱਕੇ ਸਨ, ਪੂਰਾ ਕਰਣ ਦਾ ਉਦਮ ਕਰ ਹੀ ਰਹੇ ਸਨ ਕਿ ਆਪ ਦਾ ਸਰੀਰ ਸ਼ਾਂਤ ਹੋ ਗਿਆ। ਉਤ੍ਰਾਧਿਕਾਰੀ ਦੀ ਅਣਗਹਿਲੀ ਨਾਲ ਆਪ ਦੇ ਲਿਖੇ ਹੋਏ

ਖਰੜੇ ਦੇਖਨ ਦੇ ਬਹਾਨੇ ਕੁਝ ਸਜਨ ਲੈ ਗਏ ਜੋ ਦੁਰਭਾਗ ਨਾਲ ਹੁਣ ਤੱਕ ਪ੍ਰਾਪਤ ਨਹੀਂ ਹੋ ਸਕੇ, ਆਪ ਦੇ ਲਿਖੇ ਹੋਏ ਖਰੜੇ ਵਿੱਚੋਂ ਕੇਵਲ ਸਿਰੀ ਰਾਗ ਦਾ ਹੀ ਟੀਕਾ ਪ੍ਰਕਾਸ਼ਿਤ ਹੋਇਆ ਹੈ ਜੋ ਅੱਜ ਕਲ ਕਿਸੀ ਕਿਸੀ ਵਿਦਵਾਨ ਖੋਜੀ ਪਾਸੋਂ ਮਿਲਦਾ ਹੈ। ''[੧੧] ਪਰ ਕੁਝ ਵਿਦਵਾਨ ਪੰਡਿਤ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਦਾ ਕੀਤਾ ਹੋਇਆ ਟੀਕਾ ਸੰਪੂਰਨ ਮੰਨਦੇ ਹਨ।[੧੨]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਹੀ ਇਕ ਹੋਰ ਗੁਰਬਾਣੀ ਵਿਆਖਿਆ ਦੀ ਸੰਪ੍ਰਦਾਇ ਚੱਲੀ ਜਿਸ ਨੂੰ ਭਾਈ ਮਨੀ ਸਿੰਘ ਜੀ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਗੁਰਬਾਣੀ ਅਰਥਾਂ ਦੀ ਇਹ ਸਰਵੋਤਮ ਪਰੰਪਰਾ ਕਹੀ ਜਾ ਸਕਦੀ ਹੈ ਕਿਉਂਕਿ ਇਸ ਸੰਪ੍ਰਦਾਇ ਰਾਹੀਂ ਕੀਤੇ ਅਰਥ ਗੁਰੂ ਜੀ ਦੁਆਰਾ ਸਿਖਾਏ ਮੰਨੇ ਜਾਂਦੇ ਹਨ। ਇਸ ਸੰਪ੍ਰਦਾਇ ਦੁਆਰਾ ਸਿਖਾਏ ਅਰਥ ''ਸੀਨਾ ਬਸੀਨਾ ਚਲੇ ਆਉਂਦੇ ਰਹੇ ਹਨ। ਭਾਈ ਚੰਦਾ ਸਿੰਘ ਜੀ ਤੱਕ ਸੰਪ੍ਰਦਾਈ ਅਰਥ ਜਿਉਂ ਕੇ ਤਿਉਂ ਚਲੇ ਆਏ ਸੁਣੀਂਦੇ ਹਨ। ਪਰ ਅਸਲ ਵਿਚ ਵੀਚਾਰ ਕਰਨ ਤੋਂ ਪਤਾ ਲਗਦਾ ਹੈ, ਕਿ ਕਿਤੇ ਕਿਤੇ ਉਕਾਈਆਂ ਹੁੰਦੀਆਂ ਰਹੀਆਂ ਹਨ। ਇਹ ਨਿਯਮ ਹੀ ਹੈ, ਕਿ ਸੁਣੀ ਗੱਲ ਕੁਝ ਨਾ ਕੁਝ ਬਿਸਮਰਨ ਹੋ ਜਾਂਦੀ ਹੈ, ਜੋ ਮੈਨੂੰ ਹੀ ਭੁੱਲ ਗਈ ਹੈ, ਉਹ ਮੇਰੇ ਵਿਦਿਆਰਥੀ ਨੂੰ ਕਦ ਯਾਦ ਔਣੀ ਹੈ? ਪਰ ਬਹੁਤਾ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਦੀ ਡੋਗਰਾ ਗਰਦੀ ਨੇ ਸੰਪ੍ਰਦਾਯ ਨੂੰ ਘੱਟੇ ਕੌਡੀਆਂ ਰਲਾ ਦਿੱਤਾ ਹੈ, ਕਿਉਂਕਿ ਡੋਗਰਾ ਗਰਦੀ ਵੇਲੇ ਉਨ੍ਹਾਂ ਗਿਆਨੀ ਸਿੰਘਾਂ ਨੂੰ ਦਰਬਾਰ ਵਲੋਂ ਮਦਦ ਮਿਲਿਆ ਕਰਦੀ ਸੀ, ਜਿਨ੍ਹਾਂ ਦੀ ਕਥਾ ਪੌਰਾਣਕ ਢੰਗ ਨਾਲ ਹੋਯਾ ਕਰਦੀ ਸੀ। ਏਹੋ ਕਾਰਨ ਹੈ, ਜੋ ਨਿਰੋਲ ਗੁਰਮਤ ਦੇ ਅਰਥ ਲੁਕ ਗਏ ਅਤੇ 'ਖਿਚੜੀ ਮਿਲਵੇਂ ਅਰਥ ਸ਼ੁਰੂ ਹੋ ਗਏ' ਜੋ ਅੱਜ ਤਕ ਸੁਧਰਨ ਵਿਚ ਨਹੀਂ ਆਉਂਦੇ। ਇਸ ਦੇ ਨਾਲ ਹੀ ਸੂਫੀ ਮਤ ਤੇ ਵੇਦਾਂਤ ਦੀ ਰੰਗਣ ਭੀ ਅਰਥਾਂ ਨੂੰ ਚੜ੍ਹ ਗਈ। ਇਸ ਤਰ੍ਹਾਂ ਸੰਪ੍ਰਦਾਈ ਅਰਥਾਂ ਦੀ ਠੁਕ ਬੱਝਵੀਂ ਸੂਰਤ ਨਾਂ ਰਹੀ।''[੧੩]

ਆਧੁਨਿਕ ਯੁਗ ਦੇ ਵਿਦਵਾਨਾਂ ਦੀ ਟੀਕਾਕਾਰੀ ਨੂੰ ਸਿੰਘ ਸਭਾ ਲਹਿਰ ਨਾਲ ਜੋੜ ਕੇ ਵੇਖਿਆ ਜਾਂਦਾ ਹੈ ਇਸ ਕਰਕੇ ਇਸ ਸਮੇਂ ਹੋਈਆਂ ਵਿਆਖਿਆਵਾਂ ਨੂੰ 'ਸਿੰਘ ਸਭਾਈ ਪ੍ਰਣਾਲੀ' ਦਾ ਨਾਮ ਦਿੱਤਾ ਗਿਆ ਹੈ। ਆਧੁਨਿਕ ਯੁਗ ਦੇ ਪ੍ਰਮੁੱਖ ਵਿਦਵਾਨਾਂ ਨੇ ਵੀ 'ਜਪੁਜੀ ਸਾਹਿਬ' ਬਾਣੀ ਦੇ ਟੀਕੇ ਕਰਨ ਵਿਚ ਵਿਸ਼ੇਸ਼ ਰੁਚੀ ਵਿਖਾਈ ਹੈ ਜਿਨ੍ਹਾਂ ਵਿਚ ਭਾਈ ਜੋਧ ਸਿੰਘ, ਪ੍ਰਿੰ. ਤੇਜਾ ਸਿੰਘ, ਡਾ. ਮੋਹਨ ਸਿੰਘ, ਪੰਡਤ ਕਰਤਾਰ ਸਿੰਘ ਦਾਖਾ, ਡਾ. ਸ਼ੇਰ ਸਿੰਘ, ਭਾਈ ਸਾਹਿਬ ਸਿੰਘ, ਭਾਈ ਵੀਰ ਸਿੰਘ, ਡਾ. ਤਾਰਨ ਸਿੰਘ, ਗਿਆਨੀ ਹਰਿਬੰਸ ਸਿੰਘ ਆਦਿ ਦਾ ਨਾਮ ਪ੍ਰਮੁਖਤਾ ਨਾਲ ਲਿਆ ਜਾ ਸਕਦਾ ਹੈ। ਡਾ. ਰਤਨ ਸਿੰਘ ਜੱਗੀ ਆਧੁਨਿਕ ਵਿਦਵਾਨਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਦੇ ਹੋਏ ਕਹਿੰਦੇ ਹਨ, ''ਪਹਿਲੀ ਉਪ-ਸ਼ਾਖਾ ਗੁਣੀ ਗਿਆਨੀ

ਵਿਦਵਾਨਾਂ ਦੀ ਹੈ ਜਿਵੇਂ ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ ਆਦਿ। ਦੂਜੀ ਉਪ-ਸ਼ਾਖਾ ਹੈ ਸਾਧਾਰਣ ਵਿਦਵਾਨਾਂ ਦੀ, ਜਿਨ੍ਹਾਂ ਨੇ ਪਰੀਖਿਆਰਥੀਆਂ ਲਈ ਗੁਰਬਾਣੀ ਦੇ ਟੀਕੇ ਲਿਖੇ। ਇਸ ਉਪ-ਸ਼ਾਖਾ ਦੇ ਪ੍ਰਮੁਖ ਟੀਕਾਕਾਰ ਹਨ - ਭਾਈ ਬਿਸ਼ਨ ਸਿੰਘ, ਗਿਆਨੀ ਬੁਧ ਸਿੰਘ, ਗਿਆਨੀ ਨਿਹਾਲ ਸਿੰਘ ਰਸ ਆਦਿ। ਤੀਜੀ ਉਪ-ਸ਼ਾਖਾ ਹੈ ਅੰਗਰੇਜ਼ੀ, ਉਰਦੂ, ਹਿੰਦੀ ਆਦਿ ਭਾਸ਼ਾਵਾਂ ਵਿਚ ਹੋਏ ਟੀਕਿਆਂ ਜਾਂ ਅਨੁਵਾਦਾਂ ਦੀ। ਇਸ ਉਪ-ਸ਼ਾਖਾ ਵਿਚ ਦੇਸੀ ਵਿਦੇਸ਼ੀ, ਹਰ ਪ੍ਰਕਾਰ ਦੇ ਮਤ ਵਾਲੇ ਵਿਦਵਾਨ ਸ਼ਾਮਲ ਹਨ। ਇਸ ਦੇ ਨਾਲ-ਨਾਲ ਸੰਪ੍ਰਦਾਈ ਵਿਦਵਾਨਾਂ ਦੁਆਰਾ ਵੀ ਟੀਕੇ ਲਿਖੇ ਜਾਂਦੇ ਰਹੇ, ਸੰਤ ਅਮੀਰ ਸਿੰਘ, ਪੰਡਿਤ ਨਰੈਣ ਸਿੰਘ ਆਦਿ ਦਾ ਨਾਂ ਇਸ ਸੰਬੰਧੀ ਉਲੇਖ-ਯੋਗ ਹੈ।''[੧੪]

ਹਵਾਲੇ :

੧. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਸਫ਼ਾ ੬੮੭.

੨. ਪੰਡਤ ਨਰੈਣ ਸਿੰਘ ਗਿਆਨੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

੩. ਭਾਈ ਸ੍ਵਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਸੰਪਾਦਕ ਪਿਆਰਾ ਸਿੰਘ ਪਦਮ, ਸਫ਼ਾ ੧੨੦.

੪. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਸਫ਼ਾ ੫੫੧.

੫. ਪ੍ਰੋ. ਪਿਆਰਾ ਸਿੰਘ ਪਦਮ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟੀਕਾਕਾਰੀ', ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ - ਕੁਝ ਦ੍ਰਿਸ਼ਟੀਕੋਣ, ਸਫ਼ਾ ੧੭੫.

੬. ਸ. ਹਰਮਿੰਦਰ ਸਿੰਘ ਬੇਦੀ, 'ਗੁਰਬਾਣੀ ਦੀ ਹਿੰਦੀ ਟੀਕਾਕਾਰੀ', ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ - ਕੁਝ ਦ੍ਰਿਸ਼ਟੀਕੋਣ, ਸਫ਼ਾ ੧੮੫.

੭. ਮੁਨੀ ਅਰਜਨ ਸਿੰਘ ਕਨਖਲ, ਆਦਿ ਗ੍ਰੰਥ ਦੇ ਟੀਕੇ, ਗੁਰਮਤ ਸਾਹਿਤ, ਸਫ਼ਾ ੧੯੨.

੮. ਗਿਆਨੀ ਕਿਰਪਾਲ ਸਿੰਘ, 'ਆਦਿ ਕਥਨ', ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ, ਤੁਲਨਾਤਮਕ ਅਧਿਐਨ, ਟੀਕਾਕਾਰ ਗਿ. ਹਰਿਬੰਸ ਸਿੰਘ, ੧੯੮੮.

੯. ਭਾਈ ਬਲਬੀਰ ਸਿੰਘ, ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, 'ਭੂਮਿਕਾ', ਸਫ਼ਾ ੧੦.

੧੦. ਡਾ. ਭਗਤ ਸਿੰਘ, ਗਿਆਨੀ ਗਿਆਨ ਸਿੰਘ, ਸਫ਼ਾ ੧੦.

੧੧. ਮੁਨੀ ਅਰਜਨ ਸਿੰਘ ਕਨਖਲ, ਆਦਿ ਗ੍ਰੰਥ ਦੇ ਟੀਕੇ, ਗੁਰਮਤ ਸਾਹਿਤ, ਸਫ਼ਾ ੧੯੩.

੧੨. ''ਪੰਡਿਤ ਤਾਰਾ ਸਿੰਘ ਨਰੋਤਮ ਦਾ 'ਟੀਕਾ ਗੁਰਭਾਵ ਦੀਪਕਾ' ਸੰਨ ੧੮੭੯ ਵਿਚ ਸੰਪੂਰਣ ਲਿਖਿਆ ਗਿਆ ਸੀ।'' ਬਲਬੀਰ ਸਿੰਘ, ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਭੂਮਿਕਾ, ਸਫ਼ਾ ੪.

੧੩. ਪੰਡਤ ਨਰੈਣ ਸਿੰਘ ਗਯਾਨੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, 'ਭੂਮਿਕਾ', ਸਫ਼ਾ ਟ.

੧੪. ਡਾ. ਰਤਨ ਸਿੰਘ ਜੱਗੀ (ਸੰਪਾ.), ਗੁਰਬਾਣੀ ਟੀਕੇ : ਅਨੰਦ-ਘਨ, ਸਫ਼ਾ ੪.

ਚਲਦਾ....

ਬਾਣੀ ਉਚਾਰਨ ਦੀ ਕਿਉਂ ਲੋੜ ਪਈ?

*-ਗਿਆਨੀ ਹਰਬੰਸ ਸਿੰਘ ਨਿਰਮਲ**

ਪ੍ਰਚਾਰ ਦੇ ਸਾਧਨ ਮੁੱਖ ਤੌਰ 'ਤੇ ਅਖਬਾਰਾਂ, ਰਸਾਲੇ, ਰੇਡੀਓ, ਟੈਲੀਵੀਜ਼ਨ, ਟੈਲੀਫੋਨ ਆਦਿ ਮੰਨੇ ਗਏ ਹਨ, ਪੁਰਾਣੇ ਸਮੇਂ ਵਿਚ ਅਜਿਹੇ ਸਾਧਨ ਨਹੀਂ ਸਨ, ਕੇਵਲ ਧਾਰਮਿਕ ਮੇਲੇ, ਦਿਨ-ਦਿਹਾਰ, ਸੰਗ੍ਰਾਂਦ, ਮੱਸਿਆ ਪੁੰਨਿਆ ਆਦਿ ਹੀ ਸਨ। ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਅੱਜ ਦੇ ਸਮੇਂ ਵਾਂਗ ਮੀਡੀਆ ਦੀ ਸੁਵਿਧਾ ਨਹੀਂ ਸੀ। ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ-ਕਲਿਆਣ ਹਿਤ ਸੰਸਾਰ ਦਾ ਭਰਮਣ ਕੀਤਾ, ਜਿਨ੍ਹਾਂ ਨੂੰ ਉਦਾਸੀਆਂ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਗੁਰੂ ਜੀ ਨੇ ਸਭ ਧਰਮਾਂ ਦੇ ਧਰਮ-ਅਸਥਾਨਾਂ 'ਤੇ ਪੁੱਜ ਕੇ ਉਨ੍ਹਾਂ ਦੇ ਮੁਖੀਆਂ ਨਾਲ ਗੱਲਬਾਤ ਕੀਤੀ, ਉਨ੍ਹਾਂ ਦੇ ਵਿਚਾਰ ਸੁਣੇ ਤੇ ਆਪਣੇ ਖਿਆਲਾਂ ਦੀ ਸਾਂਝ ਕੀਤੀ। ਆਪ ਜੀ ਹਿੰਦੂ-ਮੰਦਰਾਂ ਵਿਚ ਗਏ, ਜੋਗੀਆਂ ਦੇ ਅਸਥਾਨਾਂ 'ਤੇ ਗਏ, ਬੋਧੀਆਂ ਨੂੰ ਮਿਲੇ, ਉਨ੍ਹਾਂ ਨਾਲ ਗਿਆਨ-ਗੋਸ਼ਟੀਆਂ ਕੀਤੀਆਂ। ਇਸਲਾਮੀ ਧਰਮ ਅਸਥਾਨ ਮੱਕੇ ਤੇ ਮਦੀਨੇ ਵੀ ਗਏ, ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਤੇ ਗਿਆਨ-ਗੋਸਟੀਆਂ ਕੀਤੀਆਂ।

ਗੁਰੂ ਪਾਤਸ਼ਾਹ ਜੀ ਨੇ ਹਿੰਦੁਸਤਾਨ ਦੇ ਕੋਨੇ-ਕੋਨੇ 'ਚ ਪੁੱਜ ਕੇ ਲੋਕਾਂ ਨੂੰ ਸੱਚ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਗੁਰੂ ਜੀ ਨੇ ਲੋਕਾਂ ਨੂੰ ਦੱਸਿਆ ਕਿ ਇਸ ਸਮੇਂ ਲੋਕਾਂ ਵਿਚ ਪਹਿਲੇ ਜੁੱਗਾਂ ਵਾਲੀ ਸਰੀਰਿਕ ਤਾਕਤ ਨਹੀਂ ਹੈ, ਨਾ ਹੀ ਏਨੀ ਉਮਰ ਲੰਮੀ ਹੈ ਕਿ ਇਹ ਜੰਗਲਾਂ ਵਿਚ ਜਾ ਕੇ ਤਪ ਕਰਦੇ ਰਹਿਣ ਅਤੇ ਨਾ ਹੀ ਇਨ੍ਹਾਂ ਕੋਲ ਏਨਾ ਪੈਸਾ ਹੈ ਜਿਸ ਨਾਲ ਇਹ ਯੱਗ ਆਦਿ ਕਰਦੇ ਰਹਿਣ, ਨਾ ਹੀ ਪੂਜਾ-ਪਾਠ ਕਰਨ ਦਾ ਇਨ੍ਹਾਂ ਕੋਲ ਵਕਤ ਹੈ। ਇਸ ਸਮੇਂ ਤਾਂ ਕੇਵਲ ਵਾਹਿਗੁਰੂ ਦਾ ਸਿਮਰਨ ਹੀ ਹੈ ਜੋ ਮਨੁੱਖ ਦੀ ਕਲਿਆਣ ਕਰ ਸਕਦਾ ਹੈ। ਸਤਿਗੁਰੂ ਜੀ ਨੇ ਲੋਕ ਬੋਲੀ ਵਿਚ ਗੁਰਬਾਣੀ ਦਾ ਉਚਾਰਨ ਕੀਤਾ ਤਾਂ ਜੋ ਹਰ ਆਦਮੀ ਨੂੰ ਸੌਖਿਆਂ ਸਮਝ ਆ ਜਾਵੇ:

ਤ੍ਰੈ ਜੁਗ ਮਹਿਂ ਪਿਖਿ ਸ਼ਕਤਿ ਸਮੇਤਾ। ਆਯੁ ਬਿਰਧ ਬਲ ਦਰਬ ਅਨੇਕਾ॥੭੦॥
ਇਨ ਤੇ ਰਹਿਤ ਦੇਖਿ ਕਲ ਮਾਂਹੀ। ਮਹਾਂ ਰੰਕ ਦੁਖ ਨੈ ਲਿਯ ਗ੍ਰਾਹੀ।
ਸਭਿ ਪ੍ਰਤਿ ਏਕ ਨਾਮ ਉਪਦੇਸ਼ਾ। ਬੈਦ ਕ੍ਰਿਪਾਲੁ ਗੁਰੂ ਜਗਤੇਸ਼ਾ॥੭੧॥
ਨਿਜ ਢਿਗ ਮੋਲ ਰੂਪ ਮਤਿ ਨਾਂਹੀ। ਸੰਸਕ੍ਰਿੱਤ ਕੋ ਲਖਿ ਨ ਸਕਾਹੀਂ।
ਦੀਨੋ ਤਬ ਸਤਿਗੁਰੂ ਨਿਜ ਪਾਸਾ। ਦੇਸ਼ਨ ਭਾਖਾ ਮਾਂਹਿ ਪ੍ਰਕਾਸ਼ਾ॥੭੨॥

**# ਐਲ-ਈ/੯੮੬, ਗਲੀ ਨੰ: ੩/੨, ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ। ਮੋ: ੯੮੫੫੪-੬੦੧੮੩*

ਸੰਸਕ੍ਰਿਤ ਕੋ ਪਢਿ ਨਹਿੰ ਜਾਨਹਿੰ। ਕਿਹ ਬਿਧਿ ਮਹਿਮਾ ਨਾਮ ਪਛਾਨਹਿੰ।
ਤਾਂ ਤੇ ਸਤਿਗੁਰ ਸ਼੍ਰੀ ਮੁਖ ਬਾਨੀ। ਰਚਿ ਦੀਨੀ ਲੋਕਨ ਗਤਿ ਦਾਨੀ॥੭੩॥

(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਿ: ੫੨)

ਗੁਰੂ ਨਾਨਕ ਸਾਹਿਬ ਨੇ ਉਦਾਹਰਣ ਦੇ ਕੇ ਸਮਝਾਇਆ ਕਿ ਜਿਵੇਂ ਸਮੁੰਦਰ ਦਾ ਪਾਣੀ ਖਾਰਾ ਹੈ, ਉਸ ਖਾਰੇ ਪਾਣੀ ਨੂੰ ਕੋਈ ਵੀ ਪਸ਼ੂ-ਪੰਛੀ ਨਹੀਂ ਪੀਂਦਾ। ਜਦੋਂ ਬੱਦਲ ਉਸ ਸਮੁੰਦਰ ਦਾ ਪਾਣੀ ਲੈ ਕੇ ਦੂਰ-ਦੂਰ ਤਕ ਜਾ ਕੇ ਵਰਖਾ ਕਰਦੇ ਹਨ ਤਾਂ ਸਭ ਉਸ ਪਾਣੀ ਦੀ ਵਰਤੋਂ ਕਰ ਕੇ ਆਪਣਾ ਜੀਵਨ ਨਿਰਬਾਹ ਕਰਦੇ ਹਨ।

ਇਸੇ ਤਰ੍ਹਾਂ ਵੇਦ ਆਦਿ ਧਰਮ-ਗ੍ਰੰਥਾਂ ਦਾ ਹਾਲ ਹੈ, ਉਹ ਸੰਸਕ੍ਰਿਤ ਭਾਸ਼ਾ ਹੋਣ ਕਰਕੇ ਉਨ੍ਹਾਂ ਨੂੰ ਹਰ ਕੋਈ ਨਹੀਂ ਪੜ੍ਹ ਸਕਦਾ ਸੀ। ਫਿਰ ਕਿਸੇ ਨੂੰ ਉਸ ਦੇ ਪੜ੍ਹਨ ਦਾ ਹੱਕ ਪਰਾਪਤ ਸੀ ਤੇ ਕਿਸੇ ਨੂੰ ਨਹੀਂ। ਇਕ ਪੜ੍ਹ ਸਕਦਾ ਸੀ ਇਕ ਸਿਰਫ ਬੈਠ ਕੇ ਸੁਣ ਸਕਦਾ ਸੀ। ਕਿਸੇ ਨੂੰ ਸੁਣਨ ਦਾ ਵੀ ਅਧਿਕਾਰ ਨਹੀਂ ਸੀ, ਪੜ੍ਹਨਾ ਤਾਂ ਦੂਰ ਦੀ ਗੱਲ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ- 'ਰੱਬ ਦੇ ਪੈਦਾ ਕੀਤੇ ਇਨਸਾਨ ਨਾਲ ਐਨਾ ਵਿਤਕਰਾ ਕਿਉਂ ? ਇਹ ਸਭ ਦੇਖ ਸੁਣ, ਗੁਰੂ ਪਾਤਸ਼ਾਹ ਨੇ ਸਰਬ ਸਾਂਝੀ ਗੁਰਬਾਣੀ ਦਾ ਉਚਾਰਨ ਕੀਤਾ ਜਿਸ ਨੂੰ ਹਰ ਕੋਈ ਪੜ੍ਹ ਸਕਦਾ ਹੈ, ਸੁਣ ਸਕਦਾ ਹੈ, ਸਮਝ ਸਕਦਾ ਹੈ, ਵਿਚਾਰ ਕਰ ਸਕਦਾ ਹੈ, ਭਾਵੇਂ ਉਸ ਦੀ ਜਾਤ ਕੋਈ ਵੀ ਹੋਵੇ, ਕਿਸੇ ਵੀ ਕੌਮ ਦਾ ਬੰਦਾ ਕਿਉਂ ਨਾ ਹੋਵੇ, ਪੂਰਬੀ ਹੋਵੇ ਜਾਂ ਪੱਛਮੀ,ਹਿੰਦੂ ਹੋਵੇ ਜਾਂ ਮੁਸਲਮਾਨ, ਜੈਨੀ ਹੋਵੇ ਜਾਂ ਬੋਧੀ, ਸਿੱਖ ਹੋਵੇ ਜਾਂ ਈਸਾਈ। ਹਰੇਕ ਬੰਦੇ ਨੂੰ ਇਹ ਹੱਕ ਦਿੱਤਾ:

- ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ (ਪੰਨਾ ੭੪੮)
- ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ॥ (ਪੰਨਾ ੩੩੫)
- ਖਾਰਪਨੋ ਤਿਨ ਮਹਿੰ ਕਠਿਨਾਈ। ਪੁਨਿ ਕਿਹ ਉਚਿਤ ਨ ਉਚਿਤ ਲਖਾਈ। ...
ਸੁਗਮ ਕੀਨ ਸਭਿ ਦੇਸ਼ ਮਝਾਰੀ। ਸਭਿ ਕੇ ਉਚਿਤ ਜਿ ਹੈਂ ਨਰ ਨਾਰੀ।
ਰਾਇ ਕਿ ਰੰਕ ਊਚ ਕੈ ਨੀਚਾ। ਪਢਹਿ ਕਮਾਇ ਤਰੈ ਜਗ ਬੀਚਾ॥੭੭॥

ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਚਰਨ-ਸ਼ਰਨ ਆਉਣ ਤੋਂ ਪਹਿਲਾਂ ਕਈ ਵਾਰ ਹਰਿਦੁਆਰ ਦੀ ਯਾਤਰਾ ਕਰ ਚੁੱਕੇ ਸਨ। ਜਿਸ ਵਕਤ ਇੱਕੀਵੀਂ ਵਾਰ ਗੁਰੂ-ਪਦਵੀ ਮਿਲਣ ਉਪਰੰਤ ਗੁਰੂ ਪਾਤਸ਼ਾਹ ਜੀ ਨੇ ਜਨ-ਕਲਿਆਣ ਕਰਨ ਹਿਤ ਹਰਿਦੁਆਰ ਵਿਖੇ ਜਾਣ ਦਾ ਪ੍ਰੋਗਰਾਮ ਉਲੀਕਿਆ ਅਤੇ ਜਿਸ ਵੇਲੇ ਸਤਿਗੁਰੂ ਜੀ ਹਰਿਦੁਆਰ ਪੁੱਜੇ ਤਾਂ ਤੀਰਥ-ਯਾਤਰੀ ਤੇ ਤੀਰਥਾਂ 'ਤੇ ਵੱਸਣ ਵਾਲੇ ਲੋਕ ਸਤਿਗੁਰੂ ਜੀ ਦੇ ਬਚਨ ਸੁਣਨ ਤੇ ਦਰਸ਼ਨ ਕਰਨ ਵਾਸਤੇ ਇਕੱਤਰ ਹੋਏ। ਉਨ੍ਹਾਂ ਵਿਚ ਗ੍ਰਿਹਸਤੀ, ਸਾਧੂ ਮਹਾਤਮਾਂ, ਵੈਰਾਗੀ, ਸੰਨਿਆਸੀ ਅਤੇ ਬਹੁਤ ਸਾਰੇ ਵਿਦਵਾਨ ਸਨ ਜੋ ਵਿੱਦਿਆ ਦੇ ਹੰਕਾਰ ਵਿਚ ਬਹੁਤ ਗ੍ਰੂਸੇ ਹੋਏ ਸਨ । ਪ੍ਰੇਮੀ ਤੇ ਕੇਵਲ ਸ਼ਰਧਾ

ਨਾਲ ਗੁਰੂ ਜੀ ਦਾ ਉਪਦੇਸ਼ ਸੁਣਨ ਵਾਸਤੇ ਆਏ, ਸਾਧੂ ਲੋਕ ਗਿਆਨ-ਵਿਚਾਰ ਕਰਨ ਹਿਤ, ਪਰੰਤੂ ਵਿੱਦਿਆ-ਅਭਿਮਾਨੀ ਆਪਣੀ ਵਿੱਦਿਆ ਦਾ ਚਮਤਕਾਰ ਦਿਖਾਉਣ ਲਈ ਸ਼ਾਮਲ ਹੋਏ। ਅਖੌਤੀ ਵਿਦਵਾਨਾਂ ਨੇ ਆਉਂਦਿਆਂ ਸਾਰ ਕਿਹਾ ਕਿ ਜਦ ਪਹਿਲਾਂ ਹੀ ਚਾਰ ਵੇਦ, ਅਠਾਰਾਂ ਪੁਰਾਣ, ਸਤਾਈ ਸਿਮਰਤੀਆਂ, ਗੀਤਾ ਆਦਿ ਅਨੇਕਾਂ ਧਾਰਮਿਕ ਗ੍ਰੰਥ ਮੌਜੂਦ ਸਨ ਫਿਰ ਗੁਰੂ ਨਾਨਕ ਦੇਵ ਜੀ ਨੂੰ ਗੁਰਬਾਣੀ ਉਚਾਰਨ ਤੇ ਲਿਖਣ ਦੀ ਕੀ ਜ਼ਰੂਰਤ ਸੀ?

ਸ੍ਰੀ ਨਾਨਕ ਜੋ ਕੀਨਸਿ ਬਾਨੀ। ਤਿਸ ਕੋ ਕਾਰਨ ਪਰਹਿ ਨ ਜਾਨੀ।
ਆਗੈ ਹੁਤੇ ਸੁ ਬੇਦ ਪੁਰਾਨ। ਪਠਹਿਂ ਸੁਨਹਿਂ ਬਿਸਤਰੇ ਜਹਾਨ॥੧੯॥...
ਤਿਨਿ ਕੇ ਹੋਤੇ ਸ੍ਰੀ ਗੁਰ ਬਾਨੀ। ਕਜੋਂ ਕੀਨਸਿ ਕੁਛ ਜਾਇ ਨ ਜਾਨੀ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ਪਹਿਲੀ, ਅਧਿ: ੪੯)

ਗੁਰੂ ਜੀ ਦਾ ਉੱਤਰ ਸੀ 'ਇਹ ਸੱਚ ਹੈ ਕਿ ਵੇਦ ਆਦਿ ਧਾਰਮਿਕ ਗ੍ਰੰਥ ਪਹਿਲਾਂ ਹੀ ਮੌਜੂਦ ਸਨ ਪਰ ਉਨ੍ਹਾਂ ਧਰਮ-ਗ੍ਰੰਥਾਂ ਨੂੰ ਕੋਈ ਵਿਰਲਾ ਹੀ ਪੜ੍ਹ ਸਕਦਾ ਸੀ ਹਰੇਕ ਮਨੁੱਖ ਨੂੰ ਉਨ੍ਹਾਂ ਗ੍ਰੰਥਾਂ ਨੂੰ ਪੜ੍ਹਨ ਦਾ ਹੱਕ ਵੀ ਤਾਂ ਹਾਸਲ ਨਹੀਂ ਸੀ। ਉਨ੍ਹਾਂ ਨੂੰ ਪੜ੍ਹਨ ਲਈ ਉੱਚੀ ਜਾਤੀ ਦਾ ਹੋਣਾ ਪਹਿਲੀ ਸ਼ਰਤ ਸੀ। ਤਿੱਖੀ ਬੁੱਧੀ ਹੋਣੀ ਲਾਜ਼ਮੀ ਗਿਣੀ ਜਾਂਦੀ ਸੀ, ਤਦ ਕਿਤੇ ਜਾ ਕੇ ਬੰਦੇ ਨੂੰ ਸਮਝ ਪੈਂਦੀ ਤੇ ਬਾਰ-ਬਾਰ ਅਭਿਆਸ ਕਰਨ ਉਪਰੰਤ ਮੁਕਤੀ ਦੇ ਯੋਗ ਹੁੰਦਾ ਪਰ ਇਸ ਕਲਜੁਗ ਵਿਚ ਕਿਸ ਕੋਲ ਏਨਾ ਵਕਤ ਹੈ? ਇਹ ਸੋਚ-ਵਿਚਾਰ ਕੇ ਕਲਜੁਗੀ ਜੀਵਾਂ ਦੀ ਕਲਿਆਣ ਹਿਤ ਗੁਰੂ ਨਾਨਕ ਸਾਹਿਬ ਜੀ ਨੇ ਗੁਰਬਾਣੀ ਦਾ ਉਚਾਰਨ ਕੀਤਾ।

ਬੇਦ ਪੁਰਾਨਨਿ ਕੋ ਉਪਦੇਸ਼। ਕਿਸਹੂੰ ਕੋ ਪ੍ਰਾਪਤਿ ਕਿਸ ਦੇਸ।
ਪ੍ਰਥਮੇ ਨੀਕੀ ਹੋਵਹਿ ਜਾਤਿ। ਪੁਨਿ ਤਿਸਿ ਤੇ ਚਹਿ ਮਤਿ ਅਵਿਦਾਤਿ॥੨੨॥

ਜਿਵੇਂ ਕਿਸੇ ਜ਼ਿਮੀਦਾਰ ਨੇ ਫਸਲ ਘਰ ਲਿਆਉਣੀ ਹੋਵੇ ਤਾਂ ਉਸ ਨੂੰ ਸਭ ਤੋਂ ਪਹਿਲਾਂ ਪਾਣੀ ਦਾ ਪ੍ਰਬੰਧ ਕਰਨ ਲਈ ਖੂਹ ਪੁੱਟਣਾ ਪੈਂਦਾ, ਖੂਹ ਪੁੱਟ ਕੇ ਬਲਦ ਜੋੜਦਾ ਤੇ ਪਾਣੀ ਲਾਉਂਦਾ ਹੈ, ਬੜੀ ਮਿਹਨਤ ਤੇ ਮੁਸ਼ੱਕਤ ਕਰਨ ਤੋਂ ਬਾਅਦ ਫਸਲ ਦਾ ਮੂੰਹ ਵੇਖਦਾ ਹੈ:

ਜਥਾ ਕੂਪ ਕੋ ਨੀਰ ਪਛਾਨ। ਕੋ ਜਬ ਘਾਲਹਿ ਘਾਲ ਮਹਾਂਨ।
ਨਿਜ ਹਿਤ ਕੁਛ ਖੇਤੀ ਕਰਿ ਲੇਤਿ। ਜੇ ਨਿਤ ਪਾਲਨਿ ਸੋਂ ਕਰਿ ਹੇਤ॥੨੪॥

ਏਧਰ ਬਾਣੀ ਨੂੰ ਕੋਈ ਵੀ ਸ਼ਰਧਾ ਭਾਵ ਨਾਲ ਵੱਡਾ ਪੜ੍ਹ ਲਵੇ ਜਾਂ ਕੋਈ ਛੋਟਾ, ਕੋਈ ਗਰੀਬ ਪੜ੍ਹੇ ਜਾਂ ਅਮੀਰ, ਕੋਈ ਬ੍ਰਾਹਮਣ ਪੜ੍ਹੇ ਜਾਂ ਸ਼ੂਦਰ, ਕੋਈ ਹਿੰਦੂ ਪੜ੍ਹੇ ਜਾਂ ਮੁਸਲਮਾਨ, ਕੋਈ ਵਿਦਵਾਨ ਪੜ੍ਹੇ ਜਾਂ ਅਨਪੜ੍ਹ, ਕੋਈ ਗ੍ਰਿਹਸਤੀ ਪੜ੍ਹੇ ਜਾਂ ਸਾਧੂ, ਕੋਈ ਵੈਰਾਗੀ ਪੜ੍ਹੇ ਜਾਂ ਸੰਨਿਆਸੀ, ਕੋਈ ਬੁੱਢਾ ਪੜ੍ਹੇ ਜਾਂ ਬੱਚਾ, ਮਰਦ ਪੜ੍ਹੇ ਜਾਂ ਇਸਤਰੀ ਕੋਈ ਰੋਕ-ਰੁਕਾਵਟ ਨਹੀਂ: *(ਬਾਕੀ ਸਫ਼ਾ ੪੮ 'ਤੇ)*

ਪ੍ਰਮੁੱਖ ਸਰੋਤਾਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਰਮੇਸ਼ਵਰ-ਸਰੂਪ

*-ਗਿ. ਕੁਲਵਿੰਦਰ ਸਿੰਘ**

ਪਾਰਬ੍ਰਹਮ-ਪਰਮੇਸਵਰ ਦੀ ਨਿਵੇਕਲੀ ਨਾਮ-ਜੋਤ ਦਾ ਅਦੁੱਤੀ ਪ੍ਰਕਾਸ਼ ਤੇ ਅਗੰਮੀ ਸ਼ਬਦ-ਗੁਰੂ ਦਾ ਅਨੂਠਾ ਪ੍ਰਗਟਾਅ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਰੂਪ ਵਿਚ, ਅੱਜ ਤੋਂ ਛੇ ਸਦੀਆਂ ਪਹਿਲਾਂ ਰਾਇ ਭੋਇ ਦੀ ਤਲਵੰਡੀ (ਅੱਜਕਲ੍ਹ ਸ੍ਰੀ ਨਨਕਾਣਾ ਸਾਹਿਬ) ਵਿਖੇ, ਜਦ ਹੋਇਆ, ਤਦ ਭਾਈ ਮਨੀ ਸਿੰਘ ਦੀ ਪ੍ਰਸਿੱਧ ਜਨਮ ਸਾਖੀ 'ਗਿਆਨ ਰਤਨਾਵਲੀ ਅਨੁਸਾਰ' ''ਤੇਤੀਸ ਕਰੋੜੀ ਦੇਵਤਿਓਂ ਨੇ ਆਨ ਨਮਸਕਾਰ ਕੀਆ॥ ਚੌਰਾਸੀ ਸਿਧ, ਨੌ ਨਾਥ, ਛਿਅ ਜਤੀ, ਬਵੰਜਾ ਬੀਰੋ ਨੇ ਆਨ ਨਮਸਕਾਰ ਕੀਆ... ਜਿਤਨੇ ਉਤਮ ਪੁਰਖ ਸੈ ਸਭਨੋ ਆਨ ਨਮਸਕਾਰ ਕੀਆ॥ ਜੋ ਕਲਿਜੁਗ ਦੇ ਉਧਾਰ ਵਾਸਤੇ ਆਪ ਨਿਰੰਕਾਰ ਆਨ ਅਵਤਾਰ ਲੀਆ ਹੈ॥''

'ਭਵਿੱਖ ਪੁਰਾਣ' ਵਿਚ ਬਿਆਸ ਰਿਸ਼ੀ ਵੱਲੋਂ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬਾਰੇ, ਕਰੀਬ ਸਾਢੇ ਪੰਜ ਹਜ਼ਾਰ ਸਾਲ ਪਹਿਲਾਂ, ਅੰਕਤ ਪੇਸ਼ੀਨਗੋਈ ਕੀਤੀ ਗਈ, ਜੋ ਕਿ ਬ੍ਰਹਮਾ ਨੇ ਰਿਸ਼ੀ ਸ਼ਾਮ ਕਾਰਤਕ ਵੱਲੋਂ ਕਲਜੁਗ ਦੇ ਲੱਛਣਾਂ ਤੇ ਕਲਜੁਗੀ ਜੀਵਾਂ ਦੇ ਪਾਰ-ਉਤਾਰੇ ਸੰਬੰਧੀ ਪੁੱਛੇ ਕੁਝ ਪ੍ਰਸ਼ਨਾਂ ਦਾ ਉੱਤਰ ਦਿੱਤਾ ਹੈ, ਵਿਚ ਇਸ ਪ੍ਰਕਾਰ ਲਿਖਿਆ ਮਿਲਦਾ ਹੈ:-

ਏਵੰ ਵੈ ਧਰਮ ਪ੍ਰਚਰਿਯੰ ਭਵਿੱਖਤਿ ਯਦਾ ਕਲੋ॥੩੩॥
ਤਦੈਵ ਲੋਕ ਰਖਯਾਰਥੰ ਮਲੇਛਾਨਾ ਨਾਸ਼ ਹੇਤੁਬੇ।
ਪਸਚਮੇਤੁ ਸੁਭੇ ਦੇਸ਼ੇ ਬੇਦੀ ਬੰਸੇਚ ਨਾਨਕੋ ਨਾਮਨਾ॥੩੪॥
ਭੁਵ ਰਾਜ ਰਿਖੀ ਬ੍ਰਹਮ ਗਿਆਨੈਕ ਮਾਨਸ:।
ਭਵਿੱਖਤੀ ਕਲਊ ਸਕੰਦ ਤਤ ਬਿਤਯੰ ਕਲਯਾ ਹਰੌ॥੩੫॥

ਭਾਵ ਜਦ ਧਰਮ ਦੀ ਸਤਾ ਕਮਜ਼ੋਰ ਹੋ ਰਹੀ ਹੋਵੇਗੀ ਤੇ ਆਉਣ ਵਾਲੇ ਸਮੇਂ ਵਿਚ ਕਲਜੁਗ ਹੋਵੇਗਾ ਤਾਂ ਉਸ ਸਮੇਂ ਲੋਕਾਂ ਦੀ ਰੱਖਿਆ ਲਈ ਅਤੇ ਮਲੇਛਪੁਣੇ ਦੇ ਨਾਸ਼ ਵਾਸਤੇ ਪਸਚਮ ਦਿਸ਼ਾ ਦੇ ਸ਼ੁਭ ਦੇਸ਼ (ਪੰਜਾਬ) ਦੀ ਬੇਦੀ ਬੰਸ ਵਿਚ ਨਾਨਕ ਨਾਮ ਦੇ ਇਕ ਰਾਜ-ਰਿਸ਼ੀ ਦਾ ਅਵਤਾਰ ਹੋਵੇਗਾ, ਜੋ ਬ੍ਰਹਮ ਤੋਂ ਹੀ ਗਿਆਨ ਲੈ ਕੇ ਆਵੇਗਾ ਤੇ ਉਸ ਦਾ ਮਨੁੱਖ ਜਾਮਾ ਹੋਵੇਗਾ ਅਤੇ ਉਹ ਆਉਣ ਵਾਲੇ ਕਲਜੁਗੀ ਸਮੇਂ ਦੇ ਝਗੜਿਆਂ, ਜੀਵਾਂ ਦੇ ਦੁੱਖਾਂ ਤੇ ਕਲੇਸ਼ਾਂ ਨੂੰ ਨਾਸ਼ ਕਰੇਗਾ। 'ਗਿਆਨ ਰਤਨਾਵਲੀ' ਦਾ ਕਰਤਾ

---

* *ਯੂ.ਕੇ.*

ਲਿਖਦਾ ਹੈ ਕਿ ਗੁਰੂ ਮਹਾਰਾਜ ਦੇ ਪ੍ਰਕਾਸ਼ ਸਮੇਂ ਅਕਾਸ਼ ਬਾਣੀ ਭਈ ਕਿ:

ਜਿਥੇ ਬਾਬਾ ਨਾਨਕ ਪੈਰ ਧਰੇਗਾ ਸੋਈ ਪੂਜਾ ਕਾ ਆਸਣ ਹੋਵੈਗਾ॥... ਅਰ ਇਸ ਕੀ ਰਸਨਾ ਸੋ ਜੋ ਬਾਣੀ ਉਚਾਰ ਹੋਵੈਗੀ ਓਹੁ ਮੇਰੇ ਚਰਨੋ ਕੋ ਮੁਖ ਕਰੈਗੀ॥ ਜੋ ਉਸ ਦਾ ਅਭਿਆਸ ਕਰੇਗੇ ਸੋ ਭੀ ਮੇਰੇ ਚਰਨਾਂ ਕੋ ਆਇ ਪ੍ਰਾਪਤਿ ਹੋਵੈਗੇ॥ ਤਿਨਕੇ ਪਿਛਲੇ ਪਾਪ ਭੀ ਕਟਿ ਜਾਵੈਗੇ॥ ਅਗੋ ਪਾਪੋ ਕੀ ਸਰਧਾ ਨ ਹੋਵੈਗੀ॥ ਇਸਨੇ ਪਿੰਡ ਪਿੰਡ ਮੈ ਗਾਉ ਮੈ ਧਰਮਸਾਲ ਕਰਨੀਆਂ ਹੈਨ॥ ਘਰਿ ਘਰਿ ਮੈ ਕਥਾ ਕੀਰਤਨ ਕੀ ਗੰਗਾ ਵਹਾਵਣੀ ਹੈ॥ ਚਾਰ ਕੁੰਟ ਅਰ ਨਵ ਖੰਡਾ ਕਾ ਉਧਾਰ ਕਰਨਾ ਹੈ॥ ਇਸਨੇ ਮੇਰੇ ਨਾਮ ਕਾ ਸਚਾ ਢੋਆ ਮੇਰੇ ਨਾਮ ਕੀ ਮਹਿਮਾ ਕਾ ਵਰਤਾਵਣਾ ਹੈ॥ ਮੈ ਹੀ ਇਸ ਕਾ ਰੂਪ ਧਾਰਿ ਕੇ ਗੁਰਮੁਖਿ ਕਲਿ ਮੈ ਪ੍ਰਗਟ ਹੂਆ ਹੈ॥ ਇਸ ਕੇ ਅਰ ਮੇਰੇ ਬੀਚ ਭੇਦ ਨਹੀਂ ਜਾਨਣਾ॥

ਤਵਾਰੀਖ ਗੁਰੂ ਖਾਲਸਾ ਅਨੁਸਾਰ ਜਦ ਪਿਤਾ ਮਹਿਤਾ ਕਾਲੂ ਨੇ ਆਪਣੇ ਪਰੋਹਤ ਪੰਡਿਤ ਹਰਿਦਯਾਲ ਨੂੰ ਸੱਦਿਆ ਤਾਂ ਉਸ ਨੇ ਬਾਲਕ ਗੁਰਦੇਵ ਦੇ ਦਰਸ਼ਨ ਕਰ ਕੇ, ਆਪਣੀ ਵਿੱਦਿਆ ਮੁਤਾਬਿਕ ਸਾਰਾ ਹਿਸਾਬ ਲਗਾ ਕੇ ਕਿਹਾ ਕਿ "ਏਹ ਬਾਲਕ ਬਡਾ ਪ੍ਰਤਾਪੀ ਹੋਵੇਗਾ, ਸੱਚਾ ਪਾਤਸ਼ਾਹ ਸਦਾਵੇਗਾ, ਸਿਰ ਪਰ ਚੌਰ ਛੱਤ੍ਰ ਝੁਲੇਗਾ, ਦੇਵਤਾ, ਮਨੁੱਖ, ਪਸ਼ੂ, ਪੰਛੀ, ਏਸ ਦੀ ਕਾਣ ਮੰਨਣਗੇ, ਜਗਤ ਦਾ ਸੱਚਾ ਮਲਾਹ ਹੋਵੇਗਾ, ਏਸਦਾ ਪੰਥ ਚਲੇਗਾ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ 'ਬਚਿਤ੍ਰ ਨਾਟਕ' ਵਿਖੇ ਫੁਰਮਾਉਂਦੇਂ ਹਨ:

ਦੋਹਿਰਾ- ਤਿਨ ਬੇਦੀਅਨ ਕੀ ਕੁਲ ਬਿਖੈ, ਪ੍ਰਗਟੇ ਨਾਨਕ ਰਾਇ॥
ਸਭ ਸਿੱਖਨ ਕੋ ਸੁਖ ਦਏ, ਜਹ ਤਹ ਭਏ ਸਹਾਇ॥
ਚੌਪਈ- ਤਿਨ ਇਹ ਕਲ ਮੋ ਧਰਮ ਚਲਾਯੋ॥ ਸਭ ਸਾਧਨ ਕੋ ਰਾਹੁ ਬਤਾਯੋ।
ਜੋ ਤਾਂ ਕੇ ਮਾਰਗ ਮਹਿ ਆਏ॥ ਤੇ ਕਬਹੂੰ ਨਹੀ ਪਾਪ ਸੰਤਾਏ।
ਜੇ ਜੇ ਪੰਥ ਤਵਨ ਕੇ ਪਰੇ॥ ਪਾਪ ਤਾਪ ਤਿਨ ਕੇ ਪ੍ਰਭ ਹਰੇ।
ਦੁਖ ਭੁਖ ਕਬਹੂੰ ਨ ਸੰਤਾਏ॥ ਜਾਲ ਕਾਲ ਕੇ ਬੀਚ ਨ ਆਏ।

'ਪੁਰਾਤਨ ਜਨਮ ਸਾਖੀ' ਵਿਚ ਲਿਖਿਆ ਮਿਲਦਾ ਹੈ ਕਿ ਜਦੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੁਲਤਾਨਪੁਰ ਦੇ ਨੇੜੇ ਵੇਈਂ ਨਦੀ ਵਿਚ ਪ੍ਰਵੇਸ਼ ਤੋਂ ਬਾਅਦ ਅਲੋਪ ਹੋ ਗਏ ਅਤੇ ਵੇਈਂ ਨਦੀ ਵਿਖੇ ਗੁਪਤ ਰਹਿ ਕੇ, ਤਿੰਨ ਦਿਨਾਂ ਉਪਰੰਤ ਪ੍ਰਗਟ ਹੋਏ ਤਾਂ ਆਮ ਲੋਕਾਂ, ਇਹੀ ਸਮਝਿਆ ਸੀ ਕਿ ਸ਼ਾਇਦ ਨਦੀ ਵਿਚ ਡੁੱਬ ਗਏ ਹੋਣ ਪਰ 'ਪੁਰਾਤਨ ਜਨਮ ਸਾਖੀ' ਦੇ ਸ਼ਬਦਾਂ ਵਿਚ:

ਆਗਿਆ ਪ੍ਰਮੇਸਰ ਕੀ ਨਾਲਿ, ਸੇਵਕ ਲੈ ਗਏ ਦਰਗਾਹ ਪਰਮੇਸਰ ਕੀ।... ਤਾਂ ਅੰਮ੍ਰਿਤ ਦਾ ਕਟੋਰਾ ਭਰਿ ਕਰਿ ਆਗਿਆ ਨਾਲਿ ਮਿਲਿਆ। ਹੁਕਮ ਹੋਆ: ਨਾਨਕ! ਨਾਨਕ ਮੈਂ ਤੇਰੇ ਨਾਲ ਹਾਂ। ਮੈਂ ਤੇਰੇ ਤਾਈਂ ਨਿਹਾਲੁ ਕੀਆ ਹੈ, ਅਰੁ ਜੋ ਤੇਰਾ ਨਾਉ

ਲੇਵੇਗਾ ਸੋ ਸਭ ਮੈਂ ਨਿਹਾਲੁ ਕੀਤੇ ਹੈਨਿ। ਤੂੰ ਜਾਇ ਕਰਿ ਮੇਰਾ ਨਾਮੁ ਜਪਿ, ਅਰ ਲੋਕਾਂ ਥੀਂ ਭੀ ਜਪਾਇ ਅਰੁ ਸੰਸਾਰ ਥੀਂ ਨਿਰਲੇਪ ਰਹੁ। ਨਾਮੁ, ਦਾਨੁ, ਇਸ਼ਨਾਨ, ਸੇਵਾ, ਸਿਮਰਨ ਵਿਚਿ ਰਹੁ। ਮੈਂ ਤੇਰੇ ਤਾਂਈ ਆਪਣਾ ਨਾਮੁ ਦੀਆ ਹੈ। ਤੂੰ ਏਹਾ ਕਿਰਤ ਕਰ'। ..... ਤਬਿ ਫਿਰਿ ਆਗਿਆ ਆਈ, ਹੁਕਮ ਹੋਆ: ਨਾਨਕ ਜਿਸੁ ਉਪਰਿ ਤੇਰੀ ਨਦਰਿ, ਤਿਸੁ ਉਪਰਿ ਮੇਰੀ ਨਦਰਿ। ਜਿਸੁ ਉਪਰਿ ਤੇਰਾ ਕਰਮੁ, ਤਿਸੁ ਉਪਰਿ ਮੇਰਾ ਕਰਮੁ। ਮੇਰਾ ਨਾਉਂ ਪਾਰਬ੍ਰਹਮੁ ਪਰਮੇਸਰੁ, ਅਰ ਤੇਰਾ ਨਾਉਂ ਗੁਰੂ ਪਰਮੇਸਰੁ। ਤਬ ਗੁਰੂ ਨਾਨਕ ਪੈਰੀ ਪਇਆ, ਸਿਰਪਾਉ ਦਰਗਾਹੋਂ ਬਾਬੇ ਨੂੰ ਮਿਲਿਆ।..... ਤਬਿ ਆਗਿਆ ਉਨ੍ਹਾਂ ਸੇਵਕਾਂ ਨੋ ਹੋਈ, ਜੋ 'ਨਾਨਕ ਕਉ ਉਸੀ ਘਾਟਿ ਪਹੁਚਾਇ ਆਵਹੁ'। ਤਬਿ ਗੁਰੂ ਨਾਨਕ ਕੇ ਤਈਂ ਤੀਸਰੇ ਦਿਨਿ ਉਸੀ ਘਾਟਿ ਆਣਿ ਨਿਕਾਲਿਆ। ਦਰਿਆਉ ਵਿਚੁ ਨਿਕਲਿਆ ਤਬ ਲੋਕਾਂ ਡਿਠਾ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, 'ਧੁਰ ਕੀ ਬਾਣੀ' ਦੇ ਰੱਬੀ ਹੁਕਮ ਅਨੁਸਾਰ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਉਸਤਤ ਕਰਦਿਆਂ, ਫੁਰਮਾਉਂਦੇ ਹਨ, ਕਿ 'ਸਭ ਤੇ ਵਡਾ ਸਤਿਗੁਰੁ ਨਾਨਕੁ' ਭਾਵ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਭ ਦੇਵੀ-ਦੇਵਤਿਆਂ, ਪੀਰਾਂ-ਪੈਗੰਬਰਾਂ, ਰਿਸ਼ੀ-ਮੁਨੀਆਂ, ਭਗਤਾਂ-ਅਵਤਾਰਾਂ ਤੇ ਸਿਰਜਨਹਾਰ-ਪ੍ਰਭੂ ਦੀ ਸਾਜੀ ਸਾਰੀ ਰਚਨਾ ਤੋਂ ਅਨੂਠੇ ਤੇ ਵੱਡੇ ਹਨ; 'ਗੁਰੁ ਨਾਨਕੁ ਨਾਨਕੁ ਹਰਿ ਸੋਇ', ਗੁਰੂ ਪਦਵੀ ਦੇ ਮਾਲਿਕ ਸਿਰਫ਼ ਨਾਨਕ ਜੀ ਹਨ ਤੇ ਨਾਨਕ ਜੀ ਆਪ ਹਰੀ-ਪਰਮਾਤਮਾ ਹਨ ਅਤੇ 'ਗੁਰ ਨਾਨਕ ਦੇਵ ਗੋਬਿੰਦ ਰੂਪ' ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਗੋਵਿੰਦ-ਰੂਪ ਨਿਰੰਕਾਰੀ ਜੋਤ ਹਨ। ਫੇਰ ਪੰਜਵੀਂ ਜੋਤ, ਆਪਣੇ ਮੁਖਾਰਬਿੰਦ ਤੋਂ, ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਦਰਜ, ਸਵੱਈਆਂ ਦੇ ਰਾਹੀਂ, ਇਹ ਗਿਆਨ-ਚਾਨਣ ਬਖਸ਼ਦੇ ਹਨ, ਕਿ ਜਿਨ੍ਹਾਂ ਨੂੰ ਪਰਸਨ ਵਾਲੇ, 'ਸਿ ਜਨਮ ਮਰਣ ਦੁਹ ਥੇ ਰਹਿਓ', ਜਨਮ ਮਰਨ ਦੋਨਾਂ ਤੋਂ ਬਚ ਜਾਂਦੇ ਹਨ; 'ਤੇ ਬਹੁੜਿ ਫਿਰਿ ਜੋਨਿ ਨ ਆਏ', ਉਹ ਫਿਰ ਮੁੜ ਕੇ ਜੂਨੀਆਂ ਵਿਚ ਨਹੀਂ ਆਉਂਦੇ; 'ਤੇ ਇਤ ਉਤ ਸਦਾ ਮੁਕਤੇ', ਅਤੇ ਉਹ ਇੱਥੇ, ਇਸ ਲੋਕ ਤੇ ਪਰਲੋਕ ਦੋਨਾਂ ਵਿਚ ਬੰਧਨਾਂ ਤੋਂ ਸੁਤੰਤਰ ਹੋ ਜਾਂਦੇ ਹਨ। ਸਵਈਏ ਮਹਲੇ ਪਹਿਲੇ ਕੇ ੧ ਦੇ ਮੁਖਵਾਕ ਅਨੁਸਾਰ ਵੀ ਇਹ ਪ੍ਰਤੱਖ ਗਵਾਹੀ ਤੇ ਅਟੱਲ ਸਚਾਈ ਹੈ, ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ 'ਪਰਮ ਗੁਰੂ' ਹਨ, ਜੋ ਪਾਪਾਂ ਨੂੰ ਦੂਰ ਕਰਨ ਵਾਲੇ, ਬਾਣੀ ਦੇ ਸੋਮੇ ਅਤੇ ਰਾਜ ਤੇ ਜੋਗ ਦੋਨਾਂ ਦੇ ਮਾਲਿਕ ਹਨ ਜਿਨ੍ਹਾਂ ਦੇ ਸੁਹਣੇ ਜਸ ਨੂੰ ਜੋਗੀ, ਜੰਗਮ, ਧੀਰਜਵਾਨ, ਉੱਚੀ ਮਤ ਵਾਲੇ ਤੇ ਇੰਦਰ ਵਰਗੇ ਦੇਵਤੇ, ਸੁਖਦੇਵ, ਗੌਤਮ ਵਰਗੇ ਰਿਸ਼ੀ, ਪਰੀਖਤ ਵਰਗੇ ਰਾਜੇ, ਭਗਤ ਪ੍ਰਹਿਲਾਦ, ਭਗਤ ਰਵਿਦਾਸ, ਭਗਤ ਜੈਦੇਵ, ਭਗਤ ਤ੍ਰਿਲੋਚਨ, ਭਗਤ ਨਾਮਦੇਵ ਤੇ ਭਗਤ ਕਬੀਰ ਜੀ ਵਰਗੇ ਭਗਤ ਗਾ ਰਹੇ ਹਨ ਅਤੇ ਜਿਨ੍ਹਾਂ ਦੀ ਸੁਹਣੀ ਸੋਭਾ ਨਿਤ ਨਵੀਂ ਹੈ ਤੇ ਸਾਰੇ ਸੰਸਾਰ ਉੱਪਰ ਛਾਈ ਹੋਈ ਹੈ:

– ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ॥
ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ॥
ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥

(ਪੰਨਾ ੧੩੯੯)

– ਗੁਣ ਗਾਵੈ ਰਵਿਦਾਸੁ ਭਗਤ ਜੈਦੇਵ ਤ੍ਰਿਲੋਚਨ॥
ਨਾਮਾ ਭਗਤ ਕਬੀਰੁ ਸਦਾ ਗਾਵਹਿ ਸਮ ਲੋਚਨ॥...
ਸੁਖਦੇਉ ਪਰੀਖ੍ਹਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ॥
ਕਬਿ ਕਲ ਸੁਜਸੁ ਨਾਨਕ ਗੁਰ ਨਿਤ ਨਵਤਨੁ ਜਗਿ ਛਾਇਓ॥ (ਪੰਨਾ ੧੩੯੦)

ਹੁਣ ਸਭ ਨਾਲੋਂ ਅਹਿਮ ਤੇ ਚੋਟੀ ਦਾ ਪ੍ਰਸ਼ਨ ਇਹ ਉੱਠਦਾ ਹੈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤਾਂ ਧਰਤੀ ਉੱਪਰ, ਅੱਜ ਤੋਂ ੫੪੩ ਸਾਲ ਪਹਿਲਾਂ ਪ੍ਰਗਟ ਹੋਏ, ਪਰ ਗੁਰਬਾਣੀ ਅਨੁਸਾਰ, ਉਨ੍ਹਾਂ ਦਾ ਸੁਹਣਾ ਤੇ ਨਿਰਮਲ ਜੱਸ, ਉਹ ਸਭ ਦੇਵਤੇ, ਰਿਸ਼ੀ–ਮੁਨੀ ਤੇ ਭਗਤ–ਅਵਤਾਰ ਗਾ ਰਹੇ ਹਨ, ਜੋ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸੰਸਾਰ 'ਤੇ ਪ੍ਰਗਟ ਹੋਣ ਤੋਂ ਬਹੁਤ ਸਮਾਂ ਪਹਿਲਾਂ ਹੋਏ ਹਨ। ਫੇਰ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਉਹ ਕਿਹੜਾ ਸਰੂਪ ਹੈ? ਕਿਹੜੀ ਪਦਵੀ ਹੈ? ਕੈਸੀ ਹੈਸੀਅਤ ਹੈ? ਅਤੇ ਕੈਸਾ ਨਿੱਜ–ਅਸਤਿੱਤਵ ਹੈ ਜਿਸ ਨੂੰ ਹਜ਼ਾਰਾਂ ਸਾਲ ਪਹਿਲਾਂ ਹੋਏ, ਦੇਵਤੇ, ਰਿਸ਼ੀ–ਮੁਨੀ ਤੇ ਭਗਤ–ਅਵਤਾਰ, ਗਾ ਰਹੇ ਹਨ?

ਗੁਰਬਾਣੀ ਦੇ ਹੁਕਮਨਾਮਿਆਂ, ਦਸ਼ਮੇਸ਼ ਪਿਤਾ ਦੇ ਫੁਰਮਾਨਾਂ ਅਤੇ ਭਾਈ ਨੰਦ ਲਾਲ ਜੀ, ਭਾਈ ਗੁਰਦਾਸ ਜੀ, ਪੁਰਾਤਨ ਜਨਮ ਸਾਖੀ ਤੇ ਹੋਰ ਪੁਰਾਤਨ ਗ੍ਰੰਥਾਂ ਦੀਆਂ ਲਿਖਤਾਂ ਦੇ, ਮੌਲਿਕ ਤੇ ਪ੍ਰਮਾਣਕ ਹਵਾਲਿਆਂ ਦਾ ਨਿਰੀਖਣ ਕਰਨ ਉਪਰੰਤ, ਇਨ੍ਹਾਂ ਪ੍ਰਮਾਣਾਂ ਦੇ ਸਨਮੁਖ ਜਿਹੜੇ ਤੱਥ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਸਲੀ ਸਰੂਪ, ਸੰਪੂਰਨ ਹਸਤੀ ਤੇ ਨਿੱਜ–ਅਸਤਿੱਤਵ ਬਾਰੇ ਉਜਾਗਰ ਹੁੰਦੇ ਹਨ, ਉਨ੍ਹਾਂ ਦਾ ਸੰਖੇਪ ਵਿਵਰਣ ਇਸ ਤਰ੍ਹਾਂ ਹੈ।

ਨਾਮ, ਪਰਮਾਤਮਾ ਦਾ ਇਲਾਹੀ ਪਿਆਰ, ਈਸ਼ਵਰੀ ਜੋਤ, ਰੱਬੀ ਗਿਆਨ, ਨਿਰੰਕਾਰੀ ਹੁਕਮ ਦੇ ਗੁਰ ਪ੍ਰਸਾਦਿ ਦਾ ਪ੍ਰਤੱਖ ਰੂਪ ਹੈ ਅਤੇ ਸ਼ਬਦ–ਗੁਰੂ ਦਾ ਸਾਰ–ਮੂਲ, ਤੱਤ–ਵਿਚਾਰ ਤੇ ਪੂਰਨ–ਗਿਆਨ ਹੈ। ਨਾਮ ਦੀ ਰਚਨਾ ਪਰਮਾਤਮਾ ਨੇ 'ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ', ਆਪਣੇ ਨਿਰਗੁਣ ਸਰੂਪ ਤੋਂ ਸਰਗੁਣ ਸਰੂਪ ਵਿਚ ਸਜ ਕੇ ਕੀਤੀ ਤੇ ਫੇਰ 'ਦੁਯੀ ਕੁਦਰਤਿ ਸਾਜੀਐ', ਦੂਜੇ ਭਾਵ ਵਾਲੀ ਕੁਦਰਤ ਵਰਤਾ ਕੇ ਸ੍ਰਿਸ਼ਟੀ ਦੀ ਰਚਨਾ ਕੀਤੀ। ਇਸ ਦਵੈਤਾ ਭਾਵ ਕਰਕੇ ਹੀ ਹਉਮੈ–ਅਹੰਕਾਰ, ਮੋਹ–ਮਮਤਾ, ਈਰਖਾ–ਦਵੈਸ਼, ਭਰਮ–ਭੁਲੇਖੇ ਤੇ ਕਲ੍ਹਾ–ਕਲੇਸ਼ਾਂ ਵਾਲੇ ਮਾਇਆ–ਜੰਜਾਲ ਦਾ ਸੰਸਾਰ ਬਣਿਆ ਪਰ ਪਰਮਾਤਮਾ 'ਕਰਿ ਆਸਣੁ ਡਿਠੋ ਚਾਉ',

ਆਪਣੀ ਸਮੁੱਚੀ ਰਚਨਾ ਵਿਚ ਸਰਬਵਿਆਪੀ ਨਾਮ-ਜੋਤ ਦੀ ਇਕਰੂਪਤਾ ਦੇ ਆਸਣ 'ਤੇ ਸਜ ਕੇ, ਸਾਰੀ ਖੇਡ ਨੂੰ ਦੇਖ ਰਿਹਾ ਹੈ। ਇਸ ਨਾਮ-ਜੋਤ ਦੀ ਇਕਰੂਪਤਾ ਦੇ ਆਸਣ 'ਤੇ ਜਿਸ ਅਦ੍ਰਿਸ਼ਟ-ਅਗੋਚਰ, ਅਗੰਮ-ਅਗਾਧ ਤੇ ਰਾਜ-ਜੋਗ ਸਰੂਪ ਵਿਚ ਪਰਮਾਤਮਾ ਦਰਸ਼ਨ ਦੇ ਰਿਹਾ ਹੈ, ਉਹ ਸਰੂਪ ਹੀ ਸ਼ਬਦ-ਗੁਰੂ ਦਾ ਹੈ, ਜੋ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਅਸਲੀ ਸਰੂਪ ਹੈ, ਸੰਪੂਰਨ ਹਸਤੀ ਅਤੇ ਨਿੱਜ ਅਸਤਿੱਤਵ ਹੈ।

ਇਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਅਨਾਦਿ ਤੇ ਅਨਾਹਤਿ ਸਰੂਪ, ਹਮੇਸ਼ਾਂ ਤੋਂ ਗੁਰੂ-ਪਰਮੇਸ਼ਵਰ ਰੂਪ ਵਿਚ, ਆਤਮਿਕ ਪੱਧਰ 'ਤੇ ਹਾਜ਼ਰਾ-ਹਜ਼ੂਰ, ਜ਼ਾਹਰਾ-ਜ਼ਹੂਰ ਹੋ ਕੇ ਸਾਰੀ ਸ੍ਰਿਸ਼ਟੀ ਨੂੰ ਮਾਇਆ ਦੀ ਦਵੈਤਾ ਤੇ ਕਲਾ ਤੋਂ ਪਰਮਾਤਮਾ ਦੀ ਏਕੰਕਾਰਤਾ ਤੇ ਆਨੰਦ ਵਿਚ ਲਿਜਾਣ ਲਈ, ਆਪਣੇ ਹੁਕਮ ਤੇ ਪ੍ਰਸਾਦਿ ਦੁਆਰਾ ਨਦਰਿ-ਕਰਮ ਕਰ ਕੇ ਨਿਸਤਾਰ ਰਿਹਾ ਹੈ।

ਇਸ ਦਾ ਭਾਵ ਇਹ ਹੋਇਆ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਮਾਨਤਾ, ਸਿਰਫ਼ ਮਨੁੱਖੀ ਜਾਮੇ ਦੇ ਰੂਪ, ਆਕਾਰ ਤੇ ਮਰਿਯਾਦਾ ਤਕ ਹੀ ਨਹੀਂ, ਬਲਕਿ ਆਤਮਕ ਰੂਪ ਵਿਚ, ਉਹ ਨਿਰੰਕਾਰ ਦੀ ਸਰਬਵਿਆਪੀ, ਸਰਬਗਿਆਨੀ, ਸਰਬਦਰਸ਼ੀ, ਸਰਬਸ਼ਕਤੀਮਾਨ ਨਾਮ-ਜੋਤ ਦਾ ਸਦੀਵੀ ਪ੍ਰਕਾਸ਼ ਅਤੇ ਅਮਰ, ਅਜਰ, ਅਬਿਚਲ, ਅਬਿਨਾਸ਼ੀ ਸ਼ਬਦ-ਗੁਰੂ ਦਾ ਸਾਕਾਰ ਰੂਪ ਹਨ, ਜਿਨ੍ਹਾਂ ਨੂੰ, ਅਕਾਲ-ਪੁਰਖ, ਪਾਰਬ੍ਰਹਮ ਪਰਮੇਸਰੁ' ਨੇ 'ਗੁਰੂ ਪਰਮੇਸ਼ਰੁ' ਦਾ ਸਰੂਪ, ਸ੍ਰਿਸ਼ਟੀ ਦੀ ਰਚਨਾ ਕਰਨ ਤੋਂ ਪਹਿਲਾਂ ਹੀ, ਆਪਣੀ ਨਾਮ-ਜੋਤ ਦਾ ਪ੍ਰਕਾਸ਼ ਕਰ ਕੇ, ਸ਼ਬਦ-ਗੁਰੂ ਦੀ ਵਡਿਆਈ ਪ੍ਰਗਟਾ ਕੇ, ਹਮੇਸ਼ਾਂ ਲਈ ਬਖ਼ਸ਼ ਦਿੱਤਾ ਅਤੇ ਆਪਣੇ ਆਪ ਵਿਚ ਅਭੇਦ ਕਰ ਕੇ ਪਰਮ-ਸਚ ਸਰੂਪ ਪਰਮ-ਗੁਰੂ ਦੇ ਸਿੰਘਾਸਨ 'ਤੇ ਸਜਾ ਦਿੱਤਾ। ਨਾਲ ਹੀ ਸਭ ਬਖ਼ਸ਼ਿਸ਼ਾਂ, ਤਾਕਤਾਂ ਤੇ ਵਡਿਆਈਆਂ ਦੇ ਕੇ, ਸ੍ਰਿਸ਼ਟੀ ਦੀ ਸਾਰੀ ਰਚਨਾ ਨੂੰ, ਨਾਮ-ਜੋਤ ਦੇ ਪ੍ਰਕਾਸ਼ ਨਾਲ, ਰੱਬੀ-ਰੰਗ ਵਿਚ ਰੰਗਣ ਦਾ ਦੈਵੀ ਪਰਮ-ਅਧਿਕਾਰ ਵੀ ਦੇ ਦਿੱਤਾ।

ਇਹੀ ਕਾਰਨ ਹੈ ਕਿ ਸਵਈਏ ਮਹਲੇ ਪਹਿਲੇ ਕੇ ੧ ਦੇ ਮੁਖਵਾਕ ਅਨੁਸਾਰ ਸਭ ਦੇਵਤੇ, ਰਿਸ਼ੀ-ਮੁਨੀ ਤੇ ਭਗਤ-ਅਵਤਾਰ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸੰਸਾਰ 'ਤੇ ਪ੍ਰਗਟ ਹੋਣ ਤੋਂ ਹਜ਼ਾਰਾਂ ਸਾਲ ਪਹਿਲਾਂ ਅਤੇ ਜਦੋਂ ਤੋਂ ਵੀ ਇਹ ਸਭ ਇਸ ਧਰਤੀ 'ਤੇ ਹੋਏ, ਹਰ ਕੋਈ, ਓਦੋਂ ਤੋਂ ਹੀ, ਇਸ ਸ਼ਬਦ-ਗੁਰੂ ਸਤਿਗੁਰੂ ਸਰੂਪ, ਜਿਨ੍ਹਾਂ ਨੇ ਸੰਸਾਰ 'ਤੇ ਪਹਿਲੀ ਵਾਰੀ, ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਆਕਾਰ ਧਾਰਨ ਕਰ ਕੇ, ਸਰਬ ਕਲਾ ਭਰਪੂਰ ਹੋ ਕੇ ਦਰਸ਼ਨ ਦਿੱਤੇ, ਦੀ ਅਨੰਤ ਮਹਿਮਾ ਤੇ ਸੁਹਣੇ ਜਸ ਨੂੰ ਗਾ ਰਿਹਾ ਹੈ।

ਇਹ ਗੁਰੂ-ਪਰਮੇਸ਼ਵਰ ਸਰੂਪ, ਆਦਿ ਕਾਲ ਤੋਂ, ਪਰਮਾਤਮਾ ਦੀ ਭਿੰਨ-ਭਿੰਨ

ਰਚਨਾ ਦੇ ਕਲਿਆਣ ਹਿੱਤ, ਆਪਣੀ ਹੁਕਮੀ-ਖੇਡ ਵਰਤਾਉਣ ਲਈ, ਸਮੇਂ-ਸਮੇਂ, ਆਪਣੇ ਵੱਖ-ਵੱਖ ਰੂਪਾਂ ਵਿਚ, ਕਈਂ ਕਲਾ ਧਾਰਨ ਕਰਦਾ ਰਿਹਾ, ਪਰ ਅਜ ਤੋਂ ੫੪੩ ਸਾਲ ਪਹਿਲਾਂ, ਇਹ ਗੁਰੂ-ਪਰਮੇਸ਼ਵਰ ਸਰੂਪ, ਆਪਣੀ ਸੰਪੂਰਨ ਹਸੱਤੀ ਤੇ ਵਾਸਤਿਵਕ ਰੂਪ ਲੈ ਕੇ, ਸ਼ਬਦ-ਗੁਰੂ ਨੂੰ, ਪਹਿਲੀ ਵਾਰ ਧਰਤੀ ਤੇ ਸਾਕਾਰ-ਪ੍ਰਗਟ ਕਰਨ ਲਈ, ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਨਾਓਂ ਧਰ ਕੇ ਆਇਆ ਅਤੇ ਆਪਣੀ ਨਾਮ-ਜੋਤ ਦੀ ਐਸੀ ਝਲਕ ਸੰਸਾਰ ਨੂੰ ਦਿਖਾਈ ਤੇ ਪਰਮ-ਸੱਚ ਦਾ ਜਲਵਾ, ਐਸਾ ਸੰਸਾਰ 'ਤੇ ਰੋਸ਼ਨ ਕੀਤਾ ਕਿ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ:

ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜ੍ਹਿ ਮੰਤ੍ਰ ਸੁਣਾਇਆ।
ਕਲਿ ਤਾਰਣਿ ਗੁਰੁ ਨਾਨਕੁ ਆਇਆ॥ *(ਵਾਰ ੧: ੨੩)*

ਅਤੇ

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ। *(ਵਾਰ ੧:੨੭)*

ਜਿਹੜੀ ਅਧੀਨਗੀ ਤੇ ਅਗਿਆਨਤਾ ਦੀ ਧੁੰਧ; ਜ਼ੋਰ, ਜਬਰ, ਜ਼ੁਲਮ ਤੇ ਘੋਰ ਪਾਪਾਂ ਦਾ ਹਨੇਰਾ, ਛਲ, ਫਰੇਬ, ਕੂੜ-ਕੁਸੱਤ, ਠੱਗੀ-ਠੋਰੀ ਤੇ ਚਾਲਾਕੀ ਦਾ ਬੋਲਬਾਲਾ ਅਤੇ ਕਾਜ਼ੀਆਂ, ਬ੍ਰਾਹਮਣਾਂ, ਜੋਗੀਆਂ ਤੇ ਸੰਨਿਆਸੀਆਂ ਦੇ ਧਰਮ ਦੇ ਨਾਂ ਉੱਪਰ ਪਾਖੰਡ-ਜਾਲਾਂ, ਭਰਮ-ਭੁਲਾਵਿਆਂ ਤੇ ਈਰਖ਼ਾ-ਦਵੈਸ਼ ਦਾ ਕਪਟੀ ਜ਼ਹਿਰ ਸਭ ਪਾਸੇ ਛਾਇਆ ਹੋਇਆ ਸੀ, ਇਹ ਸਭ ਕੁਝ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਪਾਤਸ਼ਾਹਾਂ ਦੇ ਪਾਤਸ਼ਾਹ ਦੇ ਪ੍ਰਗਟ ਹੋਣ ਨਾਲ, ਇਸ ਤਰ੍ਹਾਂ ਮਿਟ ਗਿਆ, ਜਿਸ ਤਰ੍ਹਾਂ ਸੂਰਜ ਦੇ ਨਿਕਲਣ ਨਾਲ ਤਾਰੇ ਭੀ ਛੁਪ ਜਾਂਦੇ ਹਨ ਤੇ ਹਨੇਰਾ ਭੀ ਦੂਰ ਹੋ ਜਾਂਦਾ ਹੈ। ਇੰਝ ਮਾਨੋ ਕਿ ਸਾਰੀ ਧਰਤੀ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਨਿਰੰਕਾਰੀ-ਨੂਰ ਨਾਲ ਪ੍ਰਕਾਸ਼ਮਾਨ ਤੇ ਜਗਮਗ ਹੋ ਗਈ। ਸਾਰੇ ਕਲਿਜੁਗ ਦਾ ਕਲੰਕ ਤੇ ਕਾਲਖ ਧੁਪ ਗਈ, ਸਮੂਹ ਦੁਖਾਂ-ਭੁੱਖਾਂ ਦਾ ਸੰਤਾਪ ਤੇ ਤਾਪਾਂ-ਪਾਪਾਂ ਦਾ ਅੰਧਕਾਰ ਮਿਟ ਗਿਆ ਅਤੇ ਸਾਰੇ ਸੰਸਾਰ ਦਾ ਨਾਮ-ਜੋਤ ਤੇ ਗੁਰੂ-ਸ਼ਬਦ ਵਡਿਆਈ ਵਾਲੇ ਸਿੱਖ ਧਰਮ ਸਦਕਾ ਉਧਾਰ ਹੋ ਗਿਆ ਅਤੇ ਇਸ ਦੀ ਬਾਣੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜੈ-ਜੈਕਾਰ ਤੇ ਵਡੀ-ਵਡਿਆਈ ਸਾਰੇ ਜੁਗਾਂ, ਸਭ ਲੋਕਾਂ-ਪਰਲੋਕਾਂ, ਚਹੁ ਕੁੰਟਾਂ ਅਤੇ ਨਵ ਖੰਡਾਂ ਵਿਚ ਹਮੇਸ਼ਾਂ ਹਮੇਸ਼ਾਂ ਲਈ ਪ੍ਰਗਟ ਹੋ ਗਈ।

- ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥ (ਪੰਨਾ ੯੧੧)
- ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ॥ (ਪੰਨਾ ੧੩੯੭)

ਸੰਸਾਰ ਦੇ ਅਤੇ ਧਰਮ ਦੇ ਇਤਿਹਾਸ ਵਿਚ ਇਕ ਵਿਲੱਖਣ, ਅਨੂਪਮ ਤੇ ਅਨੋਖੀ ਖੇਡ ਓਦੋਂ ਵਰਤੀ, ਜਦ ਇਹ ਸ਼ਬਦ-ਗੁਰੂ ਸਤਿਗੁਰੂ ਸਰੂਪ, ਸਾਹਿਬ ਸ਼੍ਰੀ ਗੁਰੂ ਨਾਨਕ

ਦੇਵ ਜੀ ਮਹਾਰਾਜ, ਸਚਖੰਡ ਪਿਆਨੇ ਤੋਂ ਪਹਿਲਾਂ, ''ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ'', ਨਾਮ ਦੀ ਜੋਤ ਅਤੇ ਸ਼ਬਦ ਦੀ ਜੁਗਤ ਤੇ ਵਡਿਆਈ, ਆਪਣੇ ਅਨਿੰਨ ਸੇਵਕ ਭਾਈ ਲਹਿਣਾ ਜੀ ਨੂੰ ਬਖ਼ਸ਼ਸ਼ ਕੇ, ਆਪ ਫਿਰ, ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਰੂਪ ਵਿਚ, ਨਿਰੰਜਨੀ ਛਤ੍ਰ ਸਿੰਘਾਸਨ 'ਤੇ ਸਜ ਕੇ, ਦੂਸਰੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਮਹਾਰਾਜ ਪ੍ਰਗਟ ਹੋ ਗਏ। ਇਸ ਤਰ੍ਹਾਂ, ਇਸ ਸ਼ਬਦ-ਗੁਰੂ ਸਤਿਗੁਰੂ ਸਰੂਪ ਨੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਤਕ, ਦਸ ਜਾਮੇ ਧਾਰਨ ਕਰ ਕੇ, ਪਾਰਬ੍ਰਹਮ-ਪਰਮੇਸ਼ਵਰ ਦੀ ਓਹੀ ਨਿਵੇਕਲੀ ਨਾਮ-ਜੋਤ ਤੇ ਸ਼ਬਦ-ਗੁਰੂ ਸਤਿਗੁਰੂ ਸਰੂਪ, ਆਪਣਾ ਅੰਤਮ ਪ੍ਰਗਟਾਅ, ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਰੂਪ ਵਿਚ, ਸਦੀਵੀ ਕਰ ਕੇ, ਅਨੰਤਤਾ ਤਕ, ਜ਼ਾਹਰਾ-ਜ਼ਹੂਰ, ਹਾਜ਼ਰਾ-ਹਜ਼ੂਰ ਹੋ ਕੇ, ਨਾਮ-ਜੋਤ ਦੇ ਨੂਰੀ ਤੇਜ-ਪ੍ਰਤਾਪ ਸਦਕਾ, ਮਨਮੁਖਾਂ ਨੂੰ ਗੁਰਮੁਖ ਬਣਾਉਣ, ਸਰਬੱਤ ਜੀਵਾਂ ਨੂੰ ਮਾਇਆ ਦੇ ਬੰਧਨਾਂ ਤੇ ਪਾਪਾਂ ਤੋਂ ਮੁਕਤੀ ਬਖ਼ਸ਼ਣ ਅਤੇ ਜਗਤ ਉੱਤੇ, ਹਲੇਮੀ ਰਾਜ ਦੀ ਅਸਥਾਪਨਾ ਕਰਨ ਦੀ ਅਲੌਕਿਕ ਕਿਰਪਾ ਕਰ ਰਹੇ ਹਨ।

ਨਿਰਸੰਦੇਹ ਇੱਥੋਂ ਇਹ ਗੱਲ ਬਿਲਕੁਲ ਸਾਫ਼ ਤੇ ਸਪਸ਼ਟ ਹੈ ਅਤੇ ਸਿੱਖ ਧਰਮ ਦਾ ਇਹ ਅਟੱਲ ਤੇ ਅਕੱਟ ਮੂਲ ਸਿਧਾਂਤ ਤੇ ਨਿਸ਼ਚਤ ਬੁਨਿਆਦੀ ਭਰੋਸਾ ਹੈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਅਨਾਦੀ ਤੇ ਅਨਾਹਦ ਸ਼ਬਦ-ਗੁਰੂ ਸਤਿਗੁਰੂ ਸਰੂਪ ਹੀ 'ਇਕ ਨਾਮ-ਜੋਤ', 'ਹਮੂ ਗੁਰ ਗੋਬਿੰਦ ਸਿੰਘ ਹਮੂ ਨਾਨਕ ਅਸ੍ਵ' ਤੇ 'ਇਕ ਸ਼ਬਦ-ਰੂਪ', 'ਏਕ ਰੂਪ ਕਿਨਹੂੰ ਪਹਿਚਾਨਾ', ਕਰਕੇ ਦਸਾਂ ਜਾਮਿਆਂ ਵਿਚ ਪ੍ਰਗਟ ਹੋਇਆ, ਜੋ ਕਿ ਹੁਣ ਨਿਰੰਤਰ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਰੂਪ ਵਿਚ ਬਿਰਾਜਮਾਨ ਹੈ। ਇਸ ਲਈ, ਜਿਹੜਾ ਸ਼ਬਦ-ਗੁਰੂ ਸਤਿਗੁਰੂ ਸਰੂਪ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਦੇ ਧਰਤੀ 'ਤੇ ਆਉਣ ਤੋਂ ਪਹਿਲਾਂ, ਅਗੰਮ-ਅਗਾਧ ਅਤੇ ਅਦ੍ਰਿਸ਼ਟ-ਅਗੋਚਰ ਸੀ, ਉਹ ਹੁਣ ਜ਼ਾਹਰਾ-ਜ਼ਹੂਰ ਅਤੇ ਹਾਜ਼ਰ-ਨਾਜ਼ਰ ਹੋ ਕੇ 'ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ ਬਣੀਐ॥', ਗੁਰਬਾਣੀ-ਸਰੂਪ ਵਿਚ ਨਿਰੂਪਣ ਹੋ ਕੇ ਉਨ੍ਹਾਂ ਸਭ ਗੁਰਮੁਖੀ ਅੱਖਰਾਂ ਰਾਹੀਂ, ਜਿਨ੍ਹਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਵਨ ਸਰੂਪ ਵਿਚ ਸੁਸ਼ੋਭਿਤ ਕੀਤਾ ਗਿਆ ਹੈ, ਹਰੇਕ ਮੁੱਖਵਾਕ ਅਤੇ ਹਰੇਕ ਸ਼ਬਦ ਦੁਆਰਾ ਅਭਿਵਿਅਕਤ ਹੁੰਦਾ ਹੋਇਆ, ਇਸ ਧਰਤੀ ਉਪਰ ਸਾਖਿਆਤ ਦਰਸ਼ਨ ਦੇ ਰਿਹਾ ਹੈ।

ਇਸ ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸ਼ਬਦ-ਗੁਰੂ ਸਤਿਗੁਰੂ ਸਰੂਪ, ਆਦਿ ਤੋਂ ਅਨੰਤ ਤਕ ਨਿਵੇਕਲਾ, ਅਨੂਠਾ ਤੇ ਅਦੁੱਤੀ ਹੈ, ਜੋ ਕਿ ਗੁਰਬਾਣੀ ਨਾਲ ਇਕਮਿਕ ਤੇ ਅਭੇਦ ਹੈ। ਇਸ ਦੀ ਪਛਾਣ ਵੀ ਸਿਰਫ਼ ਗੁਰਬਾਣੀ ਹੀ ਹੈ ਅਤੇ ਇਸ ਦਾ ਗਿਆਨ ਤੇ ਅਨੁਭਵ ਵੀ ਗੁਰਬਾਣੀ ਰਾਹੀਂ ਹੀ ਹੈ।

ਉਪਰੋਕਤ ਸਾਰੇ ਵਿਚਾਰਾਂ ਨੂੰ ਧਿਆਨ ਵਿਚ ਰੱਖਦਿਆਂ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਸਲੀ ਸਰੂਪ ਬਾਰੇ ਕੋਈ ਦੋ ਰਾਵਾਂ ਨਹੀਂ ਰਹਿ ਜਾਂਦੀਆਂ। ਸੰਖੇਪ ਵਿਚ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ:

੧. ਆਪ ਪਾਰਬ੍ਰਹਮ-ਪਰਮੇਸ਼ਵਰ ਜੀ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੂਪ ਵਿਚ, ਸਾਰੀ ਸ੍ਰਿਸ਼ਟੀ ਦੇ ਪਾਪਾਂ ਨੂੰ ਖ਼ਤਮ ਕਰਨ, ਸਾਰੇ ਸੰਸਾਰ ਨੂੰ ਮੁਕਤ ਕਰਨ, ਸਭ ਜੀਵਾਂ ਨੂੰ ਸ਼ਬਦ ਅਤੇ ਸਤਿ-ਗੁਰੂ ਦੇ ਰੂਪ ਵਿਚ ਇਸ ਸੰਸਾਰ 'ਤੇ ਪ੍ਰਗਟ ਹੋਏ।

੨.ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਪਾਰਬ੍ਰਹਮ-ਪਰਮੇਸ਼ਵਰ ਦੀ ਨਿਵੇਕਲੀ ਨਾਮ-ਜੋਤਿ ਦਾ ਅਦੁੱਤੀ ਪ੍ਰਕਾਸ਼ ਤੇ ਅੰਗਮੀ ਸ਼ਬਦ-ਗੁਰੂ ਦਾ ਸਾਕਾਰ ਰੂਪ ਹਨ।

੩. ਜਿਸ ਤਰ੍ਹਾਂ ਪਾਰਬ੍ਰਹਮ-ਪਰਮੇਸ਼ਵਰ ਨੇ 'ਪਹਿਲੋ ਦੇ ਤੈਂ ਰਿਜਕੁ ਸਮਾਹਾ॥ ਪਿਛੋ ਦੇ ਤੈਂ ਜੰਤੁ ਉਪਾਹਾ॥', ਜੀਅ-ਜੰਤ ਪੈਦਾ ਕਰਨ ਤੋਂ ਪਹਿਲਾਂ, ਉਨ੍ਹਾਂ ਦੇ ਰਿਜ਼ਕ ਤੇ ਆਹਾਰ ਦਾ ਯੋਗ ਪ੍ਰਬੰਧ ਤੇ ਭਰਪੂਰ ਵਿਵਸਥਾ ਬਣਾ ਦਿੱਤੀ, ਇਸੇ ਤਰ੍ਹਾਂ ਪਰਮਾਤਮਾ ਨੇ ਸਰਬੱਤ ਜੀਅ-ਜੰਤ ਦੇ ਨਿਸਤਾਰੇ ਤੇ ਮੁਕਤੀ ਲਈ, ਆਪਣੀ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਤੋਂ ਪਹਿਲਾਂ ਹੀ, ਆਪਣੇ ਨਿਰਗੁਣ ਸਰੂਪ ਤੋਂ ਨਾਮ-ਜੋਤ ਦਾ ਪ੍ਰਕਾਸ਼ ਕਰ ਕੇ, ਸ਼ਬਦ-ਗੁਰੂ ਸਤਿਗੁਰੂ ਸਰੂਪ ਦੀ ਸਾਜਨਾ ਕੀਤੀ ਅਤੇ ਇਹੀ ਸ਼ਬਦ-ਗੁਰੂ ਸਤਿਗੁਰੂ ਸਰੂਪ, ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਰੂਪ ਵਿਚ, ਪਹਿਲੀ ਵਾਰੀ ਧਰਤੀ 'ਤੇ, ਪੂਰਨ ਤੌਰ 'ਤੇ ਪ੍ਰਗਟ ਹੋਇਆ।

੪.ਜਿਸ ਤਰ੍ਹਾਂ ਇਸ ਸ਼ਬਦ-ਗੁਰੂ ਸਤਿਗੁਰੂ ਸਰੂਪ ਨੇ ਧਰਤੀ 'ਤੇ ਆ ਕੇ ਦਸ ਜਾਮੇ ਧਾਰਨ ਕੀਤੇ, ਇਸ ਤਰ੍ਹਾਂ ਇਸ ਸ਼ਬਦ-ਗੁਰੂ ਸਤਿਗੁਰੂ ਸਰੂਪ ਨੇ, ਪਾਰਬ੍ਰਹਮ-ਪਰਮੇਸ਼ਵਰ ਨਾਲ ਅਭੇਦ, ਆਪਣੇ ਅਦ੍ਰਿਸ਼ਟ-ਅਗੋਚਰ ਰੂਪ ਵਿਚੋਂ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜਾਮਾ ਧਾਰਨ ਕੀਤਾ ਅਤੇ ਪਰਮਾਤਮਾ ਦੀ ਇਸ ਅਨੋਖੀ ਖੇਡ ਤੇ ਵੱਖਰੀ ਕਲਾ, ਕਰ ਕੇ ਹੀ, ਵਿਸ਼ੇਸ਼ ਨੁਹਾਰ, ਵਿਲੱਖਣ ਰੂਪ ਤੇ ਵਡਿਆਈ, ਵਾਲੇ ਦਸ ਸਤਿਗੁਰੂ ਸਰੂਪ ਪ੍ਰਗਟ ਹੋਏ ਤੇ ਅੱਜ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਰੂਪ ਵਿਚ, ਓਹੀ ਸ਼ਬਦ-ਗੁਰੂ ਸਤਿਗੁਰੂ ਸਰੂਪ, ਸੰਪੰਨ ਪ੍ਰਤੱਖ ਦਰਸ਼ਨ ਦੇ ਰਹੇ ਹਨ।

੫.ਇਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸ਼ਬਦ-ਗੁਰੂ ਸਤਿਗੁਰੂ ਸਰੂਪ, 'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ', ਆਦਿ ਤੋਂ ਅੰਤ, ਹਮੇਸ਼ਾਂ ਹੀ, ਇੱਕੋ-ਇੱਕ ਤੇ ਕੇਵਲ ਇੱਕ ਹੀ ਹੈ। ਇਸ ਦਾ ਸਰੂਪ ਸੱਚਾ, ਹੈਸੀਅਤ ਨਿਵੇਕਲੀ, ਪਦਵੀ ਸਭ ਤੋਂ ਵੱਡੀ ਤੇ ਨਿੱਜ ਅਸਤਿੱਤਵ ਰੱਬ-ਰੂਪ ਹੈ।

ਐਸੇ ਸ਼ਬਦ-ਗੁਰੂ ਸਤਿਗੁਰੂ ਸਰੂਪ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ,

ਦਾ ਪਾਵਨ ਪਵਿੱਤਰ ਤੇ ਸੁਹਣਾ ਨਿਰਮਲ ਜਸ, ਹਰਦਮ ਯਾਦ ਰਖਣ ਤੇ ਗਾਇਨ ਕਰਨ ਦੀ ਲੋੜ ਹੈ:

– *ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ॥*
ਗੁਰੁ ਮੇਰਾ ਦੇਉ ਅਲਖ ਅਭੇਉ॥ ਸਰਬ ਪੂਜ ਚਰਨ ਗੁਰ ਸੇਉ॥੧॥
ਗੁਰ ਬਿਨੁ ਅਵਰੁ ਨਾਹੀ ਮੈ ਥਾਉ॥ ਅਨਦਿਨੁ ਜਪਉ ਗੁਰੂ ਗੁਰ ਨਾਉ॥੧॥ਰਹਾਉ॥
ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ॥ ਗੁਰੁ ਗੋਪਾਲੁ ਪੁਰਖੁ ਭਗਵਾਨੁ॥
ਗੁਰ ਕੀ ਸਰਣਿ ਰਹਉ ਕਰ ਜੋਰਿ॥ ਗੁਰੂ ਬਿਨਾ ਮੈ ਨਾਹੀ ਹੋਰੁ॥੨॥
ਗੁਰੁ ਬੋਹਿਥੁ ਤਾਰੇ ਭਵ ਪਾਰਿ॥ ਗੁਰ ਸੇਵਾ ਜਮ ਤੇ ਛੁਟਕਾਰਿ॥
ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ॥ ਗੁਰ ਕੈ ਸੰਗਿ ਸਗਲ ਨਿਸਤਾਰਾ॥੩॥
ਗੁਰੁ ਪੂਰਾ ਪਾਈਐ ਵਡਭਾਗੀ॥ ਗੁਰ ਕੀ ਸੇਵਾ ਦੂਖੁ ਨ ਲਾਗੀ॥
ਗੁਰ ਕਾ ਸਬਦੁ ਨ ਮੇਟੈ ਕੋਇ॥ ਗੁਰੁ ਨਾਨਕੁ ਨਾਨਕੁ ਹਰਿ ਸੋਇ॥

(ਪੰਨਾ ੮੬੪-੬੫)

– *ਪ੍ਰਭ ਦਾਤਉ ਦਾਤਾਰ ਪਰਿਉ ਜਾਚਕੁ ਇਕੁ ਸਰਨਾ॥*
ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ॥
ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ॥
ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ॥
ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥

(ਪੰਨਾ ੧੩੮੬-੮੭)

ਹਵਾਲੇ :

੧. ਗਿਆਨ ਰਤਨਾਵਲੀ ਜਸਬੀਰ ਸਿੰਘ ਸਾਬਰ (ਡਾ.) ਗੁ. ਨਾ. ਦੇਵ ਯੂਨੀਵਰਸਿਟੀ, ਅੰਮ੍ਰਿਤਸਰ ੧੯੯੩, ਸਫ਼ਾ ੨੩੫.

੨. ਭਵਿਖਪੁਰਾਣ ੩੩-੩੫.

੩. ਗਿਆਨ ਰਤਨਾਵਲੀ ਪੂਰਬੋਕਤ, ਸਫ਼ਾ ੨੩੮-੨੩੯.

੪. ਗਿ. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ,ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੯੩, ਸਫ਼ਾ ੬੪.

੫. ਦਸਮ ਗ੍ਰੰਥ, ਬਚਿਤ੍ਰ ਨਾਟਕ ਸਟੀਕ, ਪੰਡਤ ਨਰੈਣ ਸਿੰਘ, ਭਾ. ਜਵਾਹਰ ਸਿੰਘ ਕਿਰਪਾਲ ਸਿੰਘ, ਅੰਮ੍ਰਿਤਸਰ, ੧੯੯੧, ਸਫ਼ਾ ੨੨੫.

੬. ਉਹੀ.

੭. ਪੁਰਾਤਨ ਜਨਮਸਾਖੀ, ਸ. ਸੇਵਾ ਸਿੰਘ ਸੇਵਕ (ਸੰਪਾ.), ਨਿਊ ਬੁਕ ਕੰਪਨੀ, ਜਲੰਧਰ, ੨੦੦੬, ਸਫ਼ਾ ੫੧.

■

ਸਵੈਮਾਣ ਅਤੇ ਅਜ਼ਾਦੀ ਦੇ ਪਰਵਾਨੇ- ਬੱਬਰ ਅਕਾਲੀ

-ਪ੍ਰੋ. ਕਿਰਪਾਲ ਸਿੰਘ ਬਡੁੰਗਰ

ਅਕਾਲ ਪੁਰਖ ਨੇ ਇਸ ''ਧਰਤੀ-ਧਰਮਸਾਲ'' ਉੱਤੇ ਰਚੀਆਂ ਵੱਖ-ਵੱਖ ਜੂਨਾਂ ਵਿੱਚੋਂ ਇਕ ਮਨੁੱਖਾ ਜੂਨ ਪੈਦਾ ਕੀਤੀ ਜਿਸ ਨੂੰ ਬਾਕੀ ਜੂਨਾਂ ਨਾਲੋਂ ਬੌਧਿਕ ਸ਼ਕਤੀ ਬਹੁਤ ਵੱਧ ਬਖਸ਼ਿਸ ਕੀਤੀ ਅਤੇ ਮਨੁੱਖ ਨੂੰ ਉਸ ਦੀ ਇਸ ਬੌਧਿਕ ਸ਼ਕਤੀ ਦੁਆਰਾ ਬਾਕੀ ਜੂਨਾਂ ਉੱਤੇ ਸਰਦਾਰੀ ਬਖਸ਼ ਦਿੱਤੀ, ''ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥'' ਤਥਾ ''ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥'' ਨਤੀਜੇ ਵਜੋਂ ਮਨੁੱਖ ਨੇ ਕਾਦਰ ਵੱਲੋਂ ਬਖਸ਼ੀ ਇਸ ਬੌਧਿਕ ਸ਼ਕਤੀ ਦੁਆਰਾ ਬਾਕੀ ਜੂਨਾਂ ਨੂੰ ਆਪਣੇ ਅਧੀਨ ਕਰ ਲਿਆ। ਮਨੁੱਖ-ਮਾਤਰ ਕਾਦਰ ਦੀ ਇਕ ਵਿਲੱਖਣ, ਅਦਭੁਤ ਅਤੇ ਅਤੀ ਸੁੰਦਰ ਰਚਨਾ ਹੈ। ਇਸ ਦਾ ਰਚਨਹਾਰਾ, ਸਿਰਜਨਹਾਰਾ ਅਤੇ ਸਮੇਟਣਹਾਰਾ ਇਕ ਹੀ ਪਰਮਾਤਮਾ ਹੋਣ ਕਰ ਕੇ ਇਨ੍ਹਾਂ ਅੰਦਰ ਮਾਨਵੀ ਸਾਂਝ ਹੈ, ''ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥ ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ॥'' ਤਥਾ ''ਸਭਨਾ ਕਾ ਮਾ ਪਿਉ ਆਪਿ ਹੈ'' ਪਰੰਤੂ ਇਸ ਮਾਨਵੀ ਸਾਂਝ ਦੇ ਹੁੰਦਿਆਂ ਹੋਇਆਂ ਵੀ ਮਨੁੱਖ-ਮਾਤਰ ਸਮੇਂ ਦੇ ਲੰਮੇ ਸਫਰ ਦੌਰਾਨ ਵੱਖ-ਵੱਖ ਧਰਮਾਂ, ਅਕੀਦਿਆਂ, ਫਿਰਕਿਆਂ, ਸਭਿਆਚਾਰਾਂ, ਵਿਚਾਰਾਂ, ਭਾਸ਼ਾਵਾਂ, ਨਸਲਾਂ, ਰੰਗਾਂ-ਰੂਪਾਂ, ਦੇਸ਼-ਦਿਸ਼ਾਂਤਰਾਂ ''ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥'' ਵਿਚ ਵੰਡਿਆ ਗਿਆ। ਵੱਖ-ਵੱਖ ਜੂਨਾਂ ਨੂੰ ਆਪਣੇ ਵੱਸ ਕਰਨ ਮਗਰੋਂ ਮਨੁੱਖ ਨੇ ਮਨੁੱਖ ਨੂੰ ਆਪਣਾ ਗੁਲਾਮ ਬਣਾਉਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਵਿਸ਼ਵ-ਸਮਾਜ, ਗਰੀਬਾਂ-ਅਮੀਰਾਂ, ਉੱਚਿਆਂ-ਨੀਵਿਆਂ, ਰਾਜਿਆਂ-ਗੁਲਾਮਾਂ, ਮਾਲਕਾਂ-ਸੇਵਾਦਾਰਾਂ ਵਿਚ ਵੰਡਿਆ ਗਿਆ। ਇਸੇ ਤਰ੍ਹਾਂ ਇਕ ਦੇਸ਼ ਦੂਸਰੇ ਦੇਸ਼ ਉੱਤੇ ਭਾਰੂ ਪੈਣ ਲੱਗ ਪਿਆ ਅਤੇ ਉਸ ਨੂੰ ਆਪਣੇ ਅਧੀਨ ਕਰ ਲਿਆ। ਹੌਲੀ-ਹੌਲੀ ਵੱਖ-ਵੱਖ ਦੇਸ਼ਾਂ ਵਿਚ ਵੱਸਿਆ ਅਤੇ ਵੰਡਿਆ ਹੋਇਆ ਵਿਸ਼ਵ-ਸਮਾਜ ਵੱਖ-ਵੱਖ ਗੁੱਟਾਂ-ਬਲਾਕਾਂ ਵਿਚ ਵੰਡਿਆ ਗਿਆ। ਜਿਵੇਂ ਅਮਰੀਕਨ ਬਲਾਕ, ਰਸ਼ੀਅਨ ਬਲਾਕ, ਅਰਬ ਮੁਲਕ ਸਮੂਹ ਆਦਿ ਅਤੇ ਇਸੇ ਤਰ੍ਹਾਂ ਵਿਚਾਰਧਾਰਾਵਾਂ ਦੇ ਆਧਾਰ ਉੱਤੇ ਇਕ ਕਮਿਊਨਿਸਟ ਅਤੇ ਦੂਸਰਾ ਸਰਮਾਏਦਾਰੀ ਤਥਾ ਸਮਾਜਵਾਦੀ ਅਤੇ ਸਾਮਰਾਜਵਾਦੀ ਬਲਾਕ ਹੋਂਦ ਵਿਚ ਆਏ। ਮਨੁੱਖਾਂ ਵੱਲੋਂ ਪੈਦਾ ਕੀਤੀ ਇਸ ਵੰਡ ਨਾਲ ਸੰਸਾਰ ਅੰਦਰ ਆਪਸੀ ਮਾਨਵੀ ਸਾਂਝ ਦੇ

** ਚੇਅਰਮੈਨ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ, ਪੰਜਾਬ; ਸਾਬਕਾ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੯੧੫੮-੦੫੧੦੦*

ਬਾਵਜੂਦ ਤਣਾਅ ਅਤੇ ਨਫ਼ਰਤ ਦਾ ਮਾਹੌਲ ਪੈਦਾ ਹੋ ਗਿਆ। ਸੰਸਾਰ ਨੇ ਕੇਵਲ ੨੦ਵੀਂ ਸਦੀ ਵਿਚ ਹੀ ਦੋ ਸੰਸਾਰ ਮਹਾਂਯੁੱਧ (੧੯੧੪-੧੯੧੯) ਅਤੇ (੧੯੩੯-੧੯੪੫) ਵੇਖੇ ਜਿਸ ਵਿਚ ਬਹੁਤ ਵੱਡੀ ਤਬਾਹੀ ਹੋਈ ਅਤੇ ਪਹਿਲੇ ਮਹਾਂਯੁੱਧ ਦੀਆਂ ਪ੍ਰਾਪਤੀਆਂ ਨੂੰ ਦੂਸਰੇ ਮਹਾਂਯੁੱਧ ਨੇ ਮਲੀਆਮੇਟ ਕਰ ਦਿੱਤਾ ਅਤੇ ਵਿਸ਼ਵ ਦੇ ਦੇਸ਼-ਦਿਸ਼ਾਂਤਰਾਂ ਦੇ ਨਵੇਂ ਦਿਸਹੱਦੇ ਸਥਾਪਿਤ ਕਰ ਦਿੱਤੇ।

ਭਾਰਤ ਦੇਸ਼ ਦੀ ਇਹ ਤਰਾਸਦੀ ਹੀ ਸਮਝੋ ਕਿ ਇਸ ਨੂੰ ਆਪਣਿਆਂ ਨੇ ਹੀ ਵੱਖ-ਵੱਖ ਜਾਤਾਂ, ਵਰਨਾਂ ਅਤੇ ਫਿਰਕਿਆਂ ਵਿਚ ਵੰਡ ਕੇ ਭਾਰਤੀ ਸਮਾਜ ਨੂੰ ਲੀਰੋ-ਲੀਰ ਕਰ ਦਿੱਤਾ ਅਤੇ ਏਕਤਾ ਦੇ ਟੁੱਟਣ ਅਤੇ ਵੰਡੀਆਂ ਪੈ ਜਾਣ ਕਾਰਨ ਅਤੇ ਇੱਥੋਂ ਦੀਆਂ ਛੋਟੀਆਂ-ਛੋਟੀਆਂ ਰਿਆਸਤਾਂ ਵਿਚ ਵੰਡੇ ਹੋਏ ਮੁਲਕ ਵਿਚ ਰਾਜ ਕਰਨ ਵਾਲੇ ਰਾਜੇ (ਮਹਾਰਾਜੇ) ਨਵਾਬ ਅਤੇ ਸੂਬੇਦਾਰ ਵਿਲਾਸੀ ਅਤੇ ਅਯਾਸ਼ੀ ਜ਼ਿੰਦਗੀ ਵਿਚ ਗ਼ਲਤਾਨ ਸਨ ਅਤੇ ਦੇਸ਼ ਅਤੇ ਕੌਮ ਦੀ ਕਿਸੇ ਨੂੰ ਕੋਈ ਚਿੰਤਾ ਨਹੀਂ ਸੀ ਅਤੇ ਇਹ ਸਾਰੇ ਹੀ ਆਪਸੀ ਵੈਰ, ਵਿਰੋਧ ਅਤੇ ਈਰਖਾ ਦਾ ਸ਼ਿਕਾਰ ਸਨ। ਰਾਸਟਰੀ ਭਾਵਨਾ ਬਿੱਲਕੁਲ ਨਾਮਾਤਰ ਹੀ ਸੀ। ਅਜੇ ਵੀ ਇਸ ਭਾਵਨਾ ਦਾ ਅਭਾਵ ਹੀ ਹੈ। ਇਹ ਰਿਆਸਤੀ ਰਾਜੇ ਆਪਣਿਆਂ ਵਿਰੁੱਧ ਵਿਦੇਸ਼ੀ ਹਮਲਾਵਰਾਂ ਦੀ ਮਦਦ ਕਰਦੇ ਰਹੇ। ਮੁਗਲ ਸਲਤਨਤ ਅਤੇ ਅੰਗਰੇਜ਼ੀ ਰਾਜ ਦੀ ਸਥਾਪਤੀ ਦੇ ਇਹ ਵੱਡੇ ਕਾਰਨ ਸਨ। ਦੇਸ਼ ਅਤਿ ਕਮਜ਼ੋਰ ਹੋ ਗਿਆ। ਫਲਸਰੂਪ ਬਾਹਰੀ ਹਮਲੇ ਸ਼ੁਰੂ ਹੋ ਗਏ ਅਤੇ ਇਸ ਦੌਰਾਨ ਜਿੱਥੇ ਦੇਸ਼ ਦਾ ਧਨ, ਦੌਲਤ ਲੁੱਟਿਆ ਗਿਆ, ਉੱਥੇ ਦੇਸ਼ ਦੀ ਅਣਖ ਇੱਥੋਂ ਦੀਆਂ ਬਹੂ-ਬੇਟੀਆਂ ਨੂੰ ਵੀ ਨਾਂਹ ਬਖਸ਼ਿਆ ਗਿਆ ਅਤੇ ਉਨ੍ਹਾਂ ਦੀ ਇੱਜ਼ਤ ਨਾਲ ਖਿਲਵਾੜ ਕੀਤਾ ਗਿਆ ਅਤੇ ਬਸਰੇ ਦੀਆਂ ਮੰਡੀਆਂ ਵਿਚ ਟਕੇ-ਟਕੇ ਵਿਚ ਵੇਚਿਆ ਗਿਆ। ੧੧੯੨ ਈ: ਵਿਚ ਭਾਰਤ ਉੱਤੇ ਸਥਾਪਿਤ ਹੋਈ ਇਸਲਾਮੀ ਸ਼ਕਤੀ ਅਤੇ ਇਸ ਇਸਲਾਮੀ ਸ਼ਕਤੀ ਦੇ ਕਮਜ਼ੋਰ ਪੈ ਜਾਣ ਕਾਰਨ ਦੇਸ਼ ਕਾਲੇ ਅਤੇ ਕਠੋਰ ਦਿਲ ਵਾਲੀ ਗੋਰੀ ਕੌਮ-ਅੰਗਰੇਜ਼ ਦੀ ਗ਼ੁਲਾਮੀ ਦੇ ਜੂਲੇ ਥੱਲੇ ਆ ਗਿਆ। ਇੱਥੋਂ ਦੇ ਕਮਜ਼ੋਰ ਹੋਏ-ਹੋਏ ਅਤੇ ਆਪਸੀ ਵੈਰ-ਵਿਰੋਧ ਕਾਰਨ ਲੀਰੋ-ਲੀਰ ਹੋਏ ਹੋਣ ਕਰ ਕੇ ਭਾਰਤੀ ਲੋਕ ਕੁਝ ਨਾ ਕਰ ਸਕੇ ਸਗੋਂ ਪਹਿਲਾਂ ਇਸਲਾਮੀ ਅਤੇ ਫਿਰ ਈਸਾਈ ਮਤ ਧਾਰਨ ਕਰਨਾ ਸ਼ੁਰੂ ਕਰ ਲਿਆ ਅਤੇ ਵਿਦੇਸ਼ੀਆਂ ਨੂੰ ਹੀ ਆਪਣੇ ਮਾਲਕ ਅਤੇ ਰੱਖਿਅਕ ਮੰਨ ਲਿਆ। ਇਹ ਰਾਜਨੀਤਿਕ ਗ਼ੁਲਾਮੀ ਹੀ ਨਹੀਂ ਸੀ ਸਗੋਂ ਉਸ ਤੋਂ ਵੀ ਖ਼ਤਰਨਾਕ ਗੱਲ ਇਹ ਹੋਈ ਕਿ ਭਾਰਤੀਆਂ ਨੇ ਜ਼ਿਹਨੀ ਗ਼ੁਲਾਮੀ ਹੀ ਕਬੂਲ ਕਰ ਲਈ।

ਭਾਰਤੀ ਸਮਾਜ ਅੰਦਰ ਸਾਹਸ, ਗੈਰਤ, ਗੌਰਵ, ਅਣਖ ਅਤੇ ਸਵੈਮਾਣ ਦਾ ਅਭਾਵ ਹੋ ਗਿਆ ਅਤੇ ਵੱਖ-ਵੱਖ ਖੇਤਰਾਂ ਵਿਚ ਵਿਚਰ ਰਹੇ ਭਾਰਤੀਆਂ ਭਾਵ ''ਰਾਜੇ ਅਤੇ ਪਰਜਾ'' ਨੇ ਦੇਸ਼ ਪ੍ਰਤੀ ਆਪਣਾ ਧਰਮ ਤਥਾ ਫਰਜ਼ ਹੀ ਪਛਾਣਨਾ ਬੰਦ ਕਰ ਦਿੱਤਾ। ਮਹਾਨ ਸੂਫੀ ਫਕੀਰ ਬਾਬਾ ਫਰੀਦ ਜੀ ਨੇ ''ਫਰੀਦਾ ਬਾਰਿ ਪਰਾਇਐ

ਬੈਸਣਾ ਸਾਂਈ ਮੁਝੈ ਨ ਦੇਹਿ॥ ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥'' ਕਥਨ ਕਰਦਿਆਂ ਦੇਸ਼ ਦੇ ਲੋਕਾਂ ਦੀ ਗ਼ੁਲਾਮੀ ਵੱਲ ਸੁਭਾਵਿਕ ਹੀ ਸੰਕੇਤ ਕੀਤਾ ਹੈ। ਲੋਕਾਂ ਉੱਤੇ ਜ਼ੋਰ, ਜਬਰ ਅਤੇ ਜ਼ੁਲਮ ਦਾ ਬੋਲਬਾਲਾ ਸੀ। ਅਜਿਹੇ ਸਮੇਂ ਸਮਾਜਿਕ ਅਤੇ ਧਾਰਮਿਕ ਧੱਕੇ, ਵਿਤਕਰੇ ਅਤੇ ਏਕਾ ਅਧਿਕਾਰ ਵਿਰੁੱਧ ''ਭਗਤੀ ਲਹਿਰ'' ਦੇ ਮੋਢੀ ਸੰਤਾਂ-ਮਹਾਂਪੁਰਖਾਂ ਅਤੇ ਭਗਤਾਂ ਨੇ ਜ਼ੋਰਦਾਰ ਅਵਾਜ਼ ਉਠਾਈ ਅਤੇ ਦੇਸ਼ ਵਾਸੀਆਂ ਖਾਸ ਕਰ ਕੇ ਨੀਵਿਆਂ-ਕੁਚਲੇ ਜਾ ਰਹੇ ਲੋਕਾਂ ਅੰਦਰ ਇਕ ਨਵੀਂ ਰੋਸ਼ਨੀ ਦਾ ਆਗਾਜ਼ ਹੋਣ ਲੱਗਾ ਅਤੇ ਭਾਰਤੀ ਸਮਾਜ ਨੇ ਇਕ ਨਵੀਂ ਅੰਗੜਾਈ ਲਈ। ਇਹ ਧਾਰਮਿਕ ਅਤੇ ਸਮਾਜਿਕ ਲਹਿਰ ਦਾ ਰਸਤਾ ਰਾਜਨੀਤਿਕ ਅਜ਼ਾਦੀ ਵੱਲ ਨੂੰ ਹੀ ਸੇਧਤ ਸੀ। ੧੪੯੯ ਈ: ਵਿਚ ਭਾਰਤੀ ਧਰਾਤਲ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਇਕ ਸੂਰਜ ਪ੍ਰਗਟਿਆ ਜਿਸ ਨੇ ਭਾਰਤੀ ਸਮਾਜ ਦੇ ਹਨੇਰੇ ਮਨਾਂ ਨੂੰ ਜਗਮਗਾਇਆ ਅਤੇ ਉਨ੍ਹਾਂ ਅੰਦਰ ਗੌਰਵ, ਗੈਰਤ, ਅਣਖ ਅਤੇ ਸਵੈਮਾਣ ਨਾਲ ਅਜ਼ਾਦੀ ਦਾ ਜੀਵਨ ਜਿਉਣ ਲਈ ਚਿਣਗ ਪੈਦਾ ਕੀਤੀ। ਭਾਈ ਗੁਰਦਾਸ ਜੀ ਇਸ ਬਾਰੇ ਇਉਂ ਲਿਖਦੇ ਹਨ, ''ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ। ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।'' ਅਤੇ ਕਿਰਤ, ਗ੍ਰਿਹਸਥ ਅਤੇ ਭਗਤੀ ਦੀ ਲਹਿਰ ਦੇ ਨਾਲ-ਨਾਲ ਸ਼ਕਤੀ ਨੂੰ ਜੋੜ ਕੇ ਇਕ ਮੁਕੰਮਲ ਕ੍ਰਾਂਤੀਕਾਰੀ ਲਹਿਰ ਨੂੰ ਜਨਮ ਦਿੱਤਾ। ਲੀਰੋ-ਲੀਰ ਹੋਏ ਭਾਰਤੀ ਸਮਾਜ ਨੂੰ ਮਨੁੱਖੀ ਬਰਾਬਰੀ ਅਤੇ ਏਕਤਾ ਦਾ ਰਸਤਾ ਦ੍ਰਿੜ ਕਰਵਾਇਆ। ਵੀਹਵੀਂ ਸਦੀ ਦੇ ਪ੍ਰਸਿੱਧ ਕਵੀ, ਸ਼ਾਇਰ ਅਤੇ ਦਾਨਿਸ਼ਵਰ ਅਲਾਮਾ ਇਕਬਾਲ ਨੇ ਵੀ ਇਸ ਲਹਿਰ ਬਾਰੇ ਇਉਂ ਲਿਖਿਆ ਹੈ, ''ਫਿਰ ਉਠੀ ਆਖਿਰ ਸਦਾਅ ਤੌਹੀਦ ਕੀ ਪੰਜਾਬ ਸੇ। ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਇਆ ਖ਼ਾਬ ਸੇ।'' ਇਸ ਕ੍ਰਾਂਤੀਕਾਰੀ ਲਹਿਰ ਦੀ ਅਗਵਾਈ ''ਬਾਬਰ-ਜਾਬਰ, ਬਾਬਰ ਜਮਰੂਪ ਅਤੇ ''ਰਾਜੇ ਸੀਹ ਮੁਕਦਮ ਕੁਤੇ'' ਕੇ ਵੰਗਾਰਦਿਆਂ ਕੀਤੀ। ਇੱਥੋਂ ਹੀ ਭਾਵ ੧੫੨੬ ਈ: ਦੇ ਬਾਬਰ ਦੇ ਹਮਲੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਅਰੰਭੇ ਅਜ਼ਾਦੀ ਲਈ ਧਰਮ-ਯੁੱਧ ਨਾਲ ਹੀ ''ਭਾਰਤ ਦੀ ਅਜ਼ਾਦੀ'' ਦੀ ਲੜਾਈ ਸ਼ੁਰੂ ਹੁੰਦੀ ਹੈ। ੧੮੫੭ ਈ: ਦੇ ਗ਼ਦਰ ਨੂੰ ਅਜ਼ਾਦੀ ਦੀ ਪਹਿਲੀ ਲੜਾਈ ਦੱਸਣ ਵਾਲੇ ਲੋਕ ਬੇਲੋੜੇ ਭਰਮ-ਭੁਲੇਖੇ ਖੜ੍ਹੇ ਕਰ ਕੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦਾ ਅਸਫਲ ਯਤਨ ਕਰ ਰਹੇ ਹਨ ਜੋ ਯੋਗ ਬਾਤ ਨਹੀਂ ਹੈ। ਸਿਖਰ ਦੁਪਹਿਰ ਸਮੇਂ ਜਦੋਂ ਸੂਰਜ ਆਪਣੇ ਪੂਰੇ ਜੋਬਨ ਉੱਤੇ ਚਮਕ ਰਿਹਾ ਹੋਵੇ, ਉਸ ਨੂੰ ਮੱਸਿਆ ਦੀ ਕਾਲੀ ਬੋਲੀ ਰਾਤ ਕਹਿਣਾ ਤਾਂ ਦੇਸ਼ ਅਤੇ ਦੇਸ਼ ਦੇ ਇਤਿਹਾਸ ਨਾਲ ਬੇਇਨਸਾਫੀ ਹੈ। ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦੇਸ਼ ਦੀ ਅਣਖ, ਗੌਰਵ, ਗ਼ੈਰਤ, ਸਵੈਮਾਣ ਅਤੇ ਅਜ਼ਾਦੀ ਲਈ ਅਰੰਭੇ ਇਸ ਸੰਘਰਸ਼/ ਧਰਮ-ਯੁੱਧ ਦੌਰਾਨ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ, ਦਸਮੇਸ਼

ਪਿਤਾ ਦੇ ਚਾਰੇ ਸਾਹਿਬਜਾਦੇ, ਮਾਤਾ ਗੁਜਰੀ ਜੀ, ਅਨੇਕਾਂ ਹੀ "ਗੁਰੂ ਕੇ ਸਿੱਖ" ਸਿੰਘਣੀਆਂ ਅਤੇ ਭੁਝੰਗੀ (ਬੱਚੇ) ਅਸਹਿ ਅਤੇ ਅਕਹਿ ਕਸ਼ਟ ਸਿਦਕ-ਦਿਲੀ ਅਤੇ ਦ੍ਰਿੜਤਾ ਨਾਲ ਸਹਾਰਦੇ ਹੋਏ ਸ਼ਹੀਦੀ ਪਾ ਗਏ।

ਸਿੰਘ ਸਭਾ ਲਹਿਰ (੧੮੭੩ ਈ:) ਗਦਰ ਲਹਿਰ, ਬੱਬਰ ਅਕਾਲੀ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਕਿਸਾਨੀ ਨਾਲ ਸੰਬੰਧਿਤ "ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ" ਦੇ ਨਾਹਰੇ ਨਾਲ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਚਾਚਾ ਸ. ਅਜੀਤ ਸਿੰਘ ਵੱਲੋਂ ਅਰੰਭੀ ਲਹਿਰ ਆਦਿ ਸਾਰੀਆਂ ਹੀ ਲਹਿਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਅਰੰਭੇ ਸਰਬਪੱਖੀ ਇਨਕਲਾਬ ਵਿੱਚੋਂ ਹੀ ਉਪਜੀਆਂ ਲਹਿਰਾਂ ਸਨ। ਇਨ੍ਹਾਂ ਸਾਰੀਆਂ ਲਹਿਰਾਂ ਦੀ ਜੁਗਤ, ਕਾਰਜ ਅਤੇ ਨਿਸ਼ਾਨੇ ਦਾ ਸਰੋਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਲਸਫਾ ਹੀ ਸੀ ਜਿਸ ਦਾ ਮੰਤਵ, ਮਨੋਰਥ ਅਤੇ ਆਧਾਰ ਮਨੁੱਖ ਦੇ ਅੰਦਰੋਂ ਮੌਤ ਦਾ ਡਰ ਕੱਢਣਾ, ਜੀਵਨ ਅਣਖ, ਗੈਰਤ ਅਤੇ ਗੌਰਵ ਨਾਲ ਜਿਉਣਾ ਮਨੁੱਖੀ ਬਰਾਬਰੀ, ਸਹਿਹੋਂਦ, ਸਾਂਝੀਵਾਲਤਾ, ਵਿਸ਼ਵਭਾਈਚਾਰਾ, ਰੱਬੀ-ਏਕਤਾ ਅਤੇ ਮਨੁੱਖੀ ਅਜ਼ਾਦੀ ਸੀ। ਆਪਣੇ ਨਿੱਜੀ ਹਿਤਾਂ ਤੋਂ ਉੱਪਰ ਉਠ ਕੇ ਦੇਸ਼, ਕੌਮ ਲਈ "ਅਪਨਾ ਬਿਗਾਰਿ ਬਿਰਾਂਨਾ ਸਾਂਢੈ॥" ਦੇ ਸਿਧਾਂਤ ਅਨੁਸਾਰ "ਸਰਬੱਤ ਦੇ ਭਲੇ" ਦੀ ਭਾਵਨਾ ਨਾਲ ਵਿਚਰਦਿਆਂ ਇਸ "ਬਿਖਮ ਮਾਰਗ" ਦੇ ਪਾਂਧੀ ਹੋਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਮਨ ਫਲਸਫਾ ਦਿੱਤਾ:

- ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨)

- ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥
(ਪੰਨਾ ੫੭੯-੮੦)

- ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥
(ਪੰਨਾ ੧੪੨)

ਸਾਈਂ ਬੁੱਲ੍ਹੇ ਸ਼ਾਹ ਵੱਲੋਂ ਆਖੀ ਗਈ ਇਹ ਕਹਾਵਤ ਠੀਕ ਹੀ ਪ੍ਰਚਲਤ ਹੋਈ, "ਨਾ ਕਹੂੰ ਜਬ ਕੀ ਨਾ ਕਹੂੰ ਤਬ ਕੀ, ਬਾਤ ਕਹੂੰ ਮੈਂ ਅਬ ਕੀ, ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਤੋ ਸੁੰਨਤ ਹੋਤੀ ਸਭ ਕੀ" ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ "ਹਿੰਦ ਦੀ ਚਾਦਰ" ਅਤੇ ਮਨੁੱਖਤਾ ਦੇ ਧਰਮ-ਰੱਖਿਅਕ "ਸਭ ਸ੍ਰਿਸਟੀ ਪੇ ਢਾਪੀ ਚਾਦਰ" ਬਣੇ। ਇਹ ਸੰਘਰਸ਼ ਭਾਵੇਂ ਮੁਗਲ ਸਲਤਨਤ ਵਿਰੁੱਧ ਸੀ ਭਾਵੇਂ ਅੰਗਰੇਜ਼ (ਫਿਰੰਗੀ) ਵਿਰੁੱਧ ਸੀ। ਇਹ ਅਣਕਿਆਸੀਆਂ ਕਠਿਨਾਈਆਂ ਅਤੇ ਕੁਰਬਾਨੀਆਂ ਅਤੇ ਪ੍ਰਿਥੀਏ, ਚੰਦੂ, ਗੰਗੂ ਅਤੇ ਸੁੱਚਾ ਨੰਦ, ਨਿਰੰਜਨੀਏ, ਡੋਗਰਿਆਂ, ਖਾਲਸਾ ਫੌਜਾਂ ਦੇ ਨਮਕਹਰਾਮ

ਅਤੇ ਗਦਾਰ ਜਰਨੈਲਾਂ ਆਦਿ ਅਨੇਕਾਂ ਹੀ ਦੇਸ਼ ਅਤੇ ਖਾਲਸਾ ਪੰਥ ਦੇ ਦੋਖੀਆਂ ਵੱਲੋਂ ਕੀਤੀ ਗਈ ਭਾਰੀ ਗਦਾਰੀ ਅਤੇ ਦੇਸ਼-ਧਰੋਹੀ ਦੇ ਘਿਨਾਉਣੇ ਕਾਰਿਆਂ ਦੇ ਬਾਵਜੂਦ ਨਿਰੰਤਰ ਜਾਰੀ ਰਿਹਾ ਅਤੇ ੧੫ ਅਗਸਤ, ੧੯੪੭ ਨੂੰ ਦੇਸ਼ ਨੂੰ ਵਿਦੇਸ਼ੀ ਗ਼ੁਲਾਮੀ ਦੇ ਜੂਲੇ ਹੇਠੋਂ ਮੁਕੰਮਲ ਰੂਪ ਵਿਚ ਅਜ਼ਾਦ ਕਰਵਾਇਆ। ਨਿਰਸੰਦੇਹ ੧੫ ਅਗਸਤ ੧੯੪੭ ਨੂੰ ਹੋਈ ਦੇਸ਼ ਦੀ ਵੰਡ ਦੁਖਦਾਇਕ ਸੀ, ਅੱਜ ਵੀ ਹੈ ਅਤੇ ਭਵਿੱਖ ਵਿਚ ਵੀ ਰਹੇਗੀ। ਪਰੰਤੂ ਇਸ ਲਈ ਸਿੱਖ ਸੰਘਰਸ਼ ਜ਼ਿੰਮੇਵਾਰ ਨਹੀਂ ਸਗੋਂ ਸਾਡੇ ਦੇਸ਼ ਦੇ ਕਈ ਖੁਦ ਰਾਸ਼ਟਰੀ ਕਹਾਉਣ ਵਾਲੇ ਨੇਤਾ ਸਨ ਜਿਹੜੇ ਚੀਚੀ ਉਂਗਲ ਨੂੰ ਖੂਨ ਲਾ ਕੇ ਸ਼ਹੀਦਾਂ, ਸੁਤੰਤਰਤਾ ਸੰਗਰਾਮੀਆਂ ਅਤੇ ਦੇਸ਼ ਭਗਤਾਂ ਦੀ ਕਤਾਰ ਵਿਚ ਆ ਖਲੋਤੇ ਸਨ, ਜਿਨ੍ਹਾਂ ਨੇ ਰਾਜ ਸ਼ਕਤੀ ਉੱਤੇ ਕਾਹਲ ਵਿਚ ਕਾਬਜ਼ ਹੋ ਕੇ ਰਾਜ-ਭਾਗ ਦਾ ਸਵਾਦ ਮਾਣਨ ਲਈ ਲੱਖਾਂ ਜਾਨਾਂ ਅਜਾਈਂ ਗਵਾਈਆਂ। ਦੇਸ਼ ਵੰਡਿਆ ਗਿਆ। ਸਿੱਖਾਂ ਦੇ ਪਵਿੱਤਰ ਗੁਰਧਾਮ ਪੱਛਮੀ ਪਾਕਿਸਤਾਨ ਵਿਚ ਰਹਿ ਗਏ। ਧਰਮ ਦੇ ਨਾਮ ਉੱਤੇ ਕੀਤੀ ਇਹ ਦੇਸ਼-ਵੰਡ ਅਤਿ ਦੁਖਦਾਈ ਅਤੇ ਗ਼ੈਰ-ਕੁਦਰਤੀ ਸੀ ਅਤੇ ਅੱਜ ਵੀ ਇਸ ਦੇ ਅੱਲੇ ਜ਼ਖਮ ਰਿਸ ਰਹੇ ਹਨ।

ਅਜ਼ਾਦੀ ਦੇ ਇਸ ਲੰਮੇ ਸੰਘਰਸ਼ ਦੌਰਾਨ ਦੇਸ਼ ਅਤੇ ਵਿਦੇਸ਼ ਵਿਚ ਅਨੇਕਾਂ ਛੋਟੀਆਂ-ਵੱਡੀਆਂ ਲਹਿਰਾਂ ਉਠੀਆਂ ਪਰੰਤੂ ਸਭ ਤੋਂ ਵੱਧ, ੮੦ ਫੀ ਸਦੀ ਯੋਗਦਾਨ ਪੰਜਾਬੀਆਂ ਖਾਸ ਕਰ ਕੇ ''ਗੁਰੂ ਕੇ ਸਿੱਖਾਂ'' ਨੇ ''ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥'' ਦੇ ਮਾਰਗ ਉੱਤੇ ਚਲਦਿਆਂ ਪਾਇਆ। ਸੰਘਰਸ਼ ਦੀ ਇਸ ਲੰਬੀ ਗਾਥਾ ਨੂੰ ਹਰ ਰੋਜ਼ ਸਿੱਖ ਅਰਦਾਸ ਵਿਚ ਦੋਵੇਂ ਸਮੇਂ ਦ੍ਰਿੜ੍ਹ ਕਰਵਾਇਆ ਜਾਂਦਾ ਹੈ। ਇਹ ਕੁਰਬਾਨੀਆਂ ਸ਼ੀਰਖੋਰ (ਦੁੱਧ ਚੁੰਘਦੇ) ਬੱਚਿਆਂ ਤੋਂ ਲੈ ਕੇ ੯੨ ਸਾਲ ਦੀ ਉਮਰ ਵਿਚ ਬੰਦ-ਬੰਦ ਕਟਵਾਉਣ ਵਾਲੇ ਅਮਰ ਸ਼ਹੀਦ ਭਾਈ ਮਨੀ ਸਿੰਘ ਜੀ ਤਕ ਦੀਆਂ ਹੋਈਆਂ। ਇਹ ਸਾਰਾ ਇਤਿਹਾਸ, ਵਿਲੱਖਣ, ਗੌਰਵਸ਼ਾਲੀ, ਨਿਰਾਲਾ, ਅਦੁੱਤੀ ਅਤੇ ਲਾਮਿਸਾਲ ਹੈ। ਸਿੱਖ ਕੌਮ ਨੇ ਦੇਸ਼ ਦੀ ਧਰਤੀ ਉੱਤੇ ਤਾਂ ਦ੍ਰਿੜ੍ਹ ਸੰਕਲਪ ਹੋ ਕੇ ਇਹ ਅਜ਼ਾਦੀ ਦਾ ਸੰਘਰਸ਼ ਲੜਿਆ ਹੀ ਸੀ ਸਗੋਂ ਇਸ ਦੇ ਨਾਲ-ਨਾਲ ਉਨ੍ਹਾਂ ਨੇ ਵਿਦੇਸ਼ਾਂ ਦੀਆਂ ਧਰਤੀਆਂ ਉੱਤੇ ਵੀ ਇਹ ਸੰਘਰਸ਼ ਪੂਰੀ ਸਿਦਕਦਿਲੀ ਨਾਲ ਲੜਿਆ ਜਿਵੇਂ ਕਿ ''ਕਾਮਾਗਾਟਾਮਾਰੂ ਜਹਾਜ਼'' ਅਤੇ ਗਦਰ ਲਹਿਰ ਦੇ ਜੁਝਾਰੂ ਯੋਧਿਆਂ ਵੱਲੋਂ ਇਕ ਨਿਵੇਕਲਾ ਇਤਿਹਾਸ ਸਿਰਜਿਆ ਗਿਆ। ਇਸੇ ਤਰ੍ਹਾਂ ਪੰਜਾਬ ਦੀ ਧਰਤੀ ਉੱਤੇ ''ਬੱਬਰ ਅਕਾਲੀ ਲਹਿਰ'' ਉੱਠੀ ਜਿਸ ਦੌਰਾਨ ਸਿੰਘਾਂ ਨੇ ਬਹੁਤ ਵੱਡੀਆਂ ਕੁਰਬਾਨੀਆਂ ਕੀਤੀਆਂ ਅਤੇ ਅਜ਼ਾਦੀ ਦਾ ਸਮਾਂ ਹੋਰ ਵੀ ਨੇੜੇ ਲਿਆਂਦਾ। ਇਸ ਲੇਖ ਵਿਚ ''ਬੱਬਰ ਅਕਾਲੀ ਲਹਿਰ'' ਬਾਰੇ ਸੰਖੇਪ ਵਿਚ ਵਿਚਾਰ ਕਰਨ ਦਾ ਹੰਭਲਾ ਮਾਰਿਆ ਜਾ ਰਿਹਾ ਹੈ ਤਾਂ ਜੋ ਸਰਲ ਭਾਸ਼ਾ ਵਿਚ ਸਾਡੀ ਅਜੋਕੀ ਨੌਜਵਾਨ ਪੀੜ੍ਹੀ ਨੂੰ ਉਸ ਗੌਰਵਮਈ ਅਤੇ ਸ਼ਾਨਾਂਮੱਤੇ ਇਤਿਹਾਸ ਦੇ ਪੰਨਿਆਂ ਉੱਤੇ ਝਾਤ ਪਵਾਈ ਜਾ ਸਕੇ।

ਵਰਣਨਯੋਗ ਹੈ ਕਿ ਵਿਦੇਸ਼ੀ ਹਮਲਾਵਰਾਂ ਨੇ ਦੇਸ਼ ਦੇ ਰਾਜ-ਭਾਗ ਉੱਤੇ ਕਾਬਜ਼ ਹੋ ਕੇ ਭਾਰਤ ਨੂੰ ਗ਼ੁਲਾਮ ਬਣਾ ਲੈਣ ਉਪਰੰਤ ਵਿਦੇਸ਼ੀਆਂ ਪਾਸੋਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਵਿੱਢੇ ਸੰਘਰਸ਼ ਵਿਚ ਸਰਗਰਮ ਹਿੱਸਾ ਪਾਉਣ ਵਾਲਿਆਂ ਵਿਰੁੱਧ ਵਿਦੇਸ਼ੀਆਂ ਦੀ ਮਦਦ ਕਰਨ ਵਾਲੇ ਝੋਲੀ-ਚੁੱਕ ਟੋਡੀ ਲੋਕ ਇਨ੍ਹਾਂ ਅਜ਼ਾਦੀ ਦੇ ਪਰਵਾਨਿਆਂ ਦੀ ਮੁਖਬਰੀ ਕਰ ਕੇ ਗ੍ਰਿਫਤਾਰ ਕਰਾਉਣ ਲਈ ਦੇਸ਼ ਧਰੋਹੀ ਦਾ ਘਿਨਾਉਣਾ ਧੰਦਾ ਕਰ ਕੇ ਵਿਦੇਸ਼ੀਆਂ ਪਾਸੋਂ ਇਨਾਮ ਵਜੋਂ ਵੱਡੀਆਂ ਜਗੀਰਾਂ ਅਤੇ ਮੁਰਾਤਬੇ ਪ੍ਰਾਪਤ ਕਰਦੇ ਰਹੇ। ਦੇਸ਼ ਭਗਤਾਂ ਨਾਲ ਵੈਰ ਕਮਾਉਣ ਅਤੇ ਦੁਸ਼ਟਾਂ ਦਾ ਸਾਥ ਦੇਣ ਵਾਲੇ ਅਜਿਹੇ ਲੋਭੀ, ਲਾਲਚੀ ਅਤੇ ਦੇਸ਼-ਧਰੋਹੀ ਬਿਰਤੀ ਵਾਲੇ ਲੋਕਾਂ ਬਾਰੇ ਗੁਰਬਾਣੀ ਸਾਨੂੰ ਇਉਂ ਸੇਧ ਦਿੰਦੀ ਹੈ। ਸਤਿਗੁਰੂ ਜੀ ਸਪਸ਼ਟ ਕਰਦੇ ਹਨ ਕਿ ਅਜਿਹੇ ਤ੍ਰਿਸ਼ਨਾਲੂ ਲੋਕ ਆਪਣੀਆਂ ਅਮੁੱਕ ਤ੍ਰਿਸ਼ਨਾਵਾਂ ਦੀ ਅੱਗ ਵਿਚ ਹੀ ਹਮੇਸ਼ਾਂ ਸੜਦੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਹਲਤ ਅਤੇ ਪਲਤ ਵਿਚ ਸੁਖ-ਸ਼ਾਂਤੀ ਪ੍ਰਾਪਤ ਨਹੀਂ ਹੁੰਦੀ ਸਗੋਂ ਉਹ ਹਮੇਸ਼ਾਂ ਹੀ ਹਲਕਾਏ ਕੁੱਤੇ ਵਾਂਗ ਦੁਬਿਧਾ ਵਿਚ ਇਧਰ-ਉਧਰ ਦੌੜਦੇ ਅਤੇ ਤ੍ਰਿਸ਼ਨਾ ਦੀ ਅੱਗ ਵਿਚ ਸੜਦੇ ਰਹਿੰਦੇ ਹਨ। ਗੁਰਵਾਕ ਹੈ:

- ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥
ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥
ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ॥
ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ॥
ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ॥ *(ਪੰਨਾ ੬੪੯)*

- ਜੀਅਹੁ ਮੈਲੇ ਬਾਹਰਹੁ ਨਿਰਮਲ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥ *(ਪੰਨਾ ੯੧੯)*

ਅਜਿਹੇ ਲੋਕਾਂ ਦੀ ਬੁੱਧੀ ਇਤਨੀ ਭ੍ਰਿਸ਼ਟ ਹੋ ਜਾਂਦੀ ਹੈ ਅਤੇ ਆਤਮਾ ਇਤਨੀ ਮਲੀਨ ਹੋ ਜਾਂਦੀ ਹੈ ਕਿ ਪਾਪਾਂ ਦੀ ਇਸ ਗੰਦੀ ਖੇਡ ਵਿਚ ਹੀ ਮਸਤ ਰਹਿੰਦੇ ਹਨ ਅਤੇ ਅੰਤ ਨੂੰ ਆਪਣੀ ਪਾਪਾਂ ਦੀ ਪੰਡ ਭਾਰੀ ਕਰ ਕੇ ਇਸ ਸੰਸਾਰ ਤੋਂ ਆਪਣੇ ਦੁਰਲੱਭ ਜੀਵਨ ਨੂੰ ਬਰਬਾਦ ਕਰ ਕੇ ਪੱਲਾ ਝਾੜ ਕੇ ਅਤੇ ਹਾਰ ਕੇ ਤੁਰਦੇ ਲੱਗਦੇ ਹਨ ਅਤੇ ਉਹ ਹਮੇਸ਼ਾਂ ਕਈ ਲੋਕਾਂ ਦੀ ਘਿਰਣਾ ਦੇ ਪਾਤਰ ਬਣੇ ਰਹਿੰਦੇ ਹਨ। ਗੁਰ-ਫੁਰਮਾਨ ਹੈ:

ਪਾਪੁ ਬੁਰਾ ਪਾਪੀ ਕਉ ਪਿਆਰਾ॥ ਪਾਪਿ ਲਦੇ ਪਾਪੇ ਪਾਸਾਰਾ॥

(ਪੰਨਾ ੯੩੫)

ਅੰਗਰੇਜ਼ ਨੇ ਰਾਜ ਸ਼ਕਤੀ, ਜਬਰ, ਜ਼ੁਲਮ ਅਤੇ ਧੋਖੇ ਨਾਲ ਭਾਰਤ ਉੱਤੇ ਕਾਬਜ਼ ਹੋ ਕੇ ਇਕ ਮਜ਼ਬੂਤ ''ਜਾਬਰ ਸ਼ਕਤੀ'' ਸਥਲ (ਮਹਿਲ) ਉਸਾਰ ਲਿਆ ਸੀ। ਪਿੰਡ

ਦਾ ਚੌਕੀਦਾਰ, ਨੰਬਰਦਾਰ, ਇਨਾਮਦਾਰ, ਕੁਰਸੀ-ਨਸ਼ੀਨ, ਜੈਲਦਾਰ, ਸਫੈਦਪੋਸ਼, ਜਗੀਰਦਾਰ ਅਤੇ ਜ਼ਾਲਮ ਪੁਲਿਸ ਪ੍ਰਬੰਧ ਇਸ ''ਜ਼ੁਲਮੀ ਸ਼ਕਤੀ'' ਦੇ ਮਹਿਲ ਦੇ ਮਜਬੂਤ ਸਤੰਭ ਸਨ। ਇਹ ਭਾਰਤੀ ਲੋਕ ਆਪਣੀਆਂ ਨਿੱਕੀਆਂ-ਨਿੱਕੀਆਂ ਗਰਜ਼ਾਂ ਦੀ ਪੂਰਤੀ, ਫੋਕੀ ਸ਼ੋਹਰਤ ਅਤੇ ਹਉਮੈ ਅਤੇ ਵਿਦੇਸ਼ੀ ਮਾਲਕਾਂ ਨੂੰ ਖੁਸ਼ ਕਰਨ ਖਾਤਰ ਆਪਣੇ ਹੀ ਭਰਾਵਾਂ ਉੱਤੇ ਜ਼ੁਲਮ ਢਾਹ ਰਹੇ ਸਨ ਅਤੇ ਦੇਸ਼ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਦੀਆਂ ਮਜ਼ਬੂਤ ਕੜੀਆਂ ਬਣ ਕੇ ਦੇਸ਼ ਧਰੋਹੀ ਦੇ ਧੰਦੇ ਵਿਚ ਬੜੀ ਬੇਹਿਯਾਹੀ ਨਾਲ ਕਾਰਜਸ਼ੀਲ ਸਨ। ਖਾਲਸਾ ਪੰਥ ਲਈ ਲੋਕਾਂ ਨਾਲ ਹੁੰਦੀ ਇਸ ਧਿੰਕਾਜ਼ੋਰੀ, ਬੇਰਹਿਮੀ, ਜਬਰ, ਜ਼ੁਲਮ, ਦੁਰਾਚਾਰ ਅਤੇ ਅਤਿਆਚਾਰ ਨੂੰ ਝੱਲਣਾ ਮੁਸ਼ਕਲ ਸੀ। ਇਸ ਲਈ ''ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ'' ਅਨੁਸਾਰ ਇਨ੍ਹਾਂ ਗੰਭੀਰ ਅਤੇ ਖੂਨੀ ਚੁਣੌਤੀਆਂ ਨੂੰ ਵੰਗਾਰਿਆ ਅਤੇ ਇਨ੍ਹਾਂ ''ਜ਼ੁਲਮੀ ਸ਼ਕਤੀ ਦੇ ਮਹਿਲ'' ਦੇ ਮਜ਼ਬੂਤ ਸਤੰਬਾਂ ਨੂੰ ਨਿਸ਼ਾਨਾਂ ਬਣਾਇਆ ਤਾਂ ਜੋ ਇਸ ਜਾਬਰ ਅਤੇ ਜ਼ੁਲਮ ਦੇ ਮਹਿਲ ਨੂੰ ਢਾਹ-ਢੇਰੀ ਕੀਤਾ ਜਾ ਸਕੇ। ਜਦੋਂ ਇਹ ਸਤੰਬ ਸਿੱਖ-ਸ਼ਕਤੀ ਸਾਹਮਣੇ ਕੰਬ ਰਹੇ ਸਨ ਅਤੇ ਜਾਬਰ ਸ਼ਕਤੀ ਦਾ ਮਹਿਲ ਹੈਰਾਨ, ਪ੍ਰੇਸ਼ਾਨ ਹੁੰਦਿਆਂ ਹੋਇਆਂ ਡਾਵਾਂਡੋਲ ਹੋ ਰਿਹਾ ਸੀ ਤਦੋਂ ਉਸ ਪ੍ਰਕ੍ਰਿਆ ਨਾਲ ਮੁਰਦਾ ਭਾਰਤੀ ਜਨਤਾ ਅੰਦਰ ਇਕ ਨਵਾਂ ਜੋਸ਼, ਜਜ਼ਬਾ, ਜਾਗ੍ਰਿਤੀ, ਗੈਰਤ ਅਤੇ ਅਣਖ ਜਾਗਣ ਲੱਗੀ ਅਤੇ ਲੋਕਾਂ ਦੇ ਮਨਾਂ ਵਿੱਚੋਂ ਮੌਤ ਦਾ ਡਰ ਅਤੇ ਰਾਜ ਦੀ ਦਹਿਸ਼ਤ ਖਤਮ ਹੋਣ ਲੱਗੀ ਅਤੇ ਇਉਂ ਮਜ਼ਬੂਤ ਲੋਕ-ਲਹਿਰਾਂ ਖੜ੍ਹੀਆਂ ਹੋ ਗਈਆਂ।

ਇਤਿਹਾਸ ਗਵਾਹ ਹੈ ਕਿ ਇਸ ਲੰਮੇ ਸੰਘਰਸ਼ ਦੌਰਾਨ ਪਹਿਲਾਂ ਮੁਗਲਾਂ ਵਿਰੁੱਧ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਚਾਰ ਲੜਾਈਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਛੋਟੀਆਂ-ਵੱਡੀਆਂ ਕਈ ਲੜਾਈਆਂ, ਬਾਬਾ ਬੰਦਾ ਸਿੰਘ ਬਹਾਦਰ ਅਤੇ ਬਾਰ੍ਹਾਂ ਸਿੱਖ ਮਿਸਲਾਂ ਵੱਲੋਂ ਕੀਤੇ ਜ਼ੋਰਦਾਰ ਸੰਘਰਸ਼ ਦੌਰਾਨ ਮੁਗਲ ਸਲਤਨਤ ਦੀ ਮਦਦ ਕਰਨ ਅਤੇ ਮੁਖਬਰੀਆਂ ਕਰਨ ਵਾਲੇ ਅਤੇ ਦੇਸ਼-ਧਰੋਹੀ ਦੇ ਕੂੜੇ ਧੰਦੇ ਵਿੱਚੋਂ ਇਨਾਮ ਖੱਟਣ ਵਾਲੇ ਇੱਥੋਂ ਦੇ ਭਾਰਤੀ ਲੋਕ ਅਤੇ ਛੋਟੀਆਂ-ਛੋਟੀਆਂ ਭਾਰਤੀ ਰਿਆਸਤਾਂ ਦੇ ਰਾਜੇ ਅਤੇ ਜਗੀਰਦਾਰ, ਜ਼ੈਲਦਾਰ ਅਤੇ ਸਫੈਦਪੋਸ਼ ਆਦਿ ਹੀ ਸਨ। ਫਿਰ ਮਹਾਰਾਜਾ ਰਣਜੀਤ ਸਿੰਘ ਦੇ ੧੮੩੯ ਈ: ਨੂੰ ਅਕਾਲ ਚਲਾਣੇ ਉਪਰੰਤ ਖ਼ਾਲਸਾ ਫੌਜਾਂ ਵੱਲੋਂ ਫਿਰੰਗੀਆਂ ਵਿਰੁੱਧ ਲੜੀਆਂ ਗਈਆਂ ਸਾਰੀਆਂ ਲੜਾਈਆਂ ਵਿਚ ਭਾਰਤੀ ਫੌਜਾਂ ਹੀ ਫਿਰੰਗੀਆਂ ਦੀਆਂ ਫੌਜਾਂ ਨਾਲ ਮਿਲ ਕੇ ਲੜਦੀਆਂ ਰਹੀਆਂ ਅਤੇ ਦੇਸ਼ ਨੂੰ ਮੁਕੰਮਲ ਰੂਪ ਵਿਚ ਫਿਰੰਗੀਆਂ ਦੀ ਗ਼ੁਲਾਮੀ ਦੇ ਜੂਲੇ ਥੱਲੇ ਧਕੇਲ ਦਿੱਤਾ।

ਸਿੰਘਾਂ ਅਤੇ ਫਿਰੰਗੀਆਂ ਦੇ ਦਰਮਿਆਨ ਲੜੀਆਂ ਗਈਆਂ ਲੜਾਈਆਂ ਦੇ ਇਸ ਤੱਥ ਦੀ ਪੁਸ਼ਟੀ ਪੰਜਾਬ ਦੇ ਪ੍ਰਸਿੱਧ ਕਵੀ ਅਤੇ ਸ਼ਾਇਰ ਅਤੇ ਚਸ਼ਮਦੀਦ ਗਵਾਹ ਸ਼ਾਹ ਮੁਹੰਮਦ ਨੇ ਆਪਣੀ ਪੁਸਤਕ ''ਜੰਗਨਾਮਾ ਸਿੰਘਾਂ ਅਤੇ ਫਿਰੰਗੀਆਂ

ਦਾ' ਵਿਚ ਇਉਂ ਕੀਤੀ ਹੈ:

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।...
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਇਸ ਦੇ ਨਾਲ ਹੀ ਲਾਹੌਰ ਦਰਬਾਰ ਦੇ ਅਹਿਲਕਾਰਾਂ ਅਤੇ ਖਾਲਸਾ ਫੌਜਾਂ ਦੇ ਜਰਨੈਲਾਂ ਖਾਸ ਕਰ ਕੇ ਮਿਸਰ ਲਾਲ ਸਿਹੁੰ, ਤੇਜ ਸਿਹੁੰ, ਡੋਗਰੇ ਧਿਆਨ ਸਿਹੁੰ, ਹੀਰਾ ਸਿਹੁੰ, ਗੁਲਾਬ ਸਿਹੁੰ, ਪਹਾੜਾ ਸਿਹੁੰ ਆਦਿ ਵੱਲੋਂ ਕੀਤੀ ਗਈ ਗਦਾਰੀ ਦੀ ਪੁਸ਼ਟੀ ਵੀ ਸ਼ਾਹ ਮੁਹੰਮਦ ਨੇ ਆਪਣੀ ਇਸੇ ਪੁਸਤਕ ਵਿਚ ਕੀਤੀ ਹੈ। ਲਾਹੌਰ ਦਰਬਾਰ ਦੇ ਵੱਡੇ ਅਹਿਲਕਾਰਾਂ, ਖਾਲਸਾ ਫੌਜਾਂ ਦੇ ਗਦਾਰ, ਨਮਕ ਹਰਾਮ, ਅਕ੍ਰਿਤਘਣ ਜਰਨੈਲਾਂ ਦੀ ਗਦਾਰੀ ਅਤੇ ਅੰਗਰੇਜ਼ ਦੀ ਕਮਾਨ ਹੇਠ ਖ਼ਾਲਸਾ ਫੌਜਾਂ ਵਿਰੁੱਧ ਭਾਰਤੀ ਫੌਜਾਂ ਵੱਲੋਂ ਲੜੀਆਂ ਲੜਾਈਆਂ ਆਦਿ ਕਾਰਨਾਂ ਕਰ ਕੇ ਅੰਤ ੧੮੪੯ ਈ: ਨੂੰ ਅੰਗਰੇਜ਼ ਨੇ ਬੜੀ ਬੇਹਿਯਾਈ ਅਤੇ ਧੋਖੇਧੜੀ ਨਾਲ ਦੇਸ਼ ਪੰਜਾਬ ਨੂੰ ''ਜਬਤ'' ਕਰ ਲਿਆ ਅਤੇ ਇਸ ਤਰ੍ਹਾਂ ''ਸਮੁੱਚਾ ਭਾਰਤ'' ਹੀ ਫਿਰੰਗੀ ਦਾ ਗ਼ੁਲਾਮ ਹੋ ਗਿਆ। ਪਰੰਤੂ ਬਹੁਤ ਹੀ ਥੋੜ੍ਹੇ ਸਮੇਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨਾਲ ਸਰਸ਼ਾਰ ਸੰਤ-ਸਿਪਾਹੀ ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀ ਦੇ ਉੱਤਰਾਧਿਕਾਰੀ ਬਾਬਾ ਮਹਾਰਾਜ ਸਿੰਘ ਜੀ ਪਿੰਡ ਉੱਚੀ ਰੱਬੋਂ (ਨੇੜੇ ਖੰਨਾ) ਵਾਲਿਆਂ ਨੇ ਅੰਗਰੇਜ਼ੀ ਹਕੂਮਤ ਵਿਰੁੱਧ ਦੇਸ਼ ਨੂੰ ਅਜ਼ਾਦ ਕਰਾਉਣ ਲਈ ਬਗ਼ਾਵਤ ਦਾ ਝੰਡਾ ਚੁੱਕ ਲਿਆ ਅਤੇ ਪੂਰੀ ਵਿਉਂਤਬੰਦੀ ਨਾਲ ਅੰਗਰੇਜ਼ ਤੋਂ ਪੰਜਾਬ ਨੂੰ ਅਜ਼ਾਦ ਕਰਾਉਣ ਲਈ ਸਾਰੀ ਯੋਜਨਾ ਬਣਾਈ ਗਈ ਅਤੇ ੩ ਜਨਵਰੀ, ੧੮੫੦ ਈ: ਨੂੰ ਇਹ ਕਾਰਜ ਨੇਪਰੇ ਚਾੜ੍ਹਿਆ ਜਾਣਾ ਸੀ ਪਰੰਤੂ ਨਾਲ ਦੇ ਹੀ ਇਕ ਸਾਥੀ ਵੱਲੋਂ ਲਾਲਚ ਕਾਰਨ ਗ਼ਦਾਰੀ ਕਰਨ ਕਰ ਕੇ ਬਾਬਾ ਮਹਾਰਾਜ ਸਿੰਘ ਨੂੰ ੨੮ ਦਸੰਬਰ, ੧੮੪੯ ਈ: ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਅਨੇਕਾਂ ਹੀ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਉਨ੍ਹਾਂ ਨੂੰ ਸਿੰਘਾਪੁਰ ਦੀ ਜੇਲ ਅੰਦਰ ੫ ਜੁਲਾਈ, ੧੮੫੬ ਨੂੰ ਸ਼ਹੀਦ ਕਰ ਦਿੱਤਾ ਗਿਆ। ਪਰੰਤੂ ਦੇਸ਼ ਦੀ ਅਜ਼ਾਦੀ ਲਈ ਸਿੱਖ-ਸੰਘਰਸ਼ ਨਿਰੰਤਰ ਜਾਰੀ ਰਿਹਾ। ਇਸ ਤਰ੍ਹਾਂ ਸਪਸ਼ਟ ਹੈ ਕਿ ਫਿਰੰਗੀ ਦੀ ਸਰਕਾਰ ਵਿਰੁੱਧ ਅਤੇ ਉਸ ਤੋਂ ਦੇਸ਼ ਨੂੰ ਅਜ਼ਾਦ ਕਰਾਉਣ ਹਿਤ ਸਭ ਤੋਂ ਪਹਿਲਾਂ ਸੰਘਰਸ਼ ਤਥਾ ਅਜ਼ਾਦੀ ਦੀ ਲੜਾਈ ਖਾਲਸਾ ਪੰਥ ਨੇ ਹੀ ਅਰੰਭੀ।

੧੮੭੩ ਈ: ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖ਼ਾਲਸਾ ਕਾਲਜ ਦੇ ਚਾਰ ਸਿੱਖ ਵਿਦਿਆਰਥੀਆਂ ਦੇ ਈਸਾਈ ਮੱਤ ਧਾਰਨ ਕਰਨ ਨੂੰ ਸਿੱਖ ਕੌਮ ਅੰਦਰ ਆ ਰਹੇ

ਨਿਆਰ ਨੂੰ ਭਾਂਪਦਿਆਂ ਹੋਇਆਂ ਸਿੱਖਾਂ ਅੰਦਰ ਸਿੱਖੀ ਵਿਚ ਪਰਪੱਕਤਾ ਕਾਇਮ ਕਰਨ ਅਤੇ ਸਰਬਪੱਖੀ ਸੁਤੰਤਰਤਾ ਦਾ ਜਜ਼ਬਾ ਉਜਾਗਰ ਕਰਨ ਹਿਤ ਗਿਆਨੀ ਦਿੱਤ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਵੱਲੋਂ ਸਿੰਘ ਸਭਾ ਲਹਿਰ ਅਰੰਭ ਕੀਤੀ ਗਈ ਅਤੇ ਇਸ ਲਹਿਰ ਦੇ ਪ੍ਰਚੰਡ ਹੋਣ ਨਾਲ ਜਿੱਥੇ ਸਿੱਖ ਨੌਜੁਆਨਾਂ ਅੰਦਰ ਸਿੱਖੀ ਦਾ ਜਜ਼ਬਾ ਪਰਪੱਕ ਹੋਇਆ ਉੱਥੇ ਦੇਸ਼ ਨੂੰ ਅਜ਼ਾਦ ਕਰਾਉਣ ਹਿਤ ਨਿਰੰਤਰ ਚੱਲ ਰਹੇ ਸਿੱਖ ਸੰਘਰਸ਼ ਨੂੰ ਵੀ ਪੂਰਾ ਬਲ ਮਿਲਿਆ। ਵੀਹਵੀ ਸਦੀ ਦੇ ਅਰੰਭ ਵਿਚ ਸਿੱਖ-ਸੰਘਰਸ਼ ਦੇਸ਼ ਅਤੇ ਵਿਦੇਸ਼ਾਂ ਦੀ ਧਰਤੀ ਉੱਤੇ ਵੱਖ-ਵੱਖ ਰੂਪਾਂ ਵਿਚ ਪੂਰੇ ਜੋਸ਼ ਅਤੇ ''ਨਿਸਚੈ ਕਰ ਅਪਨੀ ਜੀਤ ਕਰੋਂ'' ਦੇ ਜਜ਼ਬੇ ਨਾਲ ਅਰੰਭ ਹੋਇਆ।

ਇਸ ਤਰ੍ਹਾਂ ਇਹ ਸਪਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਿੱਖ ਕੌਮ ਤਥਾ ਖਾਲਸਾ ਪੰਥ ਨੇ ਨਾ ਤਾਂ ਮੁਗਲਾਂ ਦੀ ਸਰਦਾਰੀ ਕਬੂਲੀ ਅਤੇ ਨਾ ਹੀ ਅੰਗਰੇਜ਼ ਫਿਰੰਗੀ ਦੀ। ਸਾਰਾ ਲੰਬਾ ਸੰਘਰਸ਼ ਮੁੱਢਲੇ ਤੌਰ ਉੱਤੇ ਸ਼ਾਂਤਮਈ ਹੀ ਸੀ ਪਰੰਤੂ ਜਦੋਂ ਜ਼ਾਲਮ ਦੇ ਜਬਰ ਦੀ ਸਿਖਰ ਆ ਜਾਂਦੀ ਰਹੀ ਤਾਂ ਫਿਰ, ''ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ। ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।'' ਅਰਥਾਤ ਜਦੋਂ ਸਾਰੇ ਸ਼ਾਂਤਮਈ ਹੀਲੇ ਨਾਕਾਮਯਾਬ ਹੋ ਜਾਣ ਤਾਂ ਫਿਰ ਤਲਵਾਰ ਚੁੱਕਣੀ ਹੀ ਜਾਇਜ਼ ਹੈ, ਦੇ ਸਿਧਾਂਤ ਅਨੁਸਾਰ ਖਾਲਸਾ ਪੰਥ ਨੇ ਹਥਿਆਰਬੰਦ ਘੋਲ ਵੀ ਕੀਤਾ। ਇਹ ਗੁਰੂ-ਕਾਲ ਵਿਚ ਵੀ ਹੋਇਆ ਅਤੇ ਗੁਰੂ-ਕਾਲ ਤੋਂ ਮਗਰੋਂ ਵੀ। ਜਦੋਂ ਅੰਗਰੇਜ਼ ਨੇ ਸਿੱਖ ਰਾਜ ਖਤਮ ਕਰ ਕੇ ''ਦੇਸ਼ ਪੰਜਾਬ'' ਉੱਤੇ ਧੋਖੇ ਨਾਲ ਕਬਜ਼ਾ ਕਰ ਲਿਆ ਤਾਂ ਸਿੱਖ ਕੌਮ ਨੂੰ ਅਤਿ ਕਮਜ਼ੋਰ ਕਰਨ ਹਿਤ ਸਿੱਖੀ ਦੇ ਸੋਮਿਆਂ ''ਗੁਰਦੁਆਰਾ ਸਾਹਿਬਾਨ'' ਦੇ ਪ੍ਰਬੰਧ ਉੱਤੇ ਆਪਣੇ ਪਾਲਤੂ ਟੋਡੀਆਂ-ਮਹੰਤਾਂ ਅਤੇ ਗੁੰਡਿਆਂ ਦਾ ਕਬਜ਼ਾ ਕਰਵਾ ਕੇ ਗੁਰਦੁਆਰਾ ਸਾਹਿਬਾਨ ਦੀ ਸ਼ਰ੍ਹੇਆਮ ਬੇਹੁਰਮਤੀ ਕਰਵਾਈ ਜਾਣ ਲੱਗੀ ਅਤੇ ਗੁਰ-ਮਰਿਆਦਾ ਨੂੰ ਤਹਿਸ-ਨਹਿਸ ਕਰ ਦਿੱਤਾ ਜਾਣ ਲੱਗਾ ਅਤੇ ਗੁਰਬਾਣੀ ਅਤੇ ਸਿੱਖ-ਸਿਧਾਂਤ ਬਾਰੇ ਕਈ ਕਿਸਮ ਦੇ ਭਰਮ-ਭੁਲੇਖੇ ਖੜ੍ਹੇ ਕੀਤੇ ਜਾਣ ਲੱਗੇ (ਕੁਝ ਸ਼ਕਤੀਆਂ ਅੱਜ ਵੀ ਇਹ ਨਖਿਧ ਅਤੇ ਕੂੜਾ ਪੰਥ ਵਿਰੋਧੀ ਧੰਦਾ ਪੂਰੀ ਤਰ੍ਹਾਂ ਸ਼ਾਤਰ ਅਤੇ ਸਾਜ਼ਿਸ਼ੀ ਢੰਗ ਨਾਲ ਕਰ ਰਹੀਆਂ ਹਨ, ਜਿਸ ਨਾਲ ਨਿਸਚੇ ਹੀ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ ਅਤੇ ਅਸੀਂ ਆਪਣੀ ਥੋੜ੍ਹਚਿਰੀਆਂ ਅਤੇ ਨਿਗੂਣੀਆਂ ਗਰਜ਼ਾਂ ਨਿਜਪ੍ਰਸਤੀ ਅਤੇ ਪਰਵਾਰਪ੍ਰਸਤੀ ਦੇ ਮੋਹ-ਜਾਲ ਵਿਚ ਫਸੇ ਹੋਏ ਹੋਣ ਕਰ ਕੇ ਸਾਜ਼ਿਸ਼ੀ ਚੁੱਪ ਧਾਰਨ ਕਰੀ ਬੈਠੇ ਹਾਂ। ਬਸ! ਫੋਕੀ ਅਤੇ ਭਰਮਾਊ ਬਿਆਨਬਾਜ਼ੀ ਅਤੇ ਬਾਹਰੀ ਵਿਖਾਵਾ ਹੀ ਕਰ ਰਹੇ ਹਾਂ) ੧੯੧੯ ਈ: ਦੇ ਜੱਲ੍ਹਿਆਂ ਵਾਲੇ ਬਾਗ਼ ਦੇ ਖੂਨੀ ਸਾਕੇ ਲਈ ਜ਼ਿੰਮੇਵਾਰ ਅੰਗਰੇਜ਼ ਜਰਨਲ ਓਡਵਾਇਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਕਾਬਜ਼ ਫਿਰੰਗੀ ਦੇ ਝੋਲੀਚੁੱਕ ਸਰਬਰਾਹ ਰੂੜ ਸਿੰਘ ਨੇ ''ਸੱਚੇ ਸਿੱਖ'' ਦਾ ਖਿਤਾਬ ਅਤੇ ਸਿਰੋਪਾਓ ਦੇ ਦਿੱਤਾ ਅਤੇ ਸ਼ਹੀਦ ਹੋਣ ਵਾਲੇ ਭਾਰਤੀਆਂ ਨੂੰ ਦੇਸ਼-

ਧਰੋਹੀ ਅਤੇ ਗਦਾਰ ਦਾ ਖਿਤਾਬ ਦੇ ਦਿੱਤਾ। ਨਿਸਚੇ ਹੀ ਇਸ ਘਟਨਾ ਨਾਲ ਸਿੱਖ ਹਿਰਦਿਆਂ ਅੰਦਰ ਰੋਸ ਹੋਰ ਵਧ ਗਿਆ ਅਤੇ ਇਸ ਘਟਨਾ ਨੇ ਗੁਰਦੁਆਰਾ ਸੁਧਾਰ ਲਹਿਰ, ਗਦਰ ਲਹਿਰ ਅਤੇ ਬੱਬਰ ਅਕਾਲੀ ਲਹਿਰ ਨੂੰ ਹੋਰ ਪ੍ਰਚੰਡ ਕਰ ਦਿੱਤਾ। ਆਪਣੇ ਟੁੱਕੜਬੋਚ ਨੰਬਰਦਾਰਾਂ/ਜ਼ੈਲਦਾਰਾਂ ਅਤੇ ਸਫੈਦਪੋਸ਼ਾਂ ਰਾਹੀਂ ਪਹਿਲੇ ਸੰਸਾਰ ਮਹਾਂਯੁੱਧ ਲਈ ਸਿੱਖ ਨੌਜੁਆਨਾਂ ਦੀ ਬਲੀ ਦੇਣ ਲਈ ਜਬਰੀ ਫੌਜੀ ਭਰਤੀ ਲਈ ਮਜ਼ਬੂਰ ਕੀਤਾ ਜਾਣ ਲੱਗਾ ਅਤੇ ੧੯੧੯ ਈ: ਵਿਚ ਮਹਾਂਯੁੱਧ ਦੀ ਸਮਾਪਤੀ ਉੱਤੇ ਸਿੱਖ ਸਾਬਕਾ ਫੌਜੀਆਂ ਨਾਲ ਦੁਰਵਿਵਹਾਰ ਕੀਤਾ ਜਾਣ ਲੱਗਾ ਅਤੇ ਕਿਸਾਨੀ ਨੂੰ ਕਮਜ਼ੋਰ ਕਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਖਤਮ ਕੀਤੇ ਗਏ ਜਗੀਰਦਾਰੀ ਸਿਸਟਮ ਨੂੰ ਮੁੜ ਸੁਰਜੀਤ ਅਤੇ ਮਜ਼ਬੂਤ ਕੀਤਾ ਗਿਆ। ਗਦਰ ਪਾਰਟੀ ਦੇ ਮੋਢੀਆਂ ਵਿੱਚੋਂ ਸਰਦਾਰ ਕਰਤਾਰ ਸਿੰਘ ਸਰਾਭਾ ਨੂੰ ੧੯੧੫ ਈ: ਨੂੰ ਫਾਂਸੀ ਉੱਤੇ ਲਟਕਾ ਕੇ ਸ਼ਹੀਦ ਕਰ ਦਿੱਤਾ। ਰਿਆਸਤ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਸਿੱਖ ਸਿਧਾਂਤਾਂ ਦੇ ਪੱਕੇ ਧਾਰਨੀ ਹੋਣ ਕਰ ਕੇ ਗੱਦੀਓਂ ਲਾਹ ਕੇ ਮਦਰਾਸ ਦੀ ਬਦਨਾਮ ਜੇਲ੍ਹ ''ਕੋਡਾਈ ਕਨਾਲ'' ਵਿਖੇ ਕੈਦ ਕਰ ਦਿੱਤਾ ਗਿਆ ਅਤੇ ਜਿੱਥੇ ਅੰਤ ਨੂੰ ਉਹ ਅਕਾਲ ਚਲਾਣਾ ਕਰ ਗਏ। ਅੰਗਰੇਜ਼ੀ ਸਰਕਾਰ ਦੇ ਇਸ ਧੱਕੇ ਵਿਰੁੱਧ ਰੋਸ ਕਰਨ ਹਿਤ ਅਰੰਭ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਨੂੰ ਪੁਲਿਸ ਪ੍ਰਸਾਸ਼ਨ ਵੱਲੋਂ ਖੰਡਤ ਕੀਤਾ ਗਿਆ ਜਿਸ ਦੇ ਨਤੀਜੇ ਦੇ ਤੌਰ ਉੱਤੇ ਗੰਗਸਰ ਜੈਤੋਂ ਦਾ ਮੋਰਚਾ ਲਾਇਆ ਗਿਆ ਜਿਸ ਨੂੰ ਫੇਲ੍ਹ ਕਰਨ ਹਿਤ ਸਰਕਾਰ ਅੰਗਰੇਜ਼ੀ ਨੇ ਸਿੰਘਾਂ ਦੇ ਸ਼ਾਂਤਮਈ ਅਤੇ ਨਿਹੱਥੇ ਜਥਿਆਂ ਉੱਤੇ ਅਕਹਿ ਜ਼ੁਲਮ ਢਾਹੇ, ਗੁਰੂ ਕੇ ਬਾਗ਼ ਦੇ ਮੋਰਚੇ ਦੌਰਾਨ ਵੀ ਅਸਹਿ ਜ਼ੁਲਮ ਕੀਤਾ ਗਿਆ ਇੱਥੋਂ ਤਕ ਕਿ ਇਸ ਸ਼ਾਂਤਮਈ ਨਿਹੱਥੇ ਸੰਘਰਸ਼ ਵਿਚ ਫਿਰੰਗੀ ਦੀ ਪੁਲਿਸ ਵੱਲੋਂ ਢਾਹੇ ਗਏ ਅਣਮਨੁੱਖੀ ਜ਼ੁਲਮ ਕਾਰਨ ਬੁਰੀ ਤਰ੍ਹਾਂ ਜ਼ਖਮੀ ਹੋਏ ਸਤਿਆਗ੍ਰਹੀ ਸਿੰਘਾਂ ਨੂੰ ਲੰਗਰ ਛਕਾਉਣ ਲਈ ਰੇਲ ਗੱਡੀ ਨੂੰ ਰੋਕਣ ਲਈ ਪੰਜਾ ਸਾਹਿਬ (ਪਾਕਿਸਤਾਨ) ਵਿਖੇ ਭਾਈ ਕਰਮ ਸਿੰਘ ਅਤੇ ਭਾਈ ਪਰਤਾਪ ਸਿੰਘ ਨੂੰ ਰੇਲ ਗੱਡੀ ਹੇਠ ਆਪਣੇ ਸੀਸ ਭੇਟ ਕਰਨੇ ਪਏ। ਗੁਰਦੁਆਰਾ ਨਨਕਾਣਾ ਸਾਹਿਬ ਨੂੰ ਮਹੰਤਾਂ ਦੇ ਕੁਪ੍ਰਬੰਧ ਤੋਂ ਅਜ਼ਾਦ ਕਰਾਉਣ ਲਈ ਗਏ ਭਾਈ ਲਛਮਣ ਸਿੰਘ ਦੇ ਜਥੇ ਉੱਤੇ ਭਾਰੀ ਜ਼ੁਲਮ ਢਾਹਿਆ ਗਿਆ ਅਤੇ ਇਨ੍ਹਾਂ ਨਿਹੱਥੇ ਸਿੰਘਾਂ ਨੂੰ ਜਿਉਂਦੇ-ਜੀਅ ਹੀ ਸਾੜ ਦਿੱਤਾ ਗਿਆ ਅਤੇ ਜੰਡਾਂ ਨਾਲ ਪੁੱਠੇ ਲਟਕਾ ਕੇ ਅੱਗ ਲਗਾ ਦਿੱਤੀ ਗਈ। ਉੱਧਰ ਦੇਸ਼ ਉੱਤੇ ਰਾਜਕੀ ਜ਼ੁਲਮ ਰਾਹੀਂ ਹੋਰ ਸਖ਼ਤ ਸ਼ਿਕੰਜਾ ਕੱਸਣ ਹਿਤ ''ਰੋਲਟ ਐਕਟ'' ਲਾਗੂ ਕਰ ਦਿੱਤਾ ਗਿਆ। ਭਾਵ ਭਾਰਤੀ ਜਨਤਾ ਅਤੇ ਖਾਸ ਕਰ ਕੇ ਖਾਲਸਾ ਪੰਥ ਉੱਤੇ ਜਬਰ ਅਤੇ ਜ਼ੁਲਮ ਦੀ ਹਨੇਰੀ ਝੁਲਾ ਦਿੱਤੀ। ਗੰਗਸਰ ਜੈਤੋਂ ਦੇ ਮੋਰਚੇ ਦੌਰਾਨ 'ਸਤਿਨਾਮੁ-ਵਾਹਿਗੁਰੂ' ਦਾ ਜਾਪ ਕਰਦੇ ਨਿਹੱਥੇ ਸਿੰਘਾਂ ਦੇ ਜਥਿਆਂ ਉੱਤੇ ਪੈਂਦੀ ਗੋਲੀਆਂ ਦੀ ਬੁਛਾੜ ਅਤੇ ਬੇਰਹਿਮੀ ਨਾਲ ਡਾਂਗਾਂ ਨਾਲ ਕੀਤੀ ਜਾਂਦੀ ਕੁਟਾਈ

ਨੂੰ ਵੇਖ ਕੇ ਸ੍ਰੀ ਮਦਨ ਮੋਹਨ ਮਾਲਵੀਆ ਨੇ ਕਿਹਾ ਸੀ ਕਿ ਜੇਕਰ ਦੇਸ਼ ਨੂੰ ਅਵੱਸ਼ ਹੀ ਅਜ਼ਾਦ ਕਰਾਉਣਾ ਹੈ ਤਾਂ ਭਾਰਤ ਦੇ ਹਰ ਘਰ ਵਿੱਚੋਂ ਘਟੋ-ਘਟ ਇਕ ਪੁੱਤਰ ਸਿੰਘ ਜ਼ਰੂਰ ਸਜੇ। ਇਸੇ ਤਰ੍ਹਾਂ ਗੁਰੂ ਕੇ ਬਾਗ਼ ਦੇ ਮੋਰਚੇ ਦੌਰਾਨ ਸ਼ਾਂਤਮਈ 'ਸਤਿਨਾਮੁ-ਵਾਹਿਗੁਰੂ' ਦਾ ਜਾਪ ਕਰਦੇ ਨਿਹੱਥੇ ਸਤਿਆਗ੍ਰਹੀ ਸਿੰਘਾਂ ਦੇ ਜਥਿਆਂ ਨੂੰ ਬੜੀ ਦਰਿੰਦਗੀ ਅਤੇ ਨਿਰਦਈਪੁਣੇ ਨਾਲ ਸਰਕਾਰ ਅੰਗਰੇਜ਼ੀ ਦੀ ਪੁਲਿਸ ਵੱਲੋਂ ਕੁੱਟ-ਕੁੱਟ ਕੇ ਅਧਮੋਇਆ ਕਰਦਿਆਂ ਵੇਖ ਕੇ ਪਾਦਰੀ ਸੀ. ਐਫ. ਐਂਡਰਿਊਜ਼ ਸਿੰਘਾਂ ਦੀ ਦ੍ਰਿੜ੍ਹਤਾ ਅਤੇ ਸਿਦਕਦਿਲੀ ਉੱਤੇ ਅੱਸ਼-ਅੱਸ਼ ਕਰ ਉੱਠਿਆ ਅਤੇ ਉਸ ਨੇ ਉੱਚੀ ਅਵਾਜ਼ ਵਿਚ ਸੱਚ ਬੋਲ ਦਿੱਤਾ ਕਿ ਇੱਥੇ ਇਕ ਨਹੀਂ ਅਨੇਕਾਂ ਹੀ "ਈਸਾ ਮਸੀਹ" ਮੈਂ ਨਿਤ ਸ਼ਹੀਦ ਹੁੰਦੇ ਵੇਖ ਰਿਹਾ ਹਾਂ। ਵਿਦੇਸ਼ਾਂ ਵਿਚ ਮਿਹਨਤ ਕਰਨ ਗਏ ਸਿੱਖਾਂ ਉੱਤੇ ਰੰਗ ਅਤੇ ਨਸਲੀ ਵਿਤਕਰੇ ਦੀ ਨੀਤੀ ਅਧੀਨ ਜਬਰ-ਜ਼ੁਲਮ ਅਤੇ ਬੇਇਨਸਾਫੀ ਦਾ ਚੱਕਰ ਚਲਾ ਦਿੱਤਾ ਅਤੇ ਉਨ੍ਹਾਂ ਦੀਆਂ ਸਮੁੱਚੀਆਂ ਅਜ਼ਾਦੀਆਂ ਉੱਤੇ ਛਾਪਾ ਮਾਰ ਲਿਆ ਗਿਆ ਤਾਂ ਅਜਿਹੇ ਹਾਲਾਤ ਨੇ ਕਈ ਸਿੱਖ ਲਹਿਰਾਂ, ਜਿਵੇਂ ਕਿ ਉੱਪਰ ਦੱਸੀਆਂ ਗਈਆਂ ਹਨ, ਨੂੰ ਜਨਮ ਦਿੱਤਾ।

ਇਸੇ ਤਰ੍ਹਾਂ ਦੁਆਬੇ ਦੀ ਧਰਤੀ ਉੱਤੇ ਸਿੰਘ ਸੂਰਮਿਆਂ ਅਰਥਾਤ "ਬੱਬਰ ਅਕਾਲੀਆਂ" ਨੇ ਆਪਣੇ ਦੇਸ਼ ਅਤੇ ਧਰਮ ਦੀ ਅਜ਼ਾਦੀ ਲਈ ਹਥਿਆਰਬੰਦ ਘੋਲ ਅਰੰਭ ਦਿੱਤਾ। ਹੁਸ਼ਿਆਰਪੁਰ ਵਿਖੇ ਮਹੀਨਾ ਮਾਰਚ, ੧੯੨੧ ਈ: ਵਿਚ ਹੋਈ ਸਿੱਖ ਐਜੂਕੇਸ਼ਨਲ ਕਾਨਫਰੰਸ ਵਿਖੇ ਦੀਰਘ ਵਿਚਾਰਾਂ ਹੋਈਆਂ। ਨਤੀਜੇ ਵਜੋਂ ਮਾਸਟਰ ਮੋਤਾ ਸਿੰਘ ਅਤੇ ਸੇਵਾਮੁਕਤ ਹਵਾਲਦਾਰ ਮੇਜਰ ਸ. ਕਿਸ਼ਨ ਸਿੰਘ ਗੜਗੱਜ ਵੱਲੋਂ ਵੱਖ-ਵੱਖ ਚੱਕਰਵਰਤੀ ਜਥੇ ਬਣਾਏ ਗਏ ਪਰੰਤੂ ਕੁਝ ਸਮੇਂ ਬਾਅਦ ਦੋਹਾਂ ਨੂੰ ਇਕਜੁੱਟ ਕਰ ਕੇ ਮਹੀਨਾ ਅਗਸਤ, ੧੯੨੨ ਈ: ਨੂੰ ਨਵੀਂ ਜਥੇਬੰਦੀ "ਬੱਬਰ ਅਕਾਲੀ" ਬਣਾਈ ਗਈ। ਬੱਬਰ ਤੋਂ ਭਾਵ ਸੀ ਸ਼ੇਰ ਅਤੇ ਅਕਾਲੀ ਤੋਂ ਭਾਵ ਸੀ "ਮੌਤ ਨੂੰ ਮਖੌਲ ਕਰਨ ਵਾਲੇ"-ਕਾਲ ਰਹਿਤ - ਇਹ ਸਾਰੇ ਹੀ ਪੜ੍ਹੇ-ਲਿਖੇ ਜਾਗਰੂਕ ਸਿੱਖੀ ਵਿਚ ਪਰਪੱਕ ਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਸਰਸ਼ਾਰ ਨੌਜਵਾਨ ਸਨ, ਜਿਹੜੇ ਪੂਰੀ ਤਰ੍ਹਾਂ ਸਿੱਖ ਸਿਧਾਂਤ, ਵਿਰਾਸਤ ਅਤੇ ਇਤਿਹਾਸ ਨੂੰ ਪਰਣਾਏ ਹੋਏ ਸਨ। ਇਨ੍ਹਾਂ ਵਿੱਚੋਂ ਬਹੁਤੇ ਵਿਦੇਸ਼ਾਂ ਵਿਚ ਚੱਲ ਰਹੀ ਗਦਰ ਲਹਿਰ ਤੋਂ ਪ੍ਰਭਾਵਿਤ ਹੋਏ-ਹੋਏ ਅਤੇ ਬਹੁਤ ਸਾਰੇ ਸਾਬਕਾ ਫੌਜੀ ਸਨ। ਕਾਮਾਗਾਟਾਮਾਰੂ ਜਹਾਜ਼ ਦੇ ਬਜਬਜ ਘਾਟ (ਕਲਕੱਤਾ) ਦੇ ਖ਼ੂਨੀ ਕਾਂਡ ਵਿੱਚੋਂ ਬਚ ਕੇ ਆਏ ਮਾਝੇ ਦੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਅਤੇ ਉਨ੍ਹਾਂ ਦੇ ਸਾਥੀ ਵੀ ਇਸ ਬੱਬਰ ਅਕਾਲੀ ਲਹਿਰ ਵਿਚ ਹੀ ਸ਼ਾਮਲ ਹੋ ਕੇ ਸੰਘਰਸ਼ਸ਼ੀਲ ਹੋ ਗਏ। ਜਿਸ ਅੰਗਰੇਜ਼ ਦੇ ਵਿਸ਼ਾਲ ਰਾਜ ਉੱਤੇ ਸੂਰਜ ਨਹੀਂ ਸੀ ਡੁੱਬਦਾ ਅਤੇ ਜਿਸ ਸਾਹਮਣੇ ਬੜੀਆਂ-ਬੜੀਆਂ ਸਲਤਨਤਾਂ ਕੰਬ ਉਠੀਆਂ ਅਤੇ ਅੰਗਰੇਜ਼ ਦੀ ਈਨ-ਗੁਲਾਮੀ ਮੰਨ ਲਈ, ਖਾਲਸਾ ਪੰਥ ਨੇ ਉਸ ਅੰਗਰੇਜ਼ ਦੀ ਸ਼ਕਤੀ ਨੂੰ ਸਿੱਧੇ ਤੌਰ ਉੱਤੇ

ਜਬਰਦਸਤ ਚੁਣੌਤੀ ਦਿੱਤੀ ਅਤੇ ਜਿਹੜੇ ਗਦਾਰ ਲੋਕ, ਅੰਗਰੇਜ਼ ਦੇ ਟੋਡੀ, ਇਨ੍ਹਾਂ ਸਿੰਘ ਸੂਰਮਿਆਂ ਦੀਆਂ ਚੁਗਲੀਆਂ ਅਤੇ ਮੁਖਬਰੀਆਂ ਕਰ ਕੇ ਅੰਗਰੇਜ਼ ਪਾਸੋਂ ਵੱਡੇ ਮੁਰਾਤਬੇ ਅਤੇ ਮੁਰੱਬੇ ਇਨਾਮ ਵਜੋਂ ਪ੍ਰਾਪਤ ਕਰਦੇ ਸਨ ਉਨ੍ਹਾਂ ਨੂੰ ਵੀ ਨਾਲੋ-ਨਾਲ ਕੀਤੇ ਦੀ ਸਜ਼ਾ ਦੇ ਕੇ ''ਨਰਕਾਂ'' ਦਾ ਰਸਤਾ ਵਿਖਾਉਂਦੇ ਸਨ। ਪਰੰਤੂ ਬਹੁਤ ਸਾਰੇ ਗਦਾਰ ਲੋਕ ਜਾਂ ਉਨ੍ਹਾਂ ਦੇ ਪਰਵਾਰ ਬਚ ਵੀ ਗਏ ਅਤੇ ਦੇਸ਼ ਧਰੋਹੀ ਦੇ ਇਨਾਮ ਵਜੋਂ ਜਗੀਰਦਾਰੀ, ਆਨਰੇਰੀ ਮੈਜਿਸਟਰੇਟੀ, ਆਨਰੇਰੀ ਕਰਨਲ ਅਤੇ ਸਰ ਦੇ ਖਿਤਾਬ ਹਾਸਲ ਕਰਨ ਦੇ ਨਾਲ-ਨਾਲ ਬੜੀਆਂ ਵੱਡੀਆਂ ਜਾਇਦਾਦਾਂ ਦੇ ਮਾਲਕ ਬਣ ਬੈਠੇ। ਉਹੀ ਗਦਾਰ ਲੋਕ ਅਜ਼ਾਦੀ ਉਪਰੰਤ ਆਪਣੀਆਂ ਸ਼ਾਤਰ ਚਾਲਾਂ ਅਤੇ ਧਨ ਦੁਆਰਾ ਵੱਡੇ ਸਰਕਾਰੀ ਅਫਸਰ ਅਤੇ ਰਾਜ ਨੇਤਾ ਬਣ ਬੈਠੇ। ਬੱਬਰ-ਅਕਾਲੀਆਂ ਦੀਆਂ ਗਤੀਵਿਧੀਆਂ ਐਸੀਆਂ ਸਨ ਕਿ ਫਿਰੰਗੀ ਦਾ ਪ੍ਰਸਾਸ਼ਨ ਕੰਬਣ ਲੱਗ ਪਿਆ ਸੀ ਅਤੇ ਫਿਰੰਗੀ ਦੇ ਰਾਜ-ਮਹੱਲ ਦੇ ਸਤੰਭ ਡਿੱਗਣ ਲੱਗ ਪਏ ਸਨ। ਅੰਗਰੇਜ਼ ਪ੍ਰਸ਼ਾਸ਼ਨ ਪੂਰੀ ਤਰ੍ਹਾਂ ਭੈ-ਭੀਤ ਹੋ ਗਿਆ ਸੀ। ਅੰਗਰੇਜ਼ੀ ਸਰਕਾਰ ਬੱਬਰਾਂ ਤੋਂ ਇਤਨੀ ਭੈ-ਭੀਤ ਹੋਈ-ਹੋਈ ਸੀ ਕਿ ਸਰਕਾਰ ਨੇ ਬੱਬਰਾਂ ਦੇ ਪ੍ਰਭਾਵ ਹੇਠਲੇ ਅਨੇਕਾਂ ਪਿੰਡਾਂ ਵਿਚ ਵਿਸੇਸ਼ ਪੁਲਿਸ ਚੌਕੀਆਂ ਸਥਾਪਿਤ ਕਰ ਦਿੱਤੀਆਂ। ਫੌਜ ਅਤੇ ਘੋੜ-ਸਵਾਰ ਪੁਲਿਸ ਦੀ ਸਾਂਝੀ ਗਸਤ ਤੇਜ ਕਰ ਦਿੱਤੀ ਗਈ। ਮਹੀਨਾ ਅਪ੍ਰੈਲ, ੧੯੨੩ ਈ: ਵਿਚ ਸਰਕਾਰ ਨੇ ਬੱਬਰ ਅਕਾਲੀ ਜਥੇ ਨੂੰ ਗ਼ੈਰਕਾਨੂੰਨੀ ਜਥੇਬੰਦੀ ਕਰਾਰ ਦੇ ਦਿੱਤਾ। ਜ਼ਿਲ੍ਹਾ ਜਲੰਧਰ ਦੇ ਦੌਲਤਪੁਰ, ਪੰਡੋਰੀ ਨਿੱਝਰਾਂ, ਹਰੀਪੁਰ, ਘੜਿਆਲ, ਕੰਧੋਲਾ, ਰਕੜ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬੁਲੋਵਾਲ, ਚਾਹਲਪੁਰ, ਮੋਰਾਂਵਾਲੀ, ਜਸੋਵਾਲ, ਕੋਟ ਫਤੂਹੀ, ਮੋਇਲਾ, ਮੰਨਣਹਾਣਾ, ਸਰਹਾਲਾ ਖੁਰਦ ਅਤੇ ਰੁੜਕੀ ਖਾਸ ਆਦਿ ਪਿੰਡ ਵਿਸ਼ੇਸ਼ ਸਨ। ਅੰਗਰੇਜ਼ ਨੇ ਇਸ ਲਹਿਰ ਨੂੰ ਦਬਾਉਣ ਲਈ ਪੂਰੀ ਸ਼ਕਤੀ ਝੋਕ ਦਿੱਤੀ ਅਤੇ ਜਬਰ-ਜ਼ੁਲਮ ਦੀ ਹਨੇਰੀ ਝੁਲਾ ਦਿੱਤੀ। ਇਹ ਲਹਿਰ ਬਹੁਤਾ ਕਰ ਕੇ ਦੁਆਬੇ ਦੀ ਧਰਤੀ ਤਕ ਹੀ ਸੀਮਤ ਰਹੀ ਪਰੰਤੂ ਮਾਲਵੇ ਅਤੇ ਮਾਝੇ ਦੀ ਧਰਤੀ ਉੱਤੇ ਘੱਟ ਹੀ ਫੈਲ ਸਕੀ। ਮਾਝੇ ਅਤੇ ਮਾਲਵੇ ਦੀ ਧਰਤੀ ਉੱਤੇ ਸਿੰਘਾਂ ਵੱਲੋਂ ਸ਼ਾਂਤਮਈ ਸੰਘਰਸ਼ ਜਾਰੀ ਸੀ ਅਤੇ ਉਹ ਇਸ ਹਥਿਆਰਬੰਦ ਸੰਘਰਸ਼ ਵਿਚ ਸ਼ਾਮਲ ਨਹੀਂ ਸਨ ਹੋਏ। ਪਰੰਤੂ ਇਸ ਲਹਿਰ ਨੇ ਨਿਸਚੇ ਹੀ ਖ਼ਾਲਸਾ ਪੰਥ ਅਤੇ ਪੰਜਾਬੀਆਂ ਦੇ ਹੌਂਸਲੇ ਬੁਲੰਦ ਕਰ ਦਿੱਤੇ। ਅੰਗਰੇਜ਼ ਸ਼ਕਤੀ ਦੇ ਮਜ਼ਬੂਤ ਸਤੰਭਾਂ ਨੂੰ ਡੋਲਣ ਲਾ ਦਿੱਤਾ ਅਤੇ ਗੋਰੀ ਸਰਕਾਰ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਅਤੇ ਇਸ ਤਰ੍ਹਾਂ ਅਜ਼ਾਦੀ ਦਾ ਦਿਨ ਹੋਰ ਨੇੜੇ ਲਿਆਂਦਾ। ਇਹੋ ਹੀ ਇਸ ਲਹਿਰ ਦੀ ਵਡਮੁੱਲੀ ਸਫਲਤਾ ਸੀ।

ਇਹ ਅਫ਼ਸੋਸ ਵਾਲੀ ਬਾਤ ਹੀ ਆਖੀ ਜਾ ਸਕਦੀ ਹੈ ਕਿ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਦੌਰਾਨ ਅਜ਼ਾਦੀ ਸੰਘਰਸ਼ ਦੀ ਲੰਬੀ ਲੜਾਈ ਵਿਚ ਚੱਲੀ ਇਸ ਪ੍ਰਭਾਵਸ਼ਾਲੀ ''ਬੱਬਰ ਅਕਾਲੀ ਲਹਿਰ'' ਦੇ ਸ਼ਹੀਦਾਂ ਦੀ ਕੋਈ ਯਾਦਗਾਰ ਵੀ ਨਹੀਂ

ਬਣਾਈ ਗਈ ਸੀ। ਲੇਖਕ ਨੇ ਆਪਣੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸੰਖੇਪ ਪ੍ਰਧਾਨਗੀ ਕਾਰਜਕਾਲ ਦੌਰਾਨ ''ਬੱਬਰ ਅਕਾਲੀ ਲਹਿਰ'' ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਤੇ ਸਤਿਕਾਰ ਦੇਣ ਅਤੇ ਉਨ੍ਹਾਂ ਵੱਲੋਂ ਘਾਲੀ ਗਈ ਲਾਮਿਸਾਲ ਘਾਲਣਾ ਦੀ ਦੇਣ ਨੂੰ ਆਪਣੀ ਨੌਜਵਾਨ ਪੀੜ੍ਹੀ ਦੇ ਸਾਹਮਣੇ ਲਿਆਉਣ ਹਿਤ ਨਵਾਂ ਸ਼ਹਿਰ ਦੇ ''ਦੌਲਤਪੁਰ'' ਪਿੰਡ ਵਿਖੇ ਹਰ ਸਾਲ ਸਲਾਨਾ ਸ਼ਹੀਦੀ ਜੋੜ ਮੇਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਨ ਦਾ ਫੈਸਲਾ ਹੀ ਨਹੀਂ ਸੀ ਕੀਤਾ ਸਗੋਂ ਲਗਾਤਾਰ ਦੋ ਸਾਲ ਅਜਿਹਾ ਕੀਤਾ ਵੀ ਜਾਂਦਾ ਰਿਹਾ। ਅਜੋਕੇ ਸਮੇਂ ਸਥਾਨਕ ਕਮੇਟੀ ਵੱਲੋਂ ਇਹ ਕਾਰਜ ਹਰ ਸਾਲ ਕੀਤਾ ਜਾਂਦਾ ਹੈ।

ਸ਼ਹੀਦਾਂ ਦੇ ਕਈ ਪਿੰਡਾਂ ਦੇ ਬਾਹਰਵਾਰ ਯਾਦਗਾਰੀ ਗੇਟ ਬਣਾਉਣ ਦਾ ਸਿਲਸਲਾ ਜਾਰੀ ਕੀਤਾ ਗਿਆ ਸੀ, ਜਿਵੇਂ ਕਿ ਸ. ਰਤਨ ਸਿੰਘ ਦੇ ਪਿੰਡ ਰਕੜ ਵਿਖੇ ਯਾਦਗਾਰੀ ਗੇਟ ਬਣਵਾਇਆ ਗਿਆ ਸੀ ਅਤੇ ਮਜਾਰੀ ਪਿੰਡ ਵਿਖੇ ਲੜਕੀਆਂ ਲਈ ਇਕ ਯਾਦਗਾਰੀ ਕਾਲਜ ਵੀ ਬਣਵਾਇਆ ਗਿਆ ਸੀ। ਇੱਥੇ ਇਹ ਵਰਣਨ ਕਰਨਾ ਵੀ ਯੋਗ ਹੀ ਹੋਵੇਗਾ ਕਿ ਉਨ੍ਹਾਂ ਸਮੂਹ ਸਕੀਮਾਂ ਅਤੇ ਯਤਨਾਂ ਵਿਚ ਤਤਕਾਲੀਨ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਮਹਿੰਦਰ ਸਿੰਘ ਹੁਸੈਨਪੁਰ ਅਤੇ ਉਨ੍ਹਾਂ ਦੇ ਗੁਰੂ-ਘਰ ਨੂੰ ਪੂਰੀ ਤਰ੍ਹਾਂ ਸਮਰਪਿਤ ਸਪੁੱਤਰ ਕਾਕਾ ਬਰਜਿੰਦਰ ਸਿੰਘ ਦਾ ਸਰਗਰਮ ਯੋਗਦਾਨ ਰਿਹਾ ਹੈ। ਇਸ ਤੋਂ ਇਲਾਵਾ ਇਨ੍ਹਾਂ ਸ਼ਹੀਦਾਂ ਨੂੰ ''ਅਜ਼ਾਦੀ ਘੁਲਾਟੀਏ'' ਤਥਾ ਸੁਤੰਤਰਤਾ ਸੰਗਰਾਮੀ ਵਜੋਂ ਮਾਨਤਾ ਦਿਵਾਉਣ ਲਈ ਕੇਂਦਰ ਸਰਕਾਰ ਪਾਸ ਵੀ ਇਹ ਮਾਮਲਾ ਬੜੇ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ। ਜਿਸ ਦੇ ਨਤੀਜੇ ਇਸ ਮਿਸ਼ਨ ਦੀ ਪ੍ਰਾਪਤੀ ਵਿਚ ਨਿਕਲੇ।

ਬੱਬਰ ਅਕਾਲੀ ਲਹਿਰ ਦੇ ਮੁੱਢਲੇ ਅਸੂਲ ਪੂਰਨ ਤੌਰ ਉੱਤੇ ਸਿੱਖੀ ਦੇ ਅਸੂਲਾਂ ਉੱਤੇ ਹੀ ਅਧਾਰਿਤ ਸਨ। ਤਕਰੀਬਨ ਸਾਰੇ ਹੀ ਬੱਬਰ ਅਕਾਲੀ ਪੜ੍ਹੇ-ਲਿਖੇ, ਅੰਮ੍ਰਿਤਧਾਰੀ ਅਤੇ ੨੫ ਤੋਂ ੪੫ ਸਾਲ ਦੀ ਉਮਰ ਦੇ ਦਰਮਿਆਨ ਦੇ ਸਨ। ਇਨ੍ਹਾਂ ਦੇ ਅਸੂਲ ਧੀ-ਭੈਣ ਦਾ ਸਤਿਕਾਰ ਕਰਨਾ, ਗਰੀਬ ਅਨਾਥ ਦੀ ਰੱਖਿਆ, ਜਬਰ-ਜ਼ੁਲਮ ਦਾ ਵਿਰੋਧ, ਊਚ-ਨੀਚ ਅਤੇ ਜਾਤ-ਪਾਤ ਦਾ ਸਖਤ ਖੰਡਨ, ਲੁੱਟ-ਖਸੁੱਟ ਦਾ ਮੁਕੰਮਲ ਵਿਰੋਧ, ਆਪਣੇ ਸਾਥੀਆਂ ਦਾ ਵਿਰੋਧ ਨਾ ਕਰਨਾ, ਗੁਰਮਰਿਆਦਾ ਅਨੁਸਾਰ ਪੱਕੇ ਨਿਤਨੇਮੀ ਬਣਨਾ, ਲੋੜਵੰਦਾਂ ਦੀ ਮਦਦ ਕਰਨਾ, ਦੇਸ਼ ਦੀ ਅਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦੇਣਾ ਅਤੇ ਫਿਰੰਗੀ ਦੀ ਈਨ ਨਾ ਮੰਨਣਾ ਅਤੇ ਜਥੇਬੰਦੀ ਦੇ ਹਰ ਹੁਕਮ ਅਤੇ ਨੀਤੀ-ਪ੍ਰੋਗਰਾਮਾਂ ਪ੍ਰਤੀ ਪੂਰੀ ਪ੍ਰਤੀਬੱਧਤਾ ਆਦਿ ਸਨ ਅਤੇ ਨਿਸ਼ਾਨਾ ਬੜਾ ਸਪਸ਼ਟ ਸੀ ''ਫਿਰੰਗੀ ਦੇ ਰਾਜ ਨੂੰ ਮੁਕੰਮਲ ਰੂਪ ਵਿਚ ਸਮਾਪਤ ਕਰਨਾ ਅਤੇ ਦੇਸ਼ ਨੂੰ ਅਜ਼ਾਦ ਕਰਾਉਣਾ ਅਤੇ ਨਿਸ਼ਾਨੇ ਦੀ ਪ੍ਰਾਪਤੀ ਦੇ ਰਸਤੇ ਦਾ ਰੋੜਾ ਬਣਨ ਵਾਲੇ ਟੋਡੀਆਂ ਅਤੇ ਮੁਖਬਰਾਂ ਦਾ ਸਫਾਇਆ ਕਰਨਾ। ਨਿਰਸੰਦੇਹ ਕੁਰਬਾਨੀ

ਕੇਵਲ ਉੱਚੇ-ਸੁੱਚੇ ਆਚਰਨ ਅਤੇ ਨਿਸ਼ਕਾਮ ਭਾਵਨਾ ਵਾਲਾ ਮਨੁੱਖ ਹੀ ਦੇ ਸਕਦਾ ਹੈ। ਇਹ ਸਾਰੇ ਹੀ ਬੱਬਰ ਅਕਾਲੀ ਇਨ੍ਹਾਂ ਮਹਾਨ ਗੁਣਾਂ ਦੇ ਧਾਰਨੀ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਏ ਮਾਰਗ ਅਨੁਸਾਰ ਬੱਬਰਾਂ ਨੇ ਦੇਸ਼-ਵਾਸੀਆਂ ਅੰਦਰ ਦੇਸ਼ ਭਗਤੀ ਦੀ ਭਾਵਨਾ ਅਤੇ ਅਜ਼ਾਦੀ ਦੀ ਲੋਚਾ ਪੈਦਾ ਕਰਨ ਅਤੇ ਉਨ੍ਹਾਂ ਅੰਦਰ ਮੱਠੇ ਪਏ ਦੇਸ਼-ਭਗਤੀ ਦੇ ਜੋਸ਼-ਜਜ਼ਬੇ ਨੂੰ ਪ੍ਰਚੰਡ ਕਰਨ ਹਿਤ ਪਿੰਡਾਂ ਵਿਚ ਲੋਕ-ਇਕੱਠਾਂ ਸਾਹਮਣੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨਾ ਸ਼ੁਰੂ ਕੀਤਾ, ਜਿਸ ਕਾਰਜ ਲਈ ਦਿਹਾਤੀ ਕਾਨਫਰੰਸਾਂ ਦਾ ਸਿਲਸਲਾ ਸ਼ੁਰੂ ਕੀਤਾ ਅਤੇ ਨਿਰੋਲ ਪੰਜਾਬੀ ਮਾਧਿਅਮ ਰਾਹੀਂ ਸਰਲ ਭਾਸ਼ਾ ਵਿਚ ''ਬੱਬਰ ਅਕਾਲੀ ਦੁਆਬਾ ਅਖਬਾਰ'' ਦੁਆਰਾ ਲੋਕਾਂ ਨੂੰ ਜਾਗਰੂਕ ਕਰਨ ਲਈ ਉਦਮ-ਉਪਰਾਲਾ ਕੀਤਾ। ਕਾਨਫਰੰਸਾਂ ਨੂੰ ਸੰਬੋਧਨ ਕਰਨ ਦਾ ਕਾਰਜ ਗੁਰਬਾਣੀ ਵਿਚ ਪਰਪੱਕ ਇਨਕਲਾਬੀ ਇਤਿਹਾਸ ਵਿਚ ਪ੍ਰੌੜ ਅਤੇ ਉਚੇ-ਸੁੱਚੇ ਆਚਰਨ ਵਾਲੇ ਕਮਾਲ ਦੇ ਬੁਲਾਰੇ, ਸਿੱਖ ਸਿਧਾਂਤਾਂ ਅਤੇ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਦੀ ਸੋਝੀ ਰੱਖਣ ਵਾਲੇ ਮਾਸਟਰ ਮੋਤਾ ਸਿੰਘ ਪਤਾਰਾ, ਬਾਬੂ ਸੰਤਾ ਸਿੰਘ ਹਰਿਓਂ ਖੁਰਦ, ਬੱਬਰ ਕਰਮ ਸਿੰਘ ਦੌਲਤਪੁਰ, ਬੱਬਰ ਕਿਸ਼ਨ ਸਿੰਘ ਗੜਗੱਜ, ਬੱਬਰ ਧੰਨਾ ਸਿੰਘ ਬਹਿਬਲਪੁਰ, ਬੱਬਰ ਕਰਮ ਸਿੰਘ ਝਿੰਗੜ, ਸ. ਰਤਨ ਸਿੰਘ ਰਕੜ, ਬੱਬਰ ਹਰਬੰਸ ਸਿੰਘ ਸਰਹਾਲਾ, ਬੱਬਰ ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਬੱਬਰ ਦਲੀਪ ਸਿੰਘ ਧਾਮੀਆਂ, ਬੱਬਰ ਧਰਮ ਸਿੰਘ ਹਿਆਤਪੁਰ ਅਤੇ ਬੱਬਰ ਨੰਦ ਸਿੰਘ ਘੜਿਆਲ ਆਦਿ ਖੁਲ੍ਹੇਆਮ ਪਿੰਡਾਂ ਵਿਚ ਕਾਨਫਰੰਸਾਂ ਕਰ ਕੇ ਵਿਚਾਰਾਂ ਅਤੇ ਇਤਿਹਾਸ ਦੀ ਅਲੌਕਿਕ ਪੇਸ਼ਕਾਰੀ ਨਾਲ ਲੋਕਾਂ ਨੂੰ ਕੀਲ ਦਿੰਦੇ ਸਨ ਅਤੇ ਲੋਕਾਂ ਅੰਦਰ ਸੁਤੀ ਅਣਖ ਅਤੇ ਗੈਰਤ ਨੂੰ ਜਗਾਉਂਦੇ ਸਨ। ੧੯੨੯ ਈ: ਨੂੰ ਜੇਲ੍ਹ ਤੋਂ ਬਰੀ ਹੋ ਕੇ ਆਇਆ ਸੰਧਰਾਂ ਦਾ ਸ. ਸਾਧੂ ਸਿੰਘ ਵੀ ਬੱਬਰਾਂ ਨਾਲ ਸ਼ਾਮਲ ਹੋ ਗਿਆ ਅਤੇ ਰੰਧਾਵਾ ਮਸੰਦਾਂ ਦੇ ਸ. ਲਾਭ ਸਿੰਘ ਪੁੱਤਰ ਸ. ਗੁਜਰ ਸਿੰਘ ਅਤੇ ਸ. ਭਾਨ ਸਿੰਘ ਪੁੱਤਰ ਸ. ਹੁਕਮ ਸਿੰਘ ਰੰਧਾਵਾ ਵੀ ਉਸ ਦੇ ਨਾਲ ਰਲ ਗਏ। ਇਨ੍ਹਾਂ ਨੇ ਵੀ ਅਜ਼ਾਦੀ ਦੇ ਸੰਘਰਸ਼ ਵਿਚ ਪੂਰਾ ਯੋਗਦਾਨ ਪਾਇਆ ਅਤੇ ਝੋਲੀਚੁੱਕਾਂ ਨੂੰ ਵੀ ਗੱਡੀ ਚੜ੍ਹਾਇਆ, ਸ. ਸੋਹਨ ਸਿੰਘ ਪੁੱਤਰ ਸ. ਜਵਾਹਰ ਸਿੰਘ ਨਾਮਧਾਰੀ ਜੋ ਰੰਧਾਵਾ ਮਸੰਦਾਂ ਦੇ ਗੁਰਦੁਆਰੇ ਦਾ ਗ੍ਰੰਥੀ ਸੀ ਉਸ ਨੇ ਮੁਖਬਰੀ ਕਰ ਕੇ ਬੱਬਰ ਸਾਧੂ ਸਿੰਘ, ਸ. ਲਾਭ ਸਿੰਘ ਅਤੇ ਸ. ਭਾਨ ਸਿੰਘ ਨੂੰ ੦੬ ਜਨਵਰੀ, ੧੯੩੦ ਨੂੰ ਗ੍ਰਿਫਤਾਰ ਕਰਵਾ ਦਿੱਤਾ। ਇਨ੍ਹਾਂ ਤਿੰਨਾਂ ਨੂੰ ੧੬ ਮਈ, ੧੯੩੧ ਨੂੰ ਫਾਂਸੀ ਦੇ ਦਿੱਤੀ ਗਈ।

ਬੱਬਰਾਂ ਦੀਆਂ ਗਤੀਵਿਧੀਆਂ ਤੋਂ ਪ੍ਰੇਸ਼ਾਨ ਹੋਏ ਪ੍ਰਸ਼ਾਸਨ ਨੇ ਹੋਰ ਸਖਤੀ ਅਰੰਭ ਦਿੱਤੀ ਅਤੇ ਉਨ੍ਹਾਂ ਨੇ ਮੁਖਬਰਾਂ ਅਤੇ ਜਾਸੂਸਾਂ ਨੂੰ ਵੱਡੇ-ਵੱਡੇ ਇਨਾਮ ਦੇ ਕੇ ਉਨ੍ਹਾਂ ਤੋਂ ਦੇਸ਼-ਧਰੋਹੀ ਅਤੇ ਭਰਾ-ਮਾਰੂ ਦਾ ਕੰਮ ਲਿਆ। ਸਰ ਈ. ਡੀ. ਮੈਨ. ਲੈਗਨ ਗਵਰਨਰ ਪੰਜਾਬ ਨੇ ਸੀ. ਡਬਲਯੂ ਜੱਕਬ ਡਿਪਟੀ ਕਮਿਸ਼ਨਰ ਨੂੰ ਸਖਤ ਹੁਕਮ

ਦਿੱਤੇ। ਫਿਰੰਗੀ ਦੀ ਵਿਸ਼ਵ ਪ੍ਰਸਿੱਧ "ਪਾੜੋ ਅਤੇ ਰਾਜ ਕਰੋ" ਦੀ ਕੂਟਨੀਤੀ ਉੱਤੇ ਅਮਲ ਕਰਦਿਆਂ ਪ੍ਰਸਾਸ਼ਨ ਨੇ ਬੱਬਰਾਂ ਵਿੱਚੋਂ ਹੀ ਭਾਰੀ ਇਨਾਮ ਦੇ ਕੇ ਬੱਬਰ ਅਨੂਪ ਸਿੰਘ ਨੂੰ ਖਰੀਦ ਲਿਆ ਜਿਸ ਨੇ ਸੁਪਰਡੈਂਟ ਪੁਲਿਸ ਮਿਸਟਰ ਸਮਿਥ ਪਾਸ ਮੁਖਬਰੀ ਕਰ ਕੇ ਮਹੀਨਾ ਸਤੰਬਰ, ੧੯੨੩ ਨੂੰ ਨਿਹੱਥੇ ਚਾਰ ਮੋਹਰੀ ਬੱਬਰਾਂ- ਜਥੇਦਾਰ ਕਰਮ ਸਿੰਘ ਦੌਲਤਪੁਰ, ਬੱਬਰ ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਬੱਬਰ ਬਿਸ਼ਨ ਸਿੰਘ ਪਿੰਡ ਮਾਂਗਟ ਅਤੇ ਬੱਬਰ ਮਹਿੰਦਰ ਸਿੰਘ ਪਿੰਡ ਪੰਡੋਰੀ ਗੰਗਾ ਸਿੰਘ ਨੂੰ ਪੁਲਿਸ ਵਾਲਿਆਂ ਤੋਂ ਘੇਰਾ ਪਵਾ ਦਿੱਤਾ। ਨਿਹੱਥੇ ਹੋਣ ਦੇ ਬਾਵਜੂਦ ਚਾਰੇ ਬੱਬਰ ਜਾਨਾਂ ਹੂਲ ਕੇ ਬੜੀ ਦਲੇਰੀ ਨਾਲ ਪੁਲਿਸ ਵਿਰੁੱਧ ਜੂਝੇ ਅਤੇ ਅੰਤ ਸ਼ਹੀਦ ਹੋ ਗਏ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਪਿੰਡ ਬਬੇਲੀ ਵਿਖੇ ਇਕ ਯਾਦਗਾਰੀ ਗੇਟ ਬਣਾਇਆ ਹੋਇਆ ਹੈ। ਇਸੇ ਤਰ੍ਹਾਂ ਗਦਾਰ ਜਵਾਲਾ ਸਿੰਘ ਸਿਆਣ ਦੀ ਮੁਖਬਰੀ ਕਾਰਨ ੨੫ ਅਕਤੂਬਰ, ੧੯੨੩ ਨੂੰ ਮੰਨਣਹਾਣਾ ਵਿਖੇ ਬੱਬਰ ਧੰਨਾ ਸਿੰਘ ਬਹਿਬਲਪੁਰ, ਬੱਬਰ ਬੰਤਾ ਸਿੰਘ ਧਾਮੀਆਂ ਕਲਾਂ ਵੀ ਪੁਲਿਸ ਮੁਕਾਬਲੇ ਦੌਰਾਨ ਸ਼ਹੀਦੀਆਂ ਪਾ ਗਏ।

ਵਰਣਨਯੋਗ ਹੈ ਕਿ ਗ੍ਰਿਫਤਾਰੀ ਉਪਰੰਤ ਸੁਪਰਡੈਂਟ ਪੁਲਿਸ ਮਿਸਟਰ ਹੋਰਟਨ ਨੇ ਬੱਬਰ ਧੰਨਾ ਸਿੰਘ ਬਹਿਬਲਪੁਰ ਨੂੰ ਵੰਗਾਰਦਿਆਂ ਕਿਹਾ, "ਧੰਨਾ ਸਿੰਘ ਤੁਮ ਬੋਲਤਾ ਥਾ ਕਿ ਜੀਤੇ ਜੀ ਬੱਬਰ ਧੰਨਾ ਸਿੰਘ ਕੋ ਕੋਈ ਨਹੀਂ ਪਕੜ ਸਕਤਾ। ਅਬ ਕੈਸਾ ਹਾਲ ਹੈ? ਤੁਮ ਜੀਤੇ ਭੀ ਹੋ ਔਰ ਗ੍ਰਿਫਤਾਰ ਭੀ ਹੋ।" ਇਹ ਤਾਹਨਾ ਮਾਰ ਕੇ ਮਿਸਟਰ ਹੋਰਟਨ ਖਿੜ-ਖਿੜਾ ਕੇ ਹੱਸ ਪਿਆ। ਬੱਬਰ ਧੰਨਾ ਸਿੰਘ "ਗੁਰੂ ਕਾ ਸਿੱਖ" ਸਿੰਘ-ਸ਼ੇਰ ਸੀ। ਉਸ ਨੇ ਗਰਜਵੀਂ ਅਵਾਜ਼ ਵਿਚ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।" ਦਾ ਜੈਕਾਰਾ ਛੱਡਿਆ ਅਤੇ ਇੱਕੋ ਝਟਕੇ ਨਾਲ ਹੱਥਕੜੀ ਤੋੜ ਕੇ ਵਗਾਹ ਮਾਰੀ ਅਤੇ ਲੱਕ ਨਾਲ ਬੰਨ੍ਹੇ ਹੋਏ ਬੰਬ ਨੂੰ ਦਾਗ ਕੇ ਸੁਪਰਡੈਂਟ ਪੁਲਿਸ ਅਤੇ ਉਸ ਦੇ ੧੧ ਸਾਥੀ ਪੁਲਸੀਆਂ ਨੂੰ ਬੋਟੀ-ਬੋਟੀ ਕਰ ਦਿੱਤਾ ਅਤੇ ਇਸੇ ਦੌਰਾਨ ਉਹ ਖੁਦ ਵੀ ਸ਼ਹੀਦ ਹੋ ਗਏ।

ਇਕ ਹੋਰ ਘਟਨਾ ਦੌਰਾਨ ਬਾਬੂ ਸੰਤਾ ਸਿੰਘ ਛੋਟੀ ਹਰਿਓਂ ਨੇ ਸਰਕਾਰ ਦੇ ਝੋਲੀਚੁੱਕ ਅਤੇ ਖਾਲਸਾ ਪੰਥ ਦੇ ਗਦਾਰ ਜ਼ੈਲਦਾਰ ਬਿਸ਼ਨ ਸਿੰਘ ਜੋ ਕਿ ਬਾਬੂ ਸੰਤਾ ਸਿੰਘ ਨਾਲੋਂ ਕੱਦ-ਕਾਠ ਅਤੇ ਤਾਕਤ ਵਿਚ ਦੁੱਗਣਾ ਸੀ, ਨੂੰ ਕਪੂਰਥਲਾ ਦੇ ਮਹਾਰਾਜੇ ਦੀ ਲੜਕੀ ਦੀ ਸ਼ਾਦੀ ਤੋਂ ਪਰਤਦਿਆਂ ਰਸਤੇ ਵਿਚ ਘੇਰ ਕੇ ਹੁਸ਼ਿਆਰ ਹੋਣ ਲਈ ਵੰਗਾਰਿਆ ਅਤੇ ਇੱਕੋ ਵਾਰ ਨਾਲ ਨਰਕਾਂ ਦੀ ਗੱਡੀ ਚੜ੍ਹਾ ਦਿੱਤਾ।

ਇਕ ਹੋਰ ਘਟਨਾ ਵਿਚ ਮੁਖਬਰੀ ਦੇ ਆਧਾਰ ਉੱਤੇ ਪੁਲਿਸ ਅਤੇ ਫੌਜ ਦੀ ਸਾਂਝੀ ਭਾਰੀ ਫੋਰਸ ਨੇ ਪਿੰਡ ਮੰਡੇਰ ਵਿਖੇ ਬੱਬਰ ਵਰਿਆਮ ਸਿੰਘ ਧੁੰਮਾ, ਬੱਬਰ ਜੁਆਲਾ ਸਿੰਘ ਫਤੇਹਪੁਰ ਕੋਠੀ ਅਤੇ ਬੱਬਰ ਬੰਤਾ ਸਿੰਘ ਧਾਮੀਆਂ ਨੂੰ ਘੇਰ ਲਿਆ। ਸਖਤ ਮੁਕਾਬਲਾ ਹੋਇਆ। ਜਦੋਂ ਪੁਲਿਸ ਬੱਬਰਾਂ ਦਾ ਨੁਕਸਾਨ ਕਰਨ ਤੋਂ ਬੇਵੱਸ ਹੋ ਗਈ ਤਾਂ ਉਸ ਫਿਰੰਗੀ ਦੀ ਸਾਂਝੀ ਸੁਰੱਖਿਆ ਟੁੱਕੜੀ ਨੇ ਉਸ ਮਕਾਨ ਨੂੰ ਹੀ ਅਗਨ

ਭੇਟ ਕਰ ਦਿੱਤਾ ਜਿਸ ਕਾਰਨ ਬੱਬਰ ਜੁਆਲਾ ਸਿੰਘ ਅਤੇ ਬੱਬਰ ਬੰਤਾ ਸਿੰਘ ਧਾਮੀਆਂ ਸ਼ਹੀਦ ਹੋ ਗਏ ਪਰੰਤੂ ਬੱਬਰ ਵਰਿਆਮ ਸਿੰਘ ਧੁੱਮਾ ਬਚ ਨਿਕਲੇ ਜੋ ਅਜ਼ਾਦੀ ਦੇ ਸੰਘਰਸ਼ ਵਿਚ ਜੂਝਦਿਆਂ ਤਿੰਨ ਮਹੀਨੇ ਬਾਅਦ ਪੁਲਿਸ ਨਾਲ ਹੋਏ ਇਕ ਹੋਰ ਲੰਬੇ ਮੁਕਾਬਲੇ ਦੌਰਾਨ ਸ਼ਹੀਦ ਹੋ ਗਏ।

੨੭ ਫਰਵਰੀ, ੧੯੨੬ ਨੂੰ ਸਰਕਾਰ ਅੰਗਰੇਜ਼ੀ ਨੇ ਬੱਬਰ ਨੰਦ ਸਿੰਘ ਘੜਿਆਲ, ਬੱਬਰ ਬਾਬੂ ਸੰਤਾ ਸਿੰਘ ਛੋਟੀ ਹਰਿਓਂ ਅਤੇ ਬੱਬਰ ਦਲੀਪ ਸਿੰਘ ਧਾਮੀਆਂ ਅਤੇ ਬੱਬਰ ਧਰਮ ਸਿੰਘ ਹਿਆਤਪੁਰ ਨੂੰ ਕੇਂਦਰੀ ਜੇਲ੍ਹ ਵਿਚ ਫਾਂਸੀ ਦੇ ਤਖ਼ਤੇ ਉੱਤੇ ਲਟਕਾ ਦਿੱਤਾ। ਬੱਬਰ ਅਕਾਲੀ ਲਹਿਰ ਦੌਰਾਨ ਅਜਿਹੀਆਂ ਅਨੇਕਾਂ ਹੀ ਘਟਨਾਵਾਂ ਹੋਈਆਂ। ਇਕ ਦਰਜਨ ਤੋਂ ਵੱਧ ਬੱਬਰਾਂ ਨੂੰ ਫਾਂਸੀ ਦਿੱਤੀ ਗਈ।

ਇਕ ਹੋਰ ਘਟਨਾ ਵਿਚ ੧੨ ਜੁਲਾਈ, ੧੯੩੨ ਨੂੰ ਵੀ ਇਕ ਗਦਾਰ ਦੀ ਮੁਖਬਰੀ ਕਾਰਨ ਬੱਬਰ ਰਤਨ ਸਿੰਘ ਰਕੜ ਨੂੰ ਉਸ ਦੇ ਲੁਕਣ ਠਿਕਾਣੇ ਵਿਚ ਹੀ ਪੁਲਿਸ ਨੇ ਘੇਰਾ ਪਾ ਲਿਆ। ਕੋਈ ਚਾਰਾ ਨਾਂ ਚੱਲਦਿਆਂ ਵੇਖ ਕੇ ਪੁਲਿਸ ਨੇ ਮਕਾਨ ਨੂੰ ਹੀ ਅੱਗ ਲਗਾ ਦਿੱਤੀ ਪਰੰਤੂ ਬੱਬਰ ਰਤਨ ਸਿੰਘ ਰਕੜ ਨੇ ਕੰਧ ਪਾੜ ਕੇ ਬਾਹਰ ਆ ਕੇ ਇਕੱਲੇ ਨੇ ਪੁਲਿਸ ਨਾਲ ਮੁਕਾਬਲਾ ਕੀਤਾ ਅਤੇ ਸ਼ਹੀਦੀ ਦਾ ਜਾਮ ਪੀ ਲਿਆ।

੬੦ ਤੋਂ ਵੱਧ ਬੱਬਰਾਂ ਨੂੰ ਅੰਡੇਮਾਨ ਦੀ ਬਦਨਾਮ ਜੇਲ੍ਹ ਵਿਚ ਕੈਦ ਕਰ ਦਿੱਤਾ ਗਿਆ ਅਤੇ ੧੦੦ ਤੋਂ ਵੱਧ ਨੂੰ ਵੱਖ-ਵੱਖ ਸਮਿਆਂ ਦੀ ਸਖਤ ਕੈਦ ਸੁਣਾ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਬੱਬਰ ਤੋਂ ਮੁਖਬਰ ਬਣੇ ਅਨੂਪ ਸਿੰਘ ਨੂੰ ਬਿਲੇ ਲਾਉਣ ਕਰਕੇ ਗਿਆਨੀ ਗੁਰਦਿੱਤ ਸਿੰਘ ਨੂੰ ੧੯ ਮਈ, ੧੯੩੯ ਨੂੰ ਕੇਂਦਰੀ ਜੇਲ੍ਹ ਮੁਲਤਾਨ ਵਿਖੇ ਫਾਹੇ ਲਾ ਦਿੱਤਾ ਗਿਆ। ਉਸ ਦੇ ਨਾਲ ਵਾਲਾ ਸਾਥੀ ਬੱਬਰ ਕਰਤਾਰ ਸਿੰਘ ਕਾਫੀ ਸਮਾਂ ਭਗੌੜਾ ਰਿਹਾ ਅਤੇ ਸੰਸਾਰਪੁਰ ਦੇ ਤੇਜਾ ਸਿੰਘ ਨੇ ਇਨਾਮ ਦੇ ਲਾਲਚ ਕਰ ਕੇ ਉਸ ਨੂੰ ਗ੍ਰਿਫਤਾਰ ਕਰਵਾ ਦਿੱਤਾ ਅਤੇ ਬੱਬਰ ਕਰਤਾਰ ਸਿੰਘ ਨੂੰ ਵੀ ੧੦ ਅਗਸਤ, ੧੯੩੯ ਨੂੰ ਫਾਂਸੀ ਉੱਤੇ ਲਟਕਾਇਆ ਗਿਆ। ਉਨ੍ਹਾਂ ਦੀ ਯਾਦ ਵਿਚ ਨਕੋਦਰ-ਜਲੰਧਰ ਰੋਡ ਉੱਤੇ ਯਾਦਗਾਰੀ ਗੇਟ ਬਣਾਇਆ ਗਿਆ। ਜਿਸ ਕਰ ਕੇ ਜਲੰਧਰ ਦੁਆਬ, ਕੁਝ ਗਿਣਤੀ ਦੇ ਟੋਡੀਆਂ ਨੂੰ ਛੱਡ ਕੇ, ਪੂਰੀ ਤਰ੍ਹਾਂ ਬੱਬਰਾਂ ਦਾ ਹਮਾਇਤੀ ਬਣ ਗਿਆ ਅਤੇ ਇਹ ਖਿੱਤਾ ਤਕਰੀਬਨ ੧੮-੧੯ ਮਹੀਨੇ ਅੰਗਰੇਜ਼ ਦਾ ਨਹੀਂ ਸਗੋਂ ਬੱਬਰਾਂ ਦੇ ਹੀ ਤਹਿਤ ਰਿਹਾ ਅਤੇ ਇਨ੍ਹਾਂ ਗੰਭੀਰ ਹਾਲਾਤਾਂ ਦੀ ਚਰਚਾ ਬਰਤਾਨਵੀ ਪਾਰਲੀਮੈਂਟ ਵਿਚ ਵੀ ਹੋਈ। ਨਵਾਂ ਸ਼ਹਿਰ ਦੇ ਲਾਗੇ ਦੇ ਪਿੰਡ ਦੌਲਤਪੁਰ ਅਤੇ ਜਲੰਧਰ-ਹੁਸ਼ਿਆਰਪੁਰ ਰੋਡ ਉੱਤੇ ਸਥਿਤ ਪਿੰਡ ਖੁਰਦਪੁਰ ਵਿਚ ਇਨ੍ਹਾਂ ਬੱਬਰਾਂ ਨੇ ਜ਼ਮੀਨਦੋਜ਼ (UNDER-GROUND) ਦਫ਼ਤਰ ਵੀ ਬਣਾਏ ਹੋਏ ਸਨ ਜਿਨ੍ਹਾਂ ਦੀਆਂ ਨਿਸ਼ਾਨੀਆਂ ਅੱਜ ਵੀ ਇਨ੍ਹਾਂ ਪਿੰਡਾਂ ਵਿਚ ਮੌਜੂਦ ਹਨ। ਬੱਬਰਾਂ ਦੀ ਫਿਰੰਗੀ ਦੇ ਪ੍ਰਸਾਸ਼ਨ ਵਿਚ ਇਤਨੀ ਦਹਿਸ਼ਤ ਸੀ ਕਿ ਕਈ-ਕਈ ਦਿਨ ਪਹਿਲਾਂ ਢੰਢੋਰਾ

ਫਿਰਾ ਕੇ-ਤਰੀਖਾਂ ਨਿਯਤ ਕਰ ਕੇ ਇਹ ਬੱਬਰ ਪਿੰਡਾਂ ਵਿਚ ਵੱਡੀਆਂ ਕਾਨਫਰੰਸਾਂ ਕਰਦੇ ਸਨ ਪਰੰਤੂ ਕਿਸੇ ਸਰਕਾਰੀ ਅਧਿਕਾਰੀ ਜਾਂ ਪੁਲਿਸ ਪ੍ਰਸਾਸ਼ਨ ਦੀ ਉਨ੍ਹਾਂ ਨੂੰ ਪਕੜਨ ਦੀ ਜੁਅਰਤ ਨਹੀਂ ਸੀ ਪੈਂਦੀ। ਜਿਤਨੇ ਵੀ ਬੱਬਰ ਸ਼ਹੀਦ ਹੋਏ ਉਹ ਮੁਖਬਰਾਂ ਵੱਲੋਂ ਕੀਤੀ ਗਈ ਮੁਖਬਰੀ ਦੇ ਕਾਰਨ ਹੀ ਧੋਖੇ ਨਾਲ ਸ਼ਹੀਦ ਕੀਤੇ ਗਏ। ਆਹਮੋ-ਸਾਹਮਣੇ ਤਾਂ ਪੁਲਿਸ ਨਿਹੱਥੇ ਬੱਬਰਾਂ ਦਾ ਮੁਕਾਬਲਾ ਕਰਨੋਂ ਵੀ ਡਰਦੀ ਸੀ। ਭਗਤ ਕਬੀਰ ਜੀ ਦੇ ਦੋਹਰੇ ਇਨ੍ਹਾਂ ਦੇ ਬੁੱਲ੍ਹਾਂ ਉੱਤੇ ਹਮੇਸ਼ਾਂ ਹੀ ਰਹਿੰਦੇ ਸਨ:

- ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ *(ਪੰਨਾ ੧੧੦੫)*
- ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ *(ਪੰਨਾ ੧੩੬੫)*

ਪੰਜਾਬ ਦੀ ਮਹਾਨ ਧਰਤ ਉੱਤੋਂ ਉੱਠੀਆਂ ਇਨ੍ਹਾਂ ਵੱਖ-ਵੱਖ ਲਹਿਰਾਂ ਨੇ ਦੇਸ਼-ਵਾਸੀਆਂ ਅੰਦਰ ਅਜ਼ਾਦੀ ਦੀ ਚਿਣਗ ਜਗਾਈ, ਲੋਕਾਂ ਨੂੰ ਮਰਨ ਦਾ ਵੱਲ ਸਮਝਾਇਆ, ਧਰਮ ਅਤੇ ਦੇਸ਼ ਦੀ ਅਜ਼ਾਦੀ ਲਈ ''ਜੂਝ ਮਰਨ'' ਦਾ ਰਸਤਾ ਦਰਸਾਇਆ।

ਗਦਰ-ਪਾਰਟੀ ਲਹਿਰ (੧੯੧੩ ਈ:), ਕਾਮਾਗਾਟਾਮਾਰੂ ਲਹਿਰ (੧੯੧੪ ਈ:), ਕਿਰਪਾਨ ਦੀ ਅਜ਼ਾਦੀ ਲਈ ਮੋਰਚਾ (੧੯੧੭ ਈ:), ਗੁਰਦੁਆਰਾ ਸੁਧਾਰ ਲਹਿਰ (੧੯੨੦-੧੯੨੫ ਈ:), ਬੱਬਰ ਅਕਾਲੀ ਲਹਿਰ (੧੯੨੧-੧੯੨੬ ਈ:), ਚਾਬੀਆਂ ਦਾ ਮੋਰਚਾ (੧੯੨੧ ਈ:), ਗੁਰਦੁਆਰਾ ਭਾਈ ਫੇਰੂ (੫ ਜਨਵਰੀ, ੧੯੨੪), ਅਤੇ ਗੁਰਦੁਆਰਾ ਗੰਗਸਰ ਜੈਤੋਂ ਮੋਰਚਾ (੧੯੨੩ ਈ:) ਸਿੱਖ ਕੌਮ ਦੇ ਅਜਿਹੇ ਦੇਸ਼-ਭਗਤਾਂ, ਸਿਰਲੱਥ ਯੋਧਿਆਂ ਅਤੇ ਅਜ਼ਾਦੀ ਦੇ ਪਰਵਾਨਿਆਂ ਬਾਰੇ ਸ. ਪ੍ਰੀਤਮ ਸਿੰਘ ਕਾਸਦ ਲਿਖਦੇ ਹਨ:-

ਰੁੱਤਾਂ ਕੁਦਰਤ ਨੂੰ ਭੁੱਲਣ ਤਾਂ ਭੁੱਲ ਜਾਵਣ,
ਸਿੱਖ ਨੂੰ ਮੌਸਮ ਸ਼ਹੀਦੀ ਨਾ ਭੁੱਲਦਾ ਏ।

ਸ. ਕਾਸਦ ਇਹ ਵੀ ਲਿਖਦੇ ਹਨ ਕਿ ਢੇਰ ਸਾਰੀਆਂ ਕੁਰਬਾਨੀਆਂ ਦੇ ਬਾਵਜੂਦ ਸਿੱਖੀ ਦਾ ਬੂਟਾ ਸੱਖਣਾ ਨਹੀਂ ਸਗੋਂ ਸੰਘਣਾ ਹੀ ਹੁੰਦਾ ਗਿਆ। ਜਿਸ ਤਰ੍ਹਾਂ ਜ਼ਾਲਮ ਸੂਬੇਦਾਰ ਲਾਹੌਰ ਜ਼ਕਰੀਆ ਖਾਨ ਅਤੇ ਮੀਰ ਮੰਨੂੰ ਦੇ ਸਮੇਂ ਸਿੰਘਾਂ ਦੇ ਸਿਰਾਂ ਦੇ ਮੁੱਲ ਪਾਏ ਗਏ ਅਤੇ ਇਹ ਬੋਲਾ ਆਮ ਕਰ ਕੇ ਸਿੱਖਾਂ ਦੇ ਬੁੱਲਾਂ ਉੱਤੇ ਸੀ, ''ਮਨੂੰ ਅਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ। ਜਿਉਂ-ਜਿਉਂ ਮਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।'' ਸ. ਕਾਸਦ ਲਿਖਦੇ ਹਨ:

ਜਿਤਨਾ ਛਾਂਗੋ ਇਹ ਸੰਘਣਾ ਹੋਈ ਜਾਂਦਾ
ਕਿਉਂਕਿ ਇਹ ਬੂਟਾ ਗੁਰੂ ਅਰਜਨ ਦੀ ਕੁਲ ਦਾ ਏ।

ਉਕਤ ਸੰਖੇਪ ਚਰਚਾ ਤੋਂ ਬਿਲਕੁਲ ਸਪਸ਼ਟ ਹੈ ਕਿ ਜਲੰਧਰ ਦੁਆਬ ਦੀ

ਜਰਖੇਜ਼ ਧਰਤੀ ਤੋਂ ਉੱਠੀ ਹਥਿਆਰਬੰਦ ''ਬੱਬਰ ਅਕਾਲੀ ਲਹਿਰ'' ਸਮੇਂ ਦੀ ਮੁੱਖ ਲੋੜ ਸੀ ਕਿਉਂਕਿ ਅਜਿਹੇ ਜਬਰ, ਜ਼ੁਲਮ ਅਤੇ ਸਿਤਮ ਦੀ ਹਨੇਰੀ ਨੂੰ ਠੱਲ੍ਹ ਪਾਉਣ ਲਈ ਜਦੋਂ ਸਾਰੇ ਸ਼ਾਂਤਮਈ ਤਰੀਕੇ ਫੇਲ੍ਹ ਹੋ ਗਏ ਤਾਂ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੱਖ ਮਿਸਲਾਂ ਨੂੰ ਹਥਿਆਰ ਚੁੱਕਣੇ ਪਏ ਅਤੇ ਖੰਡਾ ਖੜਕਾਉਣਾ ਪਿਆ ਸੀ। ਸ੍ਰੀ ਗੁਰੂ ਅਰਜਨ ਸਾਹਿਬ ਨੇ ਇਹ ਜੁਗਤ ਇਉਂ ਬਿਆਨ ਕੀਤੀ ਹੈ:

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥ *(ਪੰਨਾ ੩੭੧)*

ਬੱਬਰ ਅਕਾਲੀਆਂ ਸਾਹਮਣੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿਧਾਂਤ ''ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥'' ਸੀ ਅਤੇ ਸਾਰੇ ਘੋਲ ਦੌਰਾਨ ਇਸ ਸਿਧਾਂਤ ਉੱਤੇ ਪਰਪੱਕ ਰਹੇ। ਇਹ ਵੀ ਮਹੱਤਵਪੂਰਨ ਹੈ ਕਿ ਸਰਕਾਰ ਦੇ ਝੋਲੀ ਚੁੱਕ ਕੌਮੀ ਗਦਾਰਾਂ, ਮੁਖਬਰਾਂ ਨੂੰ ਪਹਿਲੇ ਪਹਿਲ ਬੱਬਰਾਂ ਨੇ ਸਮਝਾਉਣ ਦਾ ਯਤਨ ਕੀਤਾ ਅਤੇ ਉਨ੍ਹਾਂ ਨੂੰ ਦੇਸ਼-ਧਰੋਹੀ ਅਤੇ ਭਰਾ-ਮਾਰੂ ਨਖਿਧ ਕੰਮ ਤੋਂ ਬਾਜ ਆਉਣ ਲਈ ਕਿਹਾ ਪਰੰਤੂ ਉਹ ਤਾਂ ''ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥'' ਅਨੁਸਾਰ ਲੋਭ-ਲਾਲਚ ਦੇ ਅੰਨ੍ਹੇ ਕੀਤੇ ਹੋਏ ਸਨ। ਸਮਝਾਉਣ ਦੇ ਯਤਨ ਫੇਲ੍ਹ ਹੋ ਜਾਣ ਉੱਤੇ ਹੀ ਉਨ੍ਹਾਂ ਨੂੰ ਸੋਧਾ ਲਾਉਣ ਦਾ ਫੈਸਲਾ ਕੀਤਾ ਗਿਆ। ਨਿਰਸੰਦੇਹ ਗੁਰੂ ਸਾਹਿਬਾਨ ਦੀ ਚਰਨ-ਛੋਹ ਅਤੇ ਗੁਰੂ-ਸ਼ਬਦ ਨਾਲ ਪਾਕ-ਪਵਿੱਤਰ ਅਤੇ ਮਹਾਨ ਹੋਈ ਇਸ ਪੰਜਾਬ ਦੀ ਮੁਕੱਦਸ ਧਰਤੀ ਉੱਤੋਂ ਉੱਠੀਆਂ ਸਿੱਖ-ਲਹਿਰਾਂ ਨੇ ਉਸ ਅੰਗਰੇਜ਼ ਦੇ ਮਜ਼ਬੂਤ ਰਾਜ-ਮਹੱਲ ਦੇ ਵੱਡੇ-ਵੱਡੇ ਸਤੰਭ ਹਿਲਾ ਕੇ ਰੱਖ ਦਿੱਤੇ ਅਤੇ ਅੰਤ ਦੂਜੇ ਮਹਾਂਯੁੱਧ ਵਿਚ ੧੯੪੫ ਈ: ਵਿਚ ਅੰਗਰੇਜ਼ ਦਾ ਰਾਜ ਮਹੱਲ ਤਹਿਸ-ਨਹਿਸ ਕਰ ਦਿੱਤਾ ਅਤੇ ਦੇਸ਼ ਭਗਤਾਂ ਦੀਆਂ ਅਥਾਹ ਕੁਰਬਾਨੀਆਂ ਕਾਰਨ ਫਿਰ ਭਾਰਤ ਸਮੇਤ ਦੁਨੀਆਂ ਦਾ ਬਹੁਤ ਵੱਡਾ ਹਿੱਸਾ ਗੋਰੇ ਫਿਰੰਗੀ ਤੋਂ ਅਜ਼ਾਦ ਹੋ ਗਿਆ।

ਬੱਬਰ ਅਕਾਲੀ ਲਹਿਰ ਦੌਰਾਨ ਅਨੇਕਾਂ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ। ਕੁਝ ਬੱਬਰ ਅਕਾਲੀ ਯੋਧੇ ਫੌਜ, ਘੋੜ-ਸਵਾਰ ਪੁਲਿਸ ਅਤੇ ਪੈਦਲ ਪੁਲਿਸ ਨਾਲ ਆਹਮੋ-ਸਾਹਮਣੇ ਮੁਕਾਬਲਿਆਂ ਵਿਚ ਸ਼ਹੀਦ ਹੋਏ। ਕੁਝ ਮੁਖਬਰੀਆਂ ਕਾਰਨ ਸੁੱਤੇ-ਨਿਹੱਥੇ ਗ੍ਰਿਫਤਾਰ ਕੀਤੇ ਜਾਣ ਮਗਰੋਂ ਆਪਣੇ ਲੱਕਾਂ ਨਾਲ ਬੰਨੇ ਬੰਬਾਂ ਨੂੰ ਚਲਾ ਕੇ ਕਈ-ਕਈ ਦੁਸ਼ਮਣਾਂ ਨੂੰ ਮਾਰ ਕੇ ਖੁਦ ਵੀ ਸ਼ਹੀਦ ਹੋ ਗਏ ਅਤੇ ਤਕਰੀਬਨ ੧੪੩ ਬੱਬਰਾਂ ਉੱਤੇ ਲਾਹੌਰ ਦੇ ਸੈਸ਼ਨ-ਜੱਜ ਦੀ ਕਚਿਹਰੀ ਵਿਚ ਵੱਖ-ਵੱਖ ਤਿੰਨ ਕੇਸਾਂ ਵਿਚ

ਫਾਂਸੀ ਦੀ ਸਜ਼ਾ ਹੋਣ ਕਾਰਨ ਫਾਂਸੀ ਉੱਤੇ ਚੜ੍ਹਦਿਆਂ ਹੋਇਆਂ ਦੇਸ਼ ਭਗਤੀ ਅਤੇ ਸ਼ਹੀਦੀ ਦੀ ਭਾਵਨਾ, ਸਿਦਕਦਿਲੀ ਅਤੇ ਦ੍ਰਿੜ੍ਹਤਾ ਨਾਲ ਸ਼ਹੀਦ ਹੋ ਗਏ। ਲਾਹੌਰ ਦੇ ਐਡੀਸ਼ਨਲ ਸੈਸ਼ਨ ਜੱਜ ਜੇ.ਕੇ.ਐਮ.ਟੱਪ ਅਤੇ ਐਸ.ਐਸ. ਹੈਰੀਸ਼ਨ ਵੱਲੋਂ ਕੇਂਦਰੀ ਜੇਲ੍ਹ ਲਾਹੌਰ ਵਿਖੇ ਹੀ ਮੁਕੱਦਮਿਆਂ ਦੀ ਸੁਣਵਾਈ ੧੫ ਅਗਸਤ, ੧੯੨੩ ਨੂੰ ਸ਼ੁਰੂ ਕੀਤੀ ਗਈ ਅਤੇ ਇਨ੍ਹਾਂ ਅਦਾਲਤਾਂ ਵੱਲੋਂ (੧) ਪਹਿਲਾ ਬੱਬਰ ਅਕਾਲੀ ਸਾਜ਼ਿਸ਼ ਕੇਸ ੨੩ ਮਾਰਚ, ੧੯੨੧ ਤੋਂ ੨੧ ਮਈ, ੧੯੨੧ (੨) ਦੂਜਾ ਬੱਬਰ ਅਕਾਲੀ ਸਾਜ਼ਿਸ਼ ਕੇਸ ੧੯੨੪ ਅਤੇ (੩) ਤੀਜਾ ਬੱਬਰ ਅਕਾਲੀ ਸਾਜ਼ਿਸ਼ ਕੇਸ ੧੯੨੫,ਕੇਸ ਚਲਾਏ ਗਏ, ਜਿਨ੍ਹਾਂ ਦੌਰਾਨ ਝੋਲੀਚੁੱਕ ਗਦਾਰਾਂ, ਵਾਅਦਾ ਮੁਆਫ ਸਰਕਾਰੀ ਗਵਾਹਾਂ ਦੀਆਂ ਗਵਾਹੀਆਂ ਅਤੇ ਫਿਰੰਗੀ ਰਾਜ ਦੀ ਨੀਤੀ ਅਤੇ ਨੀਅਤ ਅਨੁਸਾਰ ਇਨ੍ਹਾਂ ਕੇਸਾਂ ਵਿਚ ਬੱਬਰਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਜਿਸ ਨੂੰ ਜੇਲ੍ਹਾਂ ਵਿਚ ਅਮਲੀ ਰੂਪ ਦਿੱਤਾ ਗਿਆ ਅਤੇ ਕੁਝ ਨੂੰ ਵੱਖ-ਵੱਖ ਅਰਸ਼ੇ ਲਈ ਕੈਦ ਦੀ ਸਜ਼ਾ ਦਿੱਤੀ ਗਈ।

ਝੋਲੀਚੁੱਕ ਗਦਾਰ ਕਰਮ ਸਿੰਘ ਮੰਨਣਹਾਣਾ ਜੋ ਮੁਖਬਰੀਆਂ ਕਰ ਕੇ ਇਨਾਮ ਵਜੋਂ ਵੱਡੀਆਂ ਜਗੀਰਾਂ ਪ੍ਰਾਪਤ ਕਰ ਕੇ ਐਸ਼ ਦੀ ਜ਼ਿੰਦਗੀ ਬਤੀਤ ਕਰ ਰਿਹਾ ਸੀ, ਨੂੰ ਸ. ਅਜੈਬ ਸਿੰਘ ਤਲਵੰਡੀ ਖੁਰਦ ਜ਼ਿਲ੍ਹਾ ਲੁਧਿਆਣਾ ਅਤੇ ਸ. ਚਿੰਤਾ ਸਿੰਘ ਪਿੰਡ ਢੰਢੋਲੀ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ ਨੇ ਮਿਤੀ ੨੮-੫-੧੯੪੧ ਨੂੰ ਕੀਤੇ ਦੀ ਸਜ਼ਾ ਦੇ ਕੇ ਨਰਕਾਂ ਨੂੰ ਤੋਰ ਦਿੱਤਾ ਅਤੇ ਮਗਰੋਂ ਜਗਨ ਨਾਥ ਸੈਸ਼ਨ ਜੱਜ ਜਲੰਧਰ ਦੇ ਹੁਕਮ ਅਨੁਸਾਰ ਇਨ੍ਹਾਂ ਦੋਹਾਂ ਬੱਬਰਾਂ ਨੂੰ ਵੀ ਮਿਤੀ ੫-੬-੧੯੪੧ ਨੂੰ ਫਾਂਸੀ ਉੱਤੇ ਲਟਕਾ ਦਿੱਤਾ। ਪਰੰਤੂ ਇਤਿਹਾਸਿਕ ਅਤੇ ਵਿਲੱਖਣ ਬਾਤ ਇਹ ਹੈ ਕਿ ਕਿਸੇ ਵੀ ਬੱਬਰ ਅਕਾਲੀ ਨੇ ਆਪਣੇ ਬਚਾਅ ਲਈ ਨਾ ਤਾਂ ਸਰਕਾਰ ਅੰਗਰੇਜ਼ੀ ਤੋਂ ਕੋਈ ਰਿਆਇਤ ਮੰਗੀ ਤੇ ਨਾ ਹੀ ਕਿਸੇ ਨੇ ਮੁਆਫੀ ਮੰਗੀ ਅਤੇ ਨਾ ਹੀ ਆਪਣੇ ਬਚਾਅ ਲਈ ਕੋਈ ਯਤਨ ਕੀਤਾ ਸਗੋਂ ਸਭ ਨੇ ਹੀ ਪੂਰੀ ਦਲੇਰੀ, ਨਿਧੜਕਤਾ ਅਤੇ ਗਰਜ਼ਵੀਂ ਅਵਾਜ਼ ਵਿਚ ਆਪਣੇ ਆਪ ਨੂੰ ਸਰਕਾਰ ਅੰਗਰੇਜ਼ੀ ਦਾ ਦੁਸ਼ਮਣ ਨੰਬਰ ੧ ਕਿਹਾ ਅਤੇ ਪੂਰੇ ਜੋਸ਼ ਅਤੇ ਜ਼ੋਰ ਨਾਲ ਕਿਹਾ ਕਿ ਉਹ ਅੰਗਰੇਜ਼ ਨੂੰ ਆਪਣੇ ਦੇਸ਼ ਦੀ ਮੁਕੱਦਸ਼ ਧਰਤੀ ਤੋਂ ਭਜਾਉਣਾ ਚਾਹੁੰਦੇ ਹਨ ਅਤੇ ਜੋ ਕੁਝ ਉਨ੍ਹਾਂ ਨੇ ਕੀਤਾ ਹੈ ਉਹ ਪੂਰਾ ਸੋਚ-ਸਮਝ ਕੇ ਆਪਣੇ ਦੇਸ਼, ਕੌਮ ਅਤੇ ਧਰਮ ਲਈ ਆਪਣੇ ਫਰਜ਼-ਏ-ਅੱਵਲ ਨੂੰ ਨਿਭਾਉਂਦਿਆਂ ਕੀਤਾ ਜਿਸ ਲਈ ਉਨ੍ਹਾਂ ਨੂੰ ਕੋਈ ਪਛਤਾਵਾ ਨਹੀਂ ਹੈ ਸਗੋਂ ਪੂਰੀ ਤਸੱਲੀ ਅਤੇ ਖੁਸ਼ੀ ਹੈ ਕਿ ਉਹ ਜ਼ਾਲਮ ਸਰਕਾਰ ਅੰਗਰੇਜ਼ੀ ਨਾਲ ਸਿੱਧੇ ਮੱਥੇ ਟਕਰਾ ਸਕੇ।

ਅਮਰ ਸ਼ਹੀਦ ਬੱਬਰ ਕਿਸ਼ਨ ਸਿੰਘ ਗੜਗੱਜ ਦਾ ਸੈਸ਼ਨ ਅਦਾਲਤ ਵਿਚ ਦਿੱਤਾ ਬਿਆਨ, ''ਮੈਂ ਆਪਣੇ ਇਰਾਦੇ ਉੱਤੇ ਦ੍ਰਿੜ੍ਹ ਹਾਂ। ਮੈਂ ਸਰਕਾਰ ਅੰਗਰੇਜ਼ੀ ਨੂੰ ਭਾਰਤ ਵਿੱਚੋਂ ਕੱਢਣ ਲਈ ਸਭ ਕੁਝ ਪੂਰੀ ਸੋਝੀ ਅਤੇ ਵਿਚਾਰਨ ਉਪਰੰਤ ਕੀਤਾ ਹੈ। ਮੈਂ ਕਾਲੇ ਅਤੇ ਕਠੋਰ ਦਿਲ ਵਾਲੀ ਗੋਰੀ ਸਰਕਾਰ ਦਾ ਕੱਟੜ ਵੈਰੀ ਹਾਂ। ਮੈਂ ਸਰਕਾਰ

ਅੰਗਰੇਜ਼ੀ ਤੋਂ ਕੋਈ ਰਿਆਇਤ ਨਹੀਂ ਚਾਹੁੰਦਾ। ਮੈਂ ਜੋ ਕੁਝ ਕੀਤਾ ਉਹ ਕਬੂਲ ਕਰਦਾ ਹਾਂ।'' ਉਨ੍ਹਾਂ ਦਾ ਇਹ ਬਿਆਨ ਕਿ ''ਮੈਂ ਜਨਤਾ ਨੂੰ ਗੋਰੀ ਸਰਕਾਰ ਨੂੰ ਸਮਾਪਤ ਕਰਨ ਲਈ ਤਿਆਰ ਕਰਨ ਹਿਤ ੫੨੭ ਕਾਨਫਰੰਸਾਂ ਨੂੰ ਸੰਬੋਧਨ ਕੀਤਾ।'' ਇਕ ਜਿਉਂਦੀ-ਜਾਗਦੀ ਮਿਸਾਲ ਹੈ। ਇਸ ਤਰ੍ਹਾਂ ਇਹ ਸਾਰੇ ਹੀ ਸ਼ਹੀਦ ਬੱਬਰ ਅਕਾਲੀ ਆਪ ਵੀ ਅਮਰ ਸ਼ਹੀਦ ਹੋ ਗਏ ਅਤੇ ਇਤਿਹਾਸ ਨੂੰ ਵੀ ਸਦੀਵਕਾਲ ਲਈ ਅਮਰ ਕਹਾਣੀ ਬਣਾ ਗਏ ਜੋ ਹਮੇਸ਼ਾਂ ਹੀ ਸਾਡੀਆਂ ਆਉਂਦੀਆਂ ਪੀੜ੍ਹੀਆਂ ਲਈ ਇਕ ਰੋਸ਼ਨ ਮੀਨਾਰ ਅਤੇ ਸੱਚੇ ਦੇਸ਼ ਭਗਤੀ, ਕੌਮਪ੍ਰਸਤੀ ਅਤੇ ਧਰਮ ਉੱਤੋਂ ਮਰ ਮਿਟਣ ਦੇ ਜਜ਼ਬੇ ਦਾ ਅਮੁੱਕ ਭੰਡਾਰ ਬਣ ਗਏ। ਗੁਰਵਾਕ ਹੈ:

ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥ *(ਪੰਨਾ ੮੯)*

ਉਕਤ ਸੰਖੇਪ ਚਰਚਾ ਉਪਰੰਤ ਮੈਂ ਸਮਝਦਾ ਹਾਂ ਕਿ ਸਾਨੂੰ ਆਪਣੀ ਅਜੋਕੀ ਸਥਿਤੀ ਅਤੇ ਹਾਲਤ ਬਾਰੇ ਜ਼ਰੂਰ ਹੀ ਸੁਚੇਤ ਹੋਣਾ ਹੋਵੇਗਾ ਅਤੇ ਆਪਣੀ ਅਜੋਕੀ ਨੌਜਵਾਨ ਪੀੜ੍ਹੀ ਜੋ ਨੰਗੇਜਵਾਦ, ਨਸ਼ਿਆਂ, ਭਰੂਣ-ਹੱਤਿਆ, ਅਸ਼ਲੀਲਤਾ ਅਤੇ ਪਤਿਤਪੁਣੇ ਦੀ ਜ਼ਿਲ੍ਹਣ ਵਿਚ ਇਸ ਸਮੇਂ ਬੁਰੀ ਤਰ੍ਹਾਂ ਹੀ ਉਲਝੀ ਹੋਈ ਹੈ, ਨੂੰ ਸੰਭਾਲਣ ਲਈ ਜ਼ਰੂਰੀ ਹੈ ਉਨ੍ਹਾਂ ਨੂੰ ਆਪਣੇ ਸ਼ਾਨਾਂਮੱਤੇ ਅਤੇ ਲਾਮਿਸਾਲ ਵਿਰਸੇ ਗੁਰਮਤਿ ਦੇ ਨਿਰਾਲੇ ਅਤੇ ਵਿਲੱਖਣ ਅਸੂਲਾਂ ਅਤੇ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇ।

■

ਬਾਣੀ ਉਚਾਰਨ ਦੀ ਕਿਉਂ ਲੋੜ ਪਈ? *(ਸਫ਼ਾ ੧੯ ਦਾ ਬਾਕੀ ਹਿੱਸਾ)*

ਸ੍ਰੀ ਸਤਿਗੁਰ ਕੋ ਸਬਦ ਸੁਖਾਰੋ। ਸਰਬ ਜਾਤਿ ਕੋ ਹੈ ਅਧਿਕਾਰੋ।
ਸਰਬ ਕਾਲ ਅਰੁ ਸਗਰੇ ਦੇਸ਼। ਲਘੁ ਬਿਸਾਲ ਸਭਿ ਹਤਹਿੰ ਕਲੇਸ਼॥੨੫॥
ਧਨੀ ਨਿਰਧਨੀ ਸਭਿ ਲੇ ਪਾਇ। ਊਠਤਿ ਬੈਠਤਿ ਹਰਿ ਗੁਨ ਗਾਇ।
ਬਿਨਾ ਸੋਚ ਕੈ ਕਰਹਿ ਸ਼ਨਾਨ। ਕਰਹਿੰ ਭਜਨ ਪਾਵਹਿੰ ਕੱਲਜਾਨ॥੨੬॥
ਨੀਚ ਊਚ ਸਭਿ ਕੋ ਇਕਿ ਸਾਰ। ਤਿਸਿ ਪਰ ਸੁਨਿ ਦ੍ਰਿਸ਼ਟਾਂਤ ਉਦਾਰ।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੧. ਅੰਸੂ ੪੬)

ਹਰੇਕ ਜਾਤੀ ਦਾ ਮਨੁੱਖ ਇਸ ਬਾਣੀ ਦਾ ਲਾਭ ਪ੍ਰਾਪਤ ਕਰ ਸਕਦਾ ਹੈ । ਇਹ ਬਾਣੀ ਸਭ ਨੂੰ ਸੰਸਾਰ-ਕਲਿਆਣ ਤੇ ਮੁਕਤੀ ਦੋਨਾਂ ਦਾ ਆਤਮਿਕ ਅਨੰਦ ਬਖਸ਼ਿਸ਼ ਕਰਦੀ ਹੈ। ਗੁਰਬਾਣੀ ਦਾ ਪਾਵਨ ਫੁਰਮਾਨ ਹੈ :

ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ॥ *(ਪੰਨਾ ੩੩੫)*

■

ਇਤਿਹਾਸਿਕ ਗੁਰ-ਅਸਥਾਨ:੯

ਸ੍ਰੀ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਇਤਿਹਾਸਿਕ ਅਸਥਾਨ

*-ਮਨਮੋਹਨ ਕੌਰ**

ਬਾਸਰਕੇ ਗਿੱਲਾਂ

ਬਾਸਰਕੇ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦਾ ਮਸ਼ਹੂਰ ਇਤਿਹਾਸਿਕ ਪਿੰਡ ਹੈ। ਇਹ ਪਿੰਡ ਸ੍ਰੀ ਅੰਮ੍ਰਿਤਸਰ ਤੋਂ ਬਾਬਾ ਬੁੱਢਾ ਜੀ ਸੜਕ 'ਤੇ ਅਬਾਦ ਹੈ। ਰੇਲਵੇ ਸਟੇਸ਼ਨ ਛੇਹਰਟਾ ਇੱਥੋਂ ੫ ਕਿਲੋਮੀਟਰ ਦੂਰ ਹੈ।

ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਬਾਸਰਕੇ: ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਇਸੇ ਪਿੰਡ ਬਾਸਰਕੇ ਗਿੱਲਾਂ ਵਿਖੇ ਸੁਸ਼ੋਭਿਤ ਹੈ। ਇਸ ਪਵਿੱਤਰ ਸਥਾਨ 'ਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਪਿਤਾ ਸ੍ਰੀ ਤੇਜ ਭਾਨ ਭੱਲੇ ਖੱਤ੍ਰੀ ਦੇ ਘਰ ਮਾਤਾ ਲੱਛਮੀ ਜੀ ਦੀ ਕੁੱਖੋਂ ਹੋਇਆ ਸੀ। ਇਸ ਅਸਥਾਨ ਤੋਂ ਇਲਾਵਾ ਇਸ ਪਿੰਡ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਅਤੇ ਭਾਈ ਗੁਰਦਾਸ ਜੀ ਦੀਆਂ ਯਾਦਗਾਰਾਂ ਵੀ ਸੁਸ਼ੋਭਿਤ ਹਨ।

ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਗਿੱਲਾਂ : ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਗਿੱਲਾਂ ਵਿਖੇ ਉਸ ਸਥਾਨ ਉੱਤੇ ਸੁਸ਼ੋਭਿਤ ਹੈ ਜਿੱਥੇ ਸ੍ਰੀ ਗੁਰੂ ਅਮਰਦਾਸ ਸਾਹਿਬ ਗੁਰਗੱਦੀ ਮਿਲਣ ਉਪਰੰਤ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਸਪੁੱਤਰ ਬਾਬਾ ਦਾਤੂ ਜੀ ਦੇ ਵਿਰੋਧ ਕਾਰਨ ਸ੍ਰੀ ਗੋਇੰਦਵਾਲ ਸਾਹਿਬ ਤੋਂ ਆ ਕੇ ਰਹੇ ਸਨ। ਇੱਥੇ ਆ ਕੇ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਇਕ ਕਮਰੇ ਵਿਚ ਬੰਦ ਕਰ ਕੇ, ਉਸ ਨੂੰ ਬਾਹਰੋਂ ਬੰਦ ਕਰਵਾ ਦਿੱਤਾ ਸੀ ਅਤੇ ਆਪ ਇਕ ਅਕਾਲ ਪੁਰਖ ਦੀ ਭਗਤੀ ਵਿਚ ਲੀਨ ਹੋ ਗਏ ਸਨ ਅਤੇ ਆਪ ਨੇ ਆਪਣੀ ਸੰਗਤ ਨੂੰ ਉਸ ਕਮਰੇ ਦਾ ਬੂਹਾ ਨਾ ਖੋਲ੍ਹਣ ਦਾ ਆਦੇਸ਼ ਕਰਦਿਆਂ ਕਮਰੇ ਦੇ ਬਾਹਰ ਲਿਖਵਾ ਦਿੱਤਾ ਸੀ ਕਿ ਜੋ ਕੋਈ ਵੀ ਇਸ ਦਰਵਾਜ਼ੇ ਨੂੰ ਖੋਲ੍ਹੇਗਾ ਉਸ ਦਾ ਬੰਸ ਨਾਸ਼ ਹੋ ਜਾਵੇਗਾ। ਪਰ ਜਦ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਤਰਸਣ ਲੱਗੀਆਂ ਤਾਂ ਬਾਬਾ ਬੁੱਢਾ ਜੀ ਕਮਰੇ ਦੇ ਪਿਛਵਾੜੇ ਤੋਂ ਸੰਨ੍ਹ ਲਗਾ ਕੇ ਅੰਦਰ ਗਏ, ਇਸ ਤਰ੍ਹਾਂ ਉਨ੍ਹਾਂ ਨੇ ਗੁਰੂ ਸਾਹਿਬ ਦੇ ਆਦੇਸ਼ ਦਾ ਪਾਲਣ ਵੀ ਕਰ ਲਿਆ ਅਤੇ ਗੁਰੂ ਸਾਹਿਬ ਦੇ ਦਰਸ਼ਨ ਕਰ ਉਨ੍ਹਾਂ ਨੂੰ ਬੇਨਤੀ ਕਰ ਬੇਚੈਨ ਸੰਗਤਾਂ ਨੂੰ ਦਰਸ਼ਨ ਦੇਣ ਲਈ ਮਨਾ ਵੀ ਲਿਆ। ਗੁਰੂ ਜੀ ਨੇ ਵੀ ਸੰਗਤਾਂ ਦੀ ਸ਼ਰਧਾ, ਸਿਦਕ ਅਤੇ ਭਰੋਸਾ ਦੇਖ ਕੇ ਦਰਸ਼ਨ ਦਿੱਤੇ। ਬਾਬਾ ਬੁੱਢਾ ਜੀ ਵੱਲੋਂ ਸੰਨ੍ਹ ਲਗਾਈ ਗਈ ਦੀਵਾਰ ਅੱਜ ਵੀ ਸੰਗਤਾਂ ਦੇ ਦਰਸ਼ਨਾਂ ਲਈ ਮੌਜੂਦ ਹੈ।

* # ੮੩੬੩, ਗਲੀ ਨੰ: ੨, ਗੁਰੂ ਰਾਮਦਾਸ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ।

ਖਡੂਰ ਸਾਹਿਬ

ਖਡੂਰ ਸਾਹਿਬ ਜ਼ਿਲ੍ਹਾ ਤਰਨਤਾਰਨ ਦੀ ਇਕ ਤਹਿਸੀਲ ਹੈ। ਇਹ ਬਿਆਸ-ਗੋਇੰਦਵਾਲ ਸਾਹਿਬ ਰੇਲਵੇ ਲਾਈਨ 'ਤੇ ਬਿਆਸ ਤੋਂ ੨੨ ਕਿਲੋਮੀਟਰ ਅਤੇ ਗੋਇੰਦਵਾਲ ਸਾਹਿਬ ਤੋਂ ੬ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਅੰਮ੍ਰਿਤਸਰ ਤੋਂ ੪੩ ਅਤੇ ਤਰਨਤਾਰਨ ਤੋਂ ੧੯ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਖਡੂਰ ਸਾਹਿਬ ਦੀ ਪਾਵਨ ਧਰਤੀ ਨੂੰ ਨੌਂ ਗੁਰੂ ਸਾਹਿਬਾਨ ਨੇ ਆਪਣੀ ਪਾਵਨ ਚਰਨ-ਛੋਹ ਦੀ ਬਖਸ਼ਿਸ਼ ਕੀਤੀ ਹੈ। ਇਸੇ ਹੀ ਜਗ੍ਹਾ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਪਣਾ ਉੱਤਰਾਧਿਕਾਰੀ ਥਾਪ ਗੁਰਿਆਈ ਦੀ ਬਖਸ਼ਿਸ਼ ਕੀਤੀ ਸੀ। ਇਸ ਪਿੰਡ ਵਿਚ ਸ੍ਰੀ ਗੁਰੂ ਅਮਰਦਾਸ ਜੀ ਤੋਂ ਇਲਾਵਾ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਇਤਿਹਾਸਿਕ ਯਾਦਗਾਰਾਂ ਸਥਾਪਿਤ ਹਨ।

ਗੁਰਦੁਆਰਾ ਦਮਦਮਾ ਸਾਹਿਬ : ਗੁਰਦੁਆਰਾ ਦਮਦਮਾ ਸਾਹਿਬ ਗੋਇੰਦਵਾਲ ਸਾਹਿਬ ਤੋਂ ਤਿੰਨ ਕਿਲੋਮੀਟਰ ਦੂਰ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਇਹ ਉਹ ਅਸਥਾਨ ਹੈ ਜਿੱਥੇ ਸ੍ਰੀ (ਗੁਰੂ) ਅਮਰਦਾਸ ਜੀ ਗੋਇੰਦਵਾਲ ਸਾਹਿਬ ਤੋਂ ਖਡੂਰ ਸਾਹਿਬ ਤਕ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਇਸ਼ਨਾਨ ਲਈ ਸਵੇਰੇ ਪਾਣੀ ਦੀ ਗਾਗਰ ਲਿਆਉਂਦੇ ਸਮੇਂ ਕੁਝ ਸਮਾਂ ਠਹਿਰਦੇ ਹੁੰਦੇ ਸਨ।

ਗੁਰਦੁਆਰਾ ਕਿੱਲਾ ਸਾਹਿਬ ਖਡੂਰ ਸਾਹਿਬ: ਗੁਰਦੁਆਰਾ ਕਿੱਲਾ ਸਾਹਿਬ, ਗੁਰਦੁਆਰਾ ਦਰਬਾਰ ਸਾਹਿਬ, ਅੰਗੀਠਾ ਸਾਹਿਬ ਦੇ ਬਿਲਕੁਲ ਨਾਲ ਹੀ ਸਥਾਪਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਇੱਥੇ ਉਹ ਕਿੱਲਾ ਅੱਜ ਵੀ ਮੌਜੂਦ ਹੈ ਜਿਸ ਨਾਲ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਇਸ਼ਨਾਨ ਲਈ ਗਾਗਰ ਲੈ ਕੇ ਆਉਂਦੇ ਸਮੇਂ ਠੋਕਰ ਖਾ ਕੇ ਡਿੱਗ ਗਏ ਸਨ।

ਗੁਰਦੁਆਰਾ ਥੜ੍ਹਾ ਸਾਹਿਬ ਖਡੂਰ ਸਾਹਿਬ : ਗੁਰਦੁਆਰਾ ਥੜ੍ਹਾ ਸਾਹਿਬ, ਖਡੂਰ ਸਾਹਿਬ ਵਿਖੇ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੇ ਸ੍ਰੀ ਗੁਰੂ ਅਮਰਦਾਸ ਜੀ ਨੂੰ ੭੨ ਸਾਲ ਦੀ ਉਮਰ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣਾ ਉੱਤਰਾਧਿਕਾਰੀ ਥਾਪ ਕੇ ਗੁਰਗੱਦੀ ਦੀ ਬਖਸ਼ਿਸ਼ ਕੀਤੀ ਸੀ।

ਗੋਇੰਦਵਾਲ ਸਾਹਿਬ

ਸ੍ਰੀ ਗੋਇੰਦਵਾਲ ਸਾਹਿਬ, ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਗੋਇੰਦਾ ਨਾਮਕ ਮਰਵਾਹੇ ਖੱਤਰੀ ਦੀ ਜ਼ਮੀਨ 'ਤੇ ਵਸਾਇਆ ਸੀ। ਅੱਜਕਲ੍ਹ ਇਹ ਨਗਰ ਜ਼ਿਲ੍ਹਾ ਤਰਨਤਾਰਨ ਦੀ ਤਹਿਸੀਲ ਖਡੂਰ ਸਾਹਿਬ ਵਿਖੇ ਤਰਨਤਾਰਨ-ਗੋਇੰਦਵਾਲ ਸੜਕ 'ਤੇ ਅਬਾਦ ਹੈ। ਰੇਲਵੇ ਸਟੇਸ਼ਨ ਗੋਇੰਦਵਾਲ ਸਾਹਿਬ ਵਿਖੇ ਹੀ ਹੈ। ਇਸ ਨਗਰ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਤੋਂ ਇਲਾਵਾ ਸ੍ਰੀ ਗੁਰੂ ਰਾਮਦਾਸ ਸਾਹਿਬ ਅਤੇ ਸ੍ਰੀ ਗੁਰੂ ਅਰਜਨ ਸਾਹਿਬ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ

ਵੀ ਆਪਣੇ ਮੁਬਾਰਕ ਚਰਨ ਪਾਏ ਹਨ। ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਜੋਤੀ-ਜੋਤਿ ਪੂਰਬ 'ਤੇ ਹਰ ਸਾਲ ਜੋੜ-ਮੇਲਾ ਲੱਗਦਾ ਹੈ। ਇੱਥੇ ਸ੍ਰੀ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਹੇਠ ਲਿਖੀਆਂ ਯਾਦਗਾਰਾਂ ਸੁਸ਼ੋਭਿਤ ਹਨ।

ਗੁਰਦੁਆਰਾ ਚੁਬਾਰਾ ਸਾਹਿਬ ਗੋਇੰਦਵਾਲ ਸਾਹਿਬ : ਗੁਰਦੁਆਰਾ ਚੁਬਾਰਾ ਸਾਹਿਬ ਗੋਇੰਦਵਾਲ ਸਾਹਿਬ ਵਿਖੇ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਪਰਵਾਰ ਸਮੇਤ ਰਿਹਾਇਸ਼ ਰੱਖੀ ਸੀ। ਇਸ ਨੂੰ 'ਹਵੇਲੀ ਸਾਹਿਬ' ਵੀ ਆਖਿਆ ਜਾਂਦਾ ਹੈ। ਇੱਥੇ ਚਾਂਦੀ ਦੇ ਦਰਵਾਜ਼ਿਆਂ ਵਾਲੇ ਇਕ ਕਮਰੇ ਵਿਚ ਚਾਂਦੀ ਦੀ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਇਸੇ ਅਸਥਾਨ 'ਤੇ ਹੀ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਗੱਦੀ ਅਸਥਾਨ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਸਥਾਨ, ਬੀਬੀ ਭਾਨੀ ਜੀ ਦਾ ਚੁੱਲ੍ਹਾ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤਿ ਸਮਾਉਣ ਦੇ ਸਥਾਨ ਵੀ ਸ਼ਾਮਲ ਹਨ।

ਬਾਉਲੀ ਸਾਹਿਬ ਗੋਇੰਦਵਾਲ ਸਾਹਿਬ : ੧੫੫੨ ਈ: ਨੂੰ ਗੁਰਗੱਦੀ ਮਿਲਣ ਉਪਰੰਤ ਸ੍ਰੀ ਗੁਰੂ ਅਮਰਦਾਸ ਜੀ ਖਡੂਰ ਸਾਹਿਬ ਤੋਂ ਆ ਕੇ ਗੋਇੰਦਵਾਲ ਸਾਹਿਬ ਰਹਿਣ ਲੱਗ ਪਏ। ਉਸ ਵਕਤ ਦਿੱਲੀ ਤੋਂ ਲਾਹੌਰ ਅਤੇ ਅਫਗਾਨਿਸਤਾਨ ਜਾਣ ਲਈ ਦਰਿਆ ਬਿਆਸ ਤੋਂ ਗੋਇੰਦਵਾਲ ਸਾਹਿਬ ਦਾ ਪੱਤਣ ਲੰਘ ਕੇ ਹੀ ਜਾਇਆ ਜਾਂਦਾ ਸੀ ਅਤੇ ਇੱਥੋਂ ਗੁਜ਼ਰਨ ਵਾਲੇ ਰਾਹੀਆਂ ਲਈ ਸਾਫ ਪਾਣੀ ਦੀ ਬੜੀ ਵੱਡੀ ਸਮੱਸਿਆ ਸੀ। ਆਪ ਜੀ ਨੇ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਲੱਗਭਗ ਛੇ ਸਾਲ ਦੀ ਮਿਹਨਤ ਉਪਰੰਤ ਉਪਰੋਕਤ ਬਾਉਲੀ ਦੀ ਖੁਦਾਈ ਕਰਵਾਈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਅਕਬਰ ਬਾਦਸ਼ਾਹ ਨੇ ਬਾਉਲੀ ਦੀ ਉਸਾਰੀ ਦੌਰਾਨ ਹੀ ਗੁਰੂ-ਘਰ ਆ ਕੇ ਆਪਣੀ ਕਿਸੇ ਮੁਹਿੰਮ ਦੀ ਸਫ਼ਲਤਾ ਵਾਸਤੇ ਗੁਰੂ ਸਾਹਿਬ ਤੋਂ ਆਸ਼ੀਰਵਾਦ ਦੀ ਯਾਚਨਾ ਕੀਤੀ ਸੀ। ਇਸ ਬਾਉਲੀ ਦੀਆਂ ੮੪ ਪਉੜੀਆਂ ਹਨ। ਇਸ ਗੁਰ-ਅਸਥਾਨ ਦੀ ਸੇਵਾ ਪਹਿਲਾਂ ਮਿਸਲਾਂ ਦੇ ਸਰਦਾਰਾਂ ਤੇ ਫੇਰ ਮਹਾਰਾਜਾ ਰਣਜੀਤ ਸਿੰਘ ਨੇ ਵੀ ਕਰਵਾਈ ਸੀ। ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਚਾਰ- ਮੰਜ਼ਲੀ ਸ਼ਾਨਦਾਰ ਇਮਾਰਤ ੧੯੩੮-੪੪ ਦਰਮਿਆਨ ਬਣਾਈ ਗਈ। ਯਾਤਰੂਆਂ ਦੀ ਸਹੂਲਤ ਲਈ ਸਾਫ-ਸੁਥਰੇ ਕਮਰੇ ਅਤੇ ਲੰਗਰ ਦਾ ਪ੍ਰਬੰਧ ਹੈ। ਇਸ ਬਾਉਲੀ ਦੇ ਨਾਂ ਬਹੁਤ ਸਾਰੇ ਮੁਗਲ ਬਾਦਸ਼ਾਹਾਂ, ਰਿਆਸਤ ਨਾਭਾ ਅਤੇ ਰਿਆਸਤ ਕਪੂਰਥਲਾ ਤੋਂ ਇਲਾਵਾ ਆਲੇ-ਦੁਆਲੇ ਦੇ ਪਿੰਡਾਂ ਵੱਲੋਂ ਵੀ ਇਸ ਦੇ ਨਾਂ ਬਹੁਤ ਸਾਰੀ ਜ਼ਮੀਨ ਲਗਾਈ ਹੋਈ ਹੈ।

ਗੁਰਦੁਆਰਾ ਥੜ੍ਹਾ ਸਾਹਿਬ ਗੋਇੰਦਵਾਲ ਸਾਹਿਬ : ਗੁਰਦੁਆਰਾ ਥੜ੍ਹਾ ਸਾਹਿਬ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੇ ਬੈਠ ਕੇ ਸ੍ਰੀ ਗੁਰੂ ਅਮਰਦਾਸ ਜੀ ਬਾਉਲੀ ਦੀ ਖੁਦਾਈ ਆਪਣੀ ਨਿਗਰਾਨੀ ਹੇਠ ਕਰਵਾਇਆ ਕਰਦੇ ਸਨ।

ਕਿੱਲੀ ਸਾਹਿਬ : ਗੁਰਦੁਆਰਾ ਚੁਬਾਰਾ ਸਾਹਿਬ ਦੇ ਬਾਹਰਵਾਰ ਇਕ ਦੀਵਾਰ 'ਤੇ

ਸ੍ਰੀ ਗੁਰੂ ਅਮਰਦਾਸ ਜੀ ਦੀ ਯਾਦਗਾਰ ਲੱਕੜੀ ਦੀ ਉਹ ਕਿੱਲੀ ਅਜੇ ਵੀ ਦਿਖਾਈ ਦਿੰਦੀ ਹੈ, ਜਿਸ 'ਤੇ ਹੁਣ ਚਾਂਦੀ ਲਗਾ ਦਿੱਤੀ ਗਈ ਹੈ। ਇਤਿਹਾਸਿਕ ਸ੍ਰੋਤ ਗਵਾਹੀ ਭਰਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਇਸੇ ਕਿੱਲੀ ਨੂੰ ਫੜ ਕੇ ਖਲੋ ਕੇ ਇਕ ਅਕਾਲ ਪੁਰਖ ਦੀ ਉਸਤਤ ਵਿਚ ਲੀਨ ਹੋਇਆ ਕਰਦੇ ਸਨ।

ਗੁਰਦੁਆਰਾ ਦਰਬਾਰ ਸਾਹਿਬ ਗੋਇੰਦਵਾਲ ਸਾਹਿਬ : ਗੁਰਦੁਆਰਾ ਦਰਬਾਰ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਦੇ ਨੇੜੇ ਹੀ ਸੁਸ਼ੋਭਿਤ ਹੈ। ਇੱਥੇ ਸ੍ਰੀ ਗੁਰੂ ਅਮਰਦਾਸ ਜੀ ਕਥਾ-ਕੀਰਤਨ ਕਰਦੇ ਅਤੇ ਸੰਗਤਾਂ ਨੂੰ ਇਕ ਅਕਾਲ ਪੁਰਖ ਦਾ ਉਪਦੇਸ਼ ਦਿੰਦੇ ਸਨ। ਇੱਥੇ ਹੀ ਆਪ ਜੀ ਦੇ ਸਪੁੱਤਰ ਬਾਬਾ ਮੋਹਰੀ ਜੀ ਨੇ ਜਦ ਆਪਣੇ ਵੱਡੇ ਭਰਾ ਨੂੰ ਕੰਗਣ ਪਾਏ ਵੇਖ ਕੇ ਕੰਗਣਾਂ ਦੀ ਮੰਗ ਕੀਤੀ ਸੀ ਤਾਂ ਆਪ ਜੀ ਨੇ ਉਸ ਨੂੰ ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਸੀ।

ਜੋਤੀ ਜੋਤਿ ਅਸਥਾਨ ਸ੍ਰੀ ਗੁਰੂ ਅਮਰਦਾਸ ਜੀ (ਕੋਠੜੀ ਸਾਹਿਬ) ਗੋਇੰਦਵਾਲ ਸਾਹਿਬ : ਗੋਇੰਦਵਾਲ ਸਾਹਿਬ ਵਿਖੇ ਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਗੁਰਗੱਦੀ ਅਸਥਾਨ ਦੇ ਨਾਲ ਹੀ ਛੋਟੀ ਜਿਹੀ ਸੰਗਮਰਮਰ ਦੀ ਉਹ ਥਾਂ ਸੁਸ਼ੋਭਿਤ ਹੈ ਜਿੱਥੇ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾਏ ਸਨ। ਇਤਿਹਾਸਿਕ ਸ੍ਰੋਤ ਦੱਸਦੇ ਹਨ ਕਿ ਗੁਰੂ ਜੀ ਦੇ ਸਿੱਖਾਂ ਨੇ ਇੱਥੇ ਉਨ੍ਹਾਂ ਦਾ ਦੇਹੁਰਾ ਬਣਵਾਇਆ ਸੀ ਜੋ ਬਿਆਸ ਦਰਿਆ ਵਿਚ ਰੁੜ੍ਹ ਗਿਆ। ਇਸੇ ਅਸਥਾਨ 'ਤੇ ਹੀ ਕਰੀਬ ਸੱਤ ਸਾਲ ਬਾਅਦ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵੀ ਜੋਤੀ ਜੋਤਿ ਸਮਾਏ ਸਨ। ਇਸ ਅਸਥਾਨ ਨੂੰ ਕੋਠੜੀ ਸਾਹਿਬ ਵੀ ਕਿਹਾ ਜਾਂਦਾ ਹੈ।

ਖਾਨ ਛਾਪਰੀ

ਗੁਰਦੁਆਰਾ ਸਾਹਿਬ ਖਾਨ ਛਾਪਰੀ: ਖਾਨ ਛਾਪਰੀ ਜ਼ਿਲ੍ਹਾ ਤਰਨਤਾਰਨ ਦਾ ਇਕ ਪਿੰਡ ਹੈ। ਡਾਕ-ਘਰ ਫਤਿਹਾਬਾਦ ਤੋਂ ੫ ਕਿਲੋਮੀਟਰ ਅਤੇ ਰੇਲਵੇ ਸਟੇਸ਼ਨ ਤਰਨਤਾਰਨ ਤੋਂ ੧੯ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਇਕ ਛੋਟਾ ਜਿਹਾ ਪਿੰਡ ਹੈ, ਜਿਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਤੋਂ ਇਲਾਵਾ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਆਪਣੇ ਪਵਿੱਤਰ ਚਰਨ ਪਾਏ। ਗੁਰੂ ਸਾਹਿਬਾਨ ਦੀ ਪਵਿੱਤਰ ਆਮਦ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

ਗੁਰਦੁਆਰਾ ਨਥਾਣਾ ਸਾਹਿਬ ਪਾਤਸ਼ਾਹੀ ਤੀਸਰੀ ਜੰਡ ਮਘੋਲੀ : ਗੁਰਦੁਆਰਾ ਨਥਾਣਾ ਸਾਹਿਬ ਪਾਤਸ਼ਾਹੀ ਤੀਸਰੀ ਪੰਜਾਬ ਦੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਜੰਡ ਮਘੋਲੀ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤ ਦੱਸਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਇੱਥੇ ੨੨ ਵਾਰ ਆਏ ਜਦੋਂ, ਉਹ ਅਜੇ ਗੁਰੂ ਅੰਗਦ ਸਾਹਿਬ ਦੇ ਸਿੱਖ ਨਹੀਂ ਬਣੇ ਸਨ। 'ਮਹਾਨ ਕੋਸ਼' ਅਨੁਸਾਰ ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿਚ ਵੀ ਗੁਰਦੁਆਰਾ ਸੁਸ਼ੋਭਿਤ ਹੈ।

ਹਰਿਦੁਆਰ

ਹਰਿਦੁਆਰ ਉਤਰਾਂਚਲ ਪ੍ਰਦੇਸ਼ ਦੇ ਜ਼ਿਲ੍ਹਾ ਸਹਾਰਨਪੁਰ ਦਾ ਪ੍ਰਸਿੱਧ ਸ਼ਹਿਰ ਹੈ। ਇਹ ਸ਼ਹਿਰ ਹਿੰਦੂਆਂ ਦੀਆਂ ਸੱਤ ਪੁਰੀਆਂ ਵਿਚ ਗਿਣਿਆ ਜਾਂਦਾ ਹੈ। ਇਸ ਦਾ ਖੇਤਰ ਹਰਿ ਕੀ ਪਉੜੀ ਤੋਂ ਲੈ ਕੇ ਕਨਖਲ ਤਕ ਹੈ। ਇਹ ਹਿੰਦੂ ਮਤ ਦਾ ਪ੍ਰਸਿੱਧ ਤੀਰਥ ਹੈ।

ਗੁਰਦੁਆਰਾ ਸਾਹਿਬ ਸਤੀ ਘਾਟ, ਕਨਖਲ (ਹਰਿਦੁਆਰ): ਹਰਿਦੁਆਰ ਦੇ ਇਕ ਪਿੰਡ ਕਨਖਲ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸਤੀ ਘਾਟ ਸੁਸ਼ੋਭਿਤ ਹੈ। ਇਸ ਅਸਥਾਨ 'ਤੇ ਗੁਰੂ ਜੀ ਨੇ ਸਤੀ ਪ੍ਰਥਾ ਵਿਰੁੱਧ ਲੋਕਾਂ ਨੂੰ ਜਾਗ੍ਰਿਤ ਕਰ ਕੇ ਇਕ ਅਕਾਲ ਪੁਰਖ ਦੀ ਅਰਾਧਨਾ ਵਿਚ ਜੁੜਨ ਦਾ ਉਪਦੇਸ਼ ਦਿੱਤਾ ਸੀ। ਇਤਿਹਾਸਿਕ ਸ੍ਰੋਤ ਦੱਸਦੇ ਹਨ ਕਿ ਇਸ ਅਸਥਾਨ 'ਤੇ ਸ੍ਰੀ ਗੁਰੂ ਅਮਰਦਾਸ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਪਵਿੱਤਰ ਚਰਨ ਪਾਏ ਹਨ।

ਥਾਨੇਸਰ (ਕੁਰੂਕਸ਼ੇਤਰ)

ਥਾਨੇਸਰ ਨੂੰ 'ਥਨੇਸਰ' ਜਾਂ ਥਨੇਸੁਰ' ਵੀ ਆਖਿਆ ਜਾਂਦਾ ਹੈ। ਥਾਨੇਸਰ, ਹਰਿਆਣਾ ਪ੍ਰਾਂਤ ਦੇ ਜ਼ਿਲ੍ਹੇ ਕੁਰੂਕਸ਼ੇਤਰ ਦਾ ਇਕ ਪ੍ਰਸਿੱਧ ਨਗਰ ਹੈ ਜੋ ਪ੍ਰਾਚੀਨ ਸਮੇਂ ਤੋਂ ਹੀ ਹਿੰਦੂਆਂ ਦਾ ਮੁੱਖ ਕੇਂਦਰ ਰਿਹਾ ਹੈ। ਇਸ ਨਗਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਮੁਬਾਰਕ ਕਦਮ ਪਾਏ। ਗੁਰੂ ਸਾਹਿਬਾਨ ਦੀ ਪਵਿੱਤਰ ਆਮਦ ਦੀ ਯਾਦ ਵਿਚ ਇਸ ਨਗਰ ਵਿਚ ਅਨੇਕਾਂ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ।

ਗੁਰਦੁਆਰਾ ਸਾਹਿਬ ਪਾਤਸ਼ਾਹੀ ਤੀਸਰੀ ਅਤੇ ਸਤਵੀਂ ਥਾਨੇਸਰ : ਗੁਰਦੁਆਰਾ ਸਾਹਿਬ ਪਾਤਸ਼ਾਹੀ ਤੀਸਰੀ ਅਤੇ ਸਤਵੀਂ ਥਾਨੇਸਰ ਵਿਚ ਗੁਰਦੁਆਰਾ ਮਹੱਲਾ 'ਖ਼ਾਕਰੋਬਾ' ਵਿਚ ਸਥਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਥਾਂ ਉੱਤੇ ੧੫੫੩ ਈ: ਵਿਚ ਸੂਰਜ ਗ੍ਰਹਿਣ ਦੇ ਸਮੇਂ ਆ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਸੀ।

ਗੁਰਦੁਆਰਾ ਸਾਹਿਬ ਜੋਤੀਸਰ: ਗੁਰਦੁਆਰਾ ਸਾਹਿਬ ਜੋਤੀਸਰ ਸਾਹਿਬ ਕੁਰੂਕਸ਼ੇਤਰ ਤੋਂ ੮-੧੦ ਕਿਲੋਮੀਟਰ ਦੂਰ ਸਥਿਤ ਹੈ। ਇੱਥੇ ਇਕ ਪੁਰਾਣਾ ਤਲਾਬ ਵੀ ਹੈ ਜਿਸ ਦੇ ਨਾਂ ਉੱਤੇ ਗੁਰਦੁਆਰਾ ਸਾਹਿਬ ਦਾ ਨਾਂ ਪਿਆ। ਇਤਿਹਾਸਿਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਇਸ ਸਥਾਨ ਉੱਤੇ ਆਪਣੇ ਮੁਬਾਰਕ ਚਰਨ ਪਾਏ।

ਪਹੋਆ

ਪਹੋਆ ਹਰਿਆਣਾ ਪ੍ਰਾਂਤ ਦੇ ਕੁਰੂਕਸ਼ੇਤਰ ਜ਼ਿਲ੍ਹੇ ਦਾ ਪੁਰਾਤਨ ਹਿੰਦੂ ਤੀਰਥ ਹੈ ਜੋ ਸਰਸਵਤੀ ਨਦੀ ਦੇ ਕੰਢੇ 'ਤੇ ਵਸਿਆ ਹੋਇਆ ਹੈ। ਇਸ ਨਗਰ ਵਿਚ ਸ੍ਰੀ ਗੁਰੂ ਨਾਨਕ

ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਇਤਿਹਾਸਿਕ ਗੁਰ ਅਸਥਾਨ ਹਨ।

ਗੁਰਦੁਆਰਾ ਮੰਜੀ ਸਾਹਿਬ ਪਹੋਆ : ਗੁਰਦੁਆਰਾ ਮੰਜੀ ਸਾਹਿਬ ਪਹੋਆ ਵਿਚ ਗੁਰਦੁਆਰਾ ਬਾਉਲੀ ਸਾਹਿਬ ਦੇ ਨਜ਼ਦੀਕ ਹੀ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਇਸ ਅਸਥਾਨ ਵਿਖੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਮੁਬਾਰਕ ਕਦਮ ਪਾਏ। ਪਹਿਲਾਂ ਇਸ ਗੁਰ ਅਸਥਾਨ ਦੀ ਉਸਾਰੀ ਕੈਥਲ ਦੇ ਰਾਜਾ ਭਾਈ ਉਦੈ ਸਿੰਘ ਨੇ ਕਰਵਾਈ ਸੀ। ੨੦ਵੀਂ ਸਦੀ ਦੇ ਅੰਤ ਵਿਚ ਇਸ ਦੀ ਨਵੀਂ ਉਸਾਰੀ ਕਰਵਾਈ ਗਈ ਜਿਸ ਦੀ ਦੇਖਭਾਲ ਗੁਰਦੁਆਰਾ ਬਾਉਲੀ ਸਾਹਿਬ ਵਾਲੀ ਕਮੇਟੀ ਹੀ ਕਰਦੀ ਹੈ।

ਪਾਕਿਸਤਾਨ

ਪਾਕਿਸਤਾਨ ੧੯੪੭ ਈ: ਤੋਂ ਪਹਿਲਾਂ ਭਾਰਤ ਦਾ ਹੀ ਹਿੱਸਾ ਸੀ। ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਅਦ ਸਾਡੇ ਬਹੁਤ ਸਾਰੇ ਇਤਿਹਾਸਿਕ ਅਸਥਾਨ ਪਾਕਿਸਤਾਨ ਵਿਚ ਰਹਿ ਗਏ ਜਿਨ੍ਹਾਂ ਵਿੱਚੋਂ ਸ੍ਰੀ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਅਸਥਾਨ ਹੇਠ ਲਿਖੇ ਹਨ:

ਗੁਰਦੁਆਰਾ ਸੱਚੀ ਮੰਜੀ ਪਾਤਸ਼ਾਹੀ ਪਹਿਲੀ (ਹਫਤਮਦਰ) : ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਅਤੇ ਤਹਿਸੀਲ ਨਨਕਾਣਾ ਸਾਹਿਬ ਵਿਚ ਪਿੰਡ ਹਫ਼ਤਮਦਰ ਆਉਂਦਾ ਹੈ। ਭਾਈ ਫੇਰੂ ਖੂੰਡਾ ਸੜਕ ਉੱਤੇ ਜਾਤਰੀ ਤੋਂ ਅੱਗੇ ਹੈ। ਪ੍ਰਮੁੱਖ ਸੜਕ ਤੋਂ ਕੋਈ ਪੰਜ ਕਿਲੋਮੀਟਰ ਨਿੱਕੀ ਜਿਹੀ ਸੜਕ ਪਿੰਡ ਵਿਚ ਜਾਂਦੀ ਹੈ। ਗੁਰਦੁਆਰਾ ਸਾਹਿਬ ਨੂੰ 'ਗੁਰਦੁਆਰਾ ਸੱਚੀ ਮੰਜੀ ਪਹਿਲੀ ਪਾਤਸ਼ਾਹੀ' ਵੀ ਆਖਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦਾ ਪਲੰਘ ਗਿੱਲ ਜ਼ਿਮੀਂਦਾਰ ਕੋਲ ਸੀ। ਗੁਰੂ ਅਰਜਨ ਸਾਹਿਬ ਨੇ ਵੀ ਇੱਥੇ ਚਰਨ ਪਾਏ ਅਤੇ ਪ੍ਰੇਮੀ ਸਿੱਖਾਂ ਨੂੰ 'ਇਕ ਸੋਟਾ' ਬਖਸ਼ਿਸ਼ ਕੀਤਾ। ਗੁਰੂ ਅਮਰਦਾਸ ਸਾਹਿਬ ਦੇ ਇਕ ਜੋੜੇ ਦਾ ਪੈਰ ਵੀ ਇੱਥੇ ਸੀ ਅਤੇ ਦੂਜਾ ਧੁਨੀ (ਜ਼ਿਲ੍ਹਾ ਹਾਫ਼ਿਜ਼ਾਬਾਦ) ਵਿਚ ਸੀ। ਹੁਣ ਗੁਰਦੁਆਰਾ ਸਾਹਿਬ ਦੀ ਇਮਾਰਤ ਢਹਿ ਚੁੱਕੀ ਹੈ।

ਗੁਰਦੁਆਰਾ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਧੁਨੀ : ਪਾਕਿਸਤਾਨ ਦੇ ਜ਼ਿਲ੍ਹਾ ਹਾਫ਼ਿਜ਼ਾਬਾਦ ਦੇ ਇਕ ਪਿੰਡ ਧੁਨੀ ਵਿਚ ਗੁਰੂ ਅਮਰਦਾਸ ਸਾਹਿਬ ਜੀ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਸ ਗੁਰਦੁਆਰਾ ਸਾਹਿਬ ਵਿਚ ਗੁਰੂ ਸਾਹਿਬ ਦੇ ਜੋੜੇ ਦਾ ਇਕ ਪੈਰ ਸੀ, ਜੋ ੧੧ ਇੰਚ ਲੰਮਾ ਅਤੇ ਸਾਢੇ ੩ ਇੰਚ ਚੌੜਾ ਸੀ। ਭਾਈ ਚੈਨਾ ਮੱਲ (ਧੀਰੋਮੱਲ) ਤੀਜੇ ਗੁਰੂ ਸਾਹਿਬ ਦਾ ਸਿੱਖ ਸੀ। ਗੁਰੂ ਸਾਹਿਬ ਨੇ ਉਸ

ਦੀ ਸੇਵਾ ਤੋਂ ਪ੍ਰਸੰਨ ਹੋ ਕੇ, ਉਸ ਨੂੰ ਆਪਣਾ ਜੋੜਾ ਬਖਸ਼ਿਆ ਜਿਸ ਦਾ ਇਕ ਪੈਰ ਇਸ ਪਿੰਡ ਅਤੇ ਇਕ ਮਦਰ ਪਿੰਡ, ਤਹਿਸੀਲ ਨਨਕਾਣਾ ਸਾਹਿਬ, ਜ਼ਿਲ੍ਹਾ ਸ਼ੇਖੂਪੁਰਾ ਵਿਚ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਹਜ਼ੀਰਾ ਦੇ ਰੋਗੀ ਇਨ੍ਹਾਂ ਥਾਵਾਂ ਵਿਚ ਜਾਂਦੇ ਤੇ ਜੋੜੇ ਨੂੰ ਗਲ ਨਾਲ ਛੁਹਾ ਕੇ ਅਰੋਗ ਹੁੰਦੇ ਹਨ। ਇਸ ਅਸਥਾਨ ਵਿਚ ਹੁਣ ਅੰਬਾਲੇ ਤੋਂ ਆਏ ਹੋਏ ਸ਼ਰਨਾਰਥੀ ਵੱਸੇ ਹੋਏ ਹਨ।

ਗੁਰਦੁਆਰਾ ਝਾੜੀ ਸਾਹਿਬ ਤਰਗੇ ਕਸੂਰ : ਗੁਰਦੁਆਰਾ ਝਾੜੀ ਸਾਹਿਬ ਤਰਗੇ ਸ੍ਰੀ ਗੁਰੂ ਅਮਰਦਾਸ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਪਾਕਿਸਤਾਨ ਦੇ ਕਸੂਰ ਜ਼ਿਲ੍ਹੇ ਦੇ ਪਿੰਡ ਕਾਦੀਵਿੰਡ ਤੋਂ ਅਗਲੇ ਪਿੰਡ ਤਰਗੇ ਵਿਚ ਸੁਸ਼ੋਭਿਤ ਹੈ। ਇਹ ਤਰਗੇ ਪਿੰਡ ਦੇ ਇਕ ਥੇਹ ਜੋ ਕਾਦੀਵਿੰਡ ਤੋਂ ਪੂਰਬ ਵੱਲ ਕੋਈ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ ਉੱਤੇ ਸਥਿਤ ਹੈ। ਇਤਿਹਾਸਿਕ ਸ੍ਰੋਤ ਦੱਸਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਕਸੂਰ ਵੱਲ ਜਾ ਰਹੇ ਸਨ ਤਾਂ ਇੱਥੋਂ ਦੇ ਵਸਨੀਕਾਂ ਦੀ ਪ੍ਰੇਮ ਭਰੀ ਬੇਨਤੀ ਮੰਨ ਕੇ ਗੁਰੂ ਸਾਹਿਬ ਕੁਝ ਸਮੇਂ ਲਈ ਇੱਥੇ ਠਹਿਰੇ ਸਨ। ਗੁਰਦੁਆਰਾ ਸਾਹਿਬ ਦੇ ਨਾਂ ਨਾਲ ਢਾਈ ਘੁਮਾਂ ਜ਼ਮੀਨ ਭਾਈ ਸੁਲੱਖਣ ਸਿੰਘ ਜੀ ਨਿਵਾਸੀ ਕਾਦੀਵਿੰਡ ਅਤੇ ਢਾਈ ਘੁਮਾਂ ਜ਼ਮੀਨ ਪਿੰਡ ਵਾਲਿਆਂ ਵੱਲੋਂ ਲਗਾਈ ਗਈ ਹੈ।

ਗੁਰਦੁਆਰਾ ਭਾਈ ਬਹਿਲੋਲ ਜੀ ਕਾਦੀਵਿੰਡ : ਗੁਰਦੁਆਰਾ ਭਾਈ ਬਹਿਲੋਲ ਜੀ ਪਾਕਿਸਤਾਨ ਦੇ ਜ਼ਿਲ੍ਹਾ ਕਸੂਰ ਦੇ ਇਕ ਪਿੰਡ ਕਾਦੀਵਿੰਡ ਦੇ ਬਾਹਰਵਾਰ ਸ੍ਰੀ ਗੁਰੂ ਅਮਰਦਾਸ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਇੱਥੇ ਪੜਾਅ ਦੌਰਾਨ ਦੀਵਾਨ ਚੰਦ ਦਿੱਲੀ ਵਾਲੇ ਨੇ ਉਨ੍ਹਾਂ ਕੋਲ ਆ ਕੇ ਬੇਨਤੀ ਕੀਤੀ ਕਿ ਮੇਰੀ ਕੋਈ ਯਾਦਗਾਰ ਬਣਵਾ ਦਿਓ ਤਾਂ ਜੋ ਮੇਰੇ ਤੋਂ ਬਾਅਦ ਵੀ ਮੇਰਾ ਨਾਂ ਚੱਲਦਾ ਰਹੇ, ਉਸ ਦੀ ਭਾਵਨਾ ਅਨੁਸਾਰ ਹੀ ਗੁਰੂ ਸਾਹਿਬ ਨੇ ਇਕ ਤਾਲਾਬ ਅਤੇ ਕੁਝ ਪੱਕੇ ਰਿਹਾਇਸ਼ੀ ਮਕਾਨ ਭਾਈ ਬਹਿਲੋਲ ਦੀ ਜ਼ਮੀਨ ਜੋ ਕੋਈ ੧੦੦ ਏਕੜ ਦੇ ਕਰੀਬ ਸੀ ਅਤੇ ਉਸ ਨੇ ਗੁਰੂ ਸਾਹਿਬ ਨੂੰ ਭੇਟਾ ਕਰ ਦਿੱਤੀ ਸੀ, ਉੱਪਰ ਬਣਵਾ ਦਿੱਤੇ। ਇਸੇ ਹੀ ਜ਼ਮੀਨ ਉੱਤੇ ਬਾਅਦ ਵਿਚ ਇੱਥੋਂ ਦੇ ਵਸਨੀਕਾਂ ਵੱਲੋਂ ਭਾਈ ਬਹਿਲੋਲ ਦੀ ਸਮਾਧ ਵੀ ਬਣਾ ਦਿੱਤੀ ਗਈ। ਜਨਾਬ ਇਕਬਾਲ ਕੇਸਰ ਅਨੁਸਾਰ ਅੱਜਕਲ੍ਹ ਗੁਰਦੁਆਰਾ ਸਾਹਿਬ ਦੇ ਕਮਰਿਆਂ ਵਿਚ 'ਸਰਕਾਰੀ ਸਕੂਲ' ਚੱਲ ਰਿਹਾ ਹੈ ਅਤੇ ਜ਼ਮੀਨ ਵਕਫ਼ ਬੋਰਡ ਆਫ਼ ਪਾਕਿਸਤਾਨ ਦੇ ਕਬਜ਼ੇ ਵਿਚ ਹੈ। ਗੁਰਦੁਆਰਾ ਸਾਹਿਬ ਦੀ ਹਾਲਤ ਬਹੁਤ ਹੀ ਖਸਤਾ ਹੈ। ਇਤਿਹਾਸਿਕ ਸ੍ਰੋਤ ਦੱਸਦੇ ਹਨ ਕਿ ਪੰਜਾਬ ਦੇ ਪ੍ਰਸਿੱਧ ਢਾਡੀ, ਨਾਵਲਕਾਰ ਅਤੇ ਇਤਿਹਾਸਿਕਾਰ ਢਾਡੀ ਸੋਹਣ ਸਿੰਘ ਸੀਤਲ ਵੀ ਇਸੇ ਪਿੰਡ ਦੇ ਰਹਿਣ ਵਾਲੇ ਸਨ ਅਤੇ ਇੱਥੇ ਅਜੇ ਵੀ ਉਨ੍ਹਾਂ ਦਾ ਜੋ ਬਾਗ਼ ਅਤੇ ਘਰ ਹੁੰਦਾ ਸੀ ਉਹ ਮੌਜੂਦ ਹੈ।

■

ਗੁਰੂ ਕੇ ਬਾਗ ਦਾ ਮੋਰਚਾ

*-ਸਿਮਰਜੀਤ ਸਿੰਘ**

ਗੁਰਮਤਿ ਦੇ ਸੋਮੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਖਾਲਸਾ ਪੰਥ ਸਮੇਂ-ਸਮੇਂ ਲੋੜ ਅਨੁਸਾਰ ਧਰਮਸਾਲੀਏ, ਮਸੰਦ, ਮਹੰਤ ਆਦਿ ਦੀਆਂ ਸੰਸਥਾਵਾਂ ਤੇ ਕਮੇਟੀਆਂ ਬਣਾਉਂਦਾ ਆਇਆ ਹੈ ਅਤੇ ਲੋੜੀਦੀਆਂ ਤਬਦੀਲੀਆਂ ਵੀ ਕਰਦਾ ਰਿਹਾ ਹੈ। ਪਰ ਖਾਲਸਾ ਪੰਥ ਨੇ ਕਦੇ ਵੀ ਗੁਰਮਤਿ-ਵਿਰੋਧੀ ਸ਼ਕਤੀਆਂ ਜਾਂ ਸਰਕਾਰੀ ਦਖਲ ਨੂੰ ਬਰਦਾਸ਼ਤ ਨਹੀਂ ਕੀਤਾ।

ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਕੰਮ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਧਰਮਸਾਲੀਏ, ਮਸੰਦ, ਉਦਾਸੀ, ਮਹੰਤ ਅਤੇ ਨਿਰਮਲੇ ਕਰਦੇ ਆ ਰਹੇ ਸਨ। ਉਹ ਸਭ ਗੁਰੂ ਸਾਹਿਬ ਦੁਆਰਾ ਦੱਸੀ ਰਹਿਤ-ਬਹਿਤ 'ਤੇ ਹੀ ਜ਼ੋਰ ਦਿੰਦੇ ਸਨ। ੧੭੧੬ ਈ: ਤੋਂ ੧੭੯੯ ਈ: ਤਕ ਤਕਰੀਬਨ ਸਾਰੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਇਨ੍ਹਾਂ ਦੇ ਹੱਥਾਂ ਵਿਚ ਆ ਗਈ ਸੀ।

ਦੂਸਰੇ ਪਾਸੇ ਇਨ੍ਹਾਂ ਗੁਰਦੁਆਰਾ ਸਾਹਿਬਾਨ ਨੂੰ ਸਿੱਖ-ਸ਼ਕਤੀ ਦਾ ਸੋਮਾ ਜਾਣ ਕੇ ਖਾਲਸੇ ਨੂੰ ਇਨ੍ਹਾਂ ਤੋਂ ਵਾਂਝਿਆਂ ਕਰਨ ਦੀ ਕੋਸ਼ਿਸ਼ ਵੀ ਸ਼ੁਰੂ ਤੋਂ ਹੀ ਕੀਤੀ ਜਾਂਦੀ ਰਹੀ ਹੈ। ਸਰਬ-ਸਾਂਝੀਵਾਲਤਾ ਦੇ ਪ੍ਰਤੀਕ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨੂੰ ਸਮੇਂ-ਸਮੇਂ ਦੀਆਂ ਸਰਕਾਰਾਂ ਨਿਸ਼ਾਨਾ ਬਣਵਾਉਂਦੀਆਂ ਰਹੀਆਂ ਹਨ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਆਦਿ ਵੱਲ ਉਚੇਚਾ ਧਿਆਨ ਦਿੱਤਾ ਗਿਆ। ਪਰ ਉਸ ਸਮੇਂ ਇਨ੍ਹਾਂ ਦਾ ਪ੍ਰਬੰਧ ਮਹੰਤਾਂ, ਪੁਜਾਰੀਆਂ ਆਦਿ ਦੇ ਹੱਥ 'ਚ ਹੀ ਰਿਹਾ ਜੋ ਗੁਰਦੁਆਰਾ ਸਾਹਿਬਾਨ ਦੇ ਸੁਧਾਰ ਵਿਚ ਕੋਈ ਖਾਸ ਦਿਲਚਸਪੀ ਨਹੀਂ ਸੀ ਰੱਖਦੇ। ਸੰਨ ੧੮੩੯ ਈ: ਵਿਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਮਗਰੋਂ ਪੰਜਾਬ ਦੀ ਰਾਜ ਗੱਦੀ ਪ੍ਰਾਪਤ ਕਰਨ ਲਈ ਹਨੇਰਗਰਦੀ ਮੱਚ ਗਈ, ਕਤਲ-ਓ-ਗਾਰਤ ਸ਼ੁਰੂ ਹੋ ਗਈ। ਇਨ੍ਹਾਂ ਹਾਲਾਤਾਂ ਬਾਰੇ ਸ਼ਾਹ ਮੁਹੰਮਦ ਨੇ ਆਪਣੀ ਅੱਖੀਂ ਦੇਖ ਕੇ ਲਿਖਿਆ ਹੈ:

"ਜੇਹੜਾ ਬਹੇ ਗੱਦੀ ਉਹਨੂੰ ਮਾਰ ਲੈਂਦੇ,
ਨਹੀਂ ਛੱਡਿਆ ਸਾਧ ਤੇ ਸੰਤ ਮੀਆਂ।

ਇਨ੍ਹਾਂ ਸਮਿਆਂ ਵਿਚ ਸਿੱਖੀ ਦਾ ਪ੍ਰਚਾਰ ਕਿਸ ਤਰ੍ਹਾਂ ਹੋ ਸਕਦਾ ਸੀ? ਕੁਝ ਸਮਾਂ

**ਸੰਪਾਦਕ, ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ*

ਬਾਅਦ ਅੰਗਰੇਜ਼ ਵੀ ਮੁਗਲ ਹਾਕਮਾਂ ਵਾਂਗ ਗੁਰਦੁਆਰਾ ਸਾਹਿਬਾਨ ਨੂੰ ਸਿੱਖ-ਸ਼ਕਤੀ ਦਾ ਕੇਂਦਰ ਮੰਨ ਕੇ ਦਖਲ-ਅੰਦਾਜ਼ੀ ਕਰਨ ਲੱਗੇ। ਉਨ੍ਹਾਂ ਨੇ ਮਹੰਤਾਂ ਨੂੰ ਆਪਣੇ ਨਾਲ ਰਲਾ ਕੇ ਉਨ੍ਹਾਂ ਦੀ ਪਿੱਠ ਪੂਰਨੀ ਸ਼ੁਰੂ ਕਰ ਦਿੱਤੀ। ਅੰਗਰੇਜ਼-ਰਾਜ ਦੇ ਪੰਜਾਬ ਅੰਦਰ ਸਥਾਪਿਤ ਹੋਣ ਮਗਰੋਂ ਉੱਠੀਆਂ ਕਈ ਧਾਰਮਿਕ, ਵਿੱਦਿਅਕ ਅਤੇ ਸਿਆਸੀ ਲਹਿਰਾਂ ਨੇ ਸਿੱਖਾਂ ਅੰਦਰ ਵੱਡੀ ਜਾਗ੍ਰਤੀ ਲੈ ਆਂਦੀ ਸੀ ਅਤੇ ਉਨ੍ਹਾਂ ਲਈ ਇਹ ਬਰਦਾਸ਼ਤ ਕਰਨਾ ਮੁਸ਼ਕਿਲ ਸੀ ਕਿ ਸਰਕਾਰ ਜਾਂ ਸਰਕਾਰ ਦੇ ਪਿੱਠੂ ਮਹੰਤ ਤੇ ਪੁਜਾਰੀ ਉਨ੍ਹਾਂ ਦੇ ਧਰਮ-ਅਸਥਾਨਾਂ ਅਤੇ ਹੋਰ ਆਸ਼ਰਮਾਂ 'ਤੇ ਕਾਬਜ਼ ਰਹਿਣ ਅਤੇ ਨਿੱਜੀ ਲਾਭਾਂ ਹਿੱਤ ਇਨ੍ਹਾਂ ਨੂੰ ਵਰਤਣ।

ਅੰਗਰੇਜ਼ਾਂ ਦੀ ਸ਼ਹਿ ਕਾਰਨ ਗੁਰਦੁਆਰਿਆਂ ਦੇ ਪ੍ਰਬੰਧਕ ਮਹੰਤਾਂ, ਪੁਜਾਰੀਆਂ ਵਿਚ ਕੁਰੀਤੀਆਂ ਆਈਆਂ ਅਤੇ ਅੰਧੇਰ-ਗਰਦੀ ਸ਼ੁਰੂ ਹੋ ਗਈ ਜਿਸ ਕਾਰਨ ਰਹਿਤ-ਬਹਿਤ ਵਿਚ ਪੱਕੇ ਅਤੇ ਸੂਝਵਾਨ ਸਿੰਘਾਂ ਨੇ ਲੋੜ ਮਹਿਸੂਸ ਕੀਤੀ ਕਿ ਗੁਰਦੁਆਰਿਆਂ ਨੂੰ ਬੇਅਦਬੀ ਤੋਂ ਬਚਾਇਆ ਜਾਵੇ। ਸਾਰੇ ਗੁਰਦੁਆਰਾ ਸਾਹਿਬਾਨ ਮਹੰਤਾਂ ਦੇ ਕਬਜ਼ੇ ਹੇਠ ਆ ਗਏ ਸਨ ਅਤੇ ਉਨ੍ਹਾਂ ਨੇ ਆਪਣੀਆਂ ਮਨ-ਮਾਨੀਆਂ ਸ਼ੁਰੂ ਕਰ ਦਿੱਤੀਆਂ ਸਨ। ਸ੍ਰੀ ਦਰਬਾਰ ਸਾਹਿਬ 'ਤੇ ਅੰਗਰੇਜ਼ਾਂ ਦੇ ਪਿੱਠੂਆਂ ਦਾ ਕਬਜ਼ਾ ਹੋ ਗਿਆ ਸੀ, ਜਿਨ੍ਹਾਂ ਵੱਲੋਂ ਕਾਮਾਗਾਟਾਮਾਰੂ ਦੇ ਸ਼ਹੀਦਾਂ ਵਿਰੁੱਧ ਪਤਿਤ ਹੋਣ ਦਾ ਫ਼ੁਰਮਾਨ ਜਾਰੀ ਕੀਤਾ ਗਿਆ। ਜੱਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਦੇ ਦੋਸ਼ੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁਜਾਰੀਆਂ ਨੇ ਸਿਰੋਪਾ ਦਿੱਤਾ। ਪ੍ਰਬੰਧਕਾਂ ਨੇ ਗੁਰਦੁਆਰਾ ਸਾਹਿਬਾਨ ਨੂੰ ਆਪਣੀ ਨਿੱਜੀ ਜਾਇਦਾਦ ਦੇ ਤੌਰ 'ਤੇ ਸਮਝਣਾ ਸ਼ੁਰੂ ਕਰ ਦਿੱਤਾ ਅਤੇ ਇਨ੍ਹਾਂ ਪਵਿੱਤਰ ਅਸਥਾਨਾਂ ਦੀ ਪਵਿੱਤਰਤਾ ਨੂੰ ਭੰਗ ਕਰਨਾ ਸ਼ੁਰੂ ਕਰ ਦਿੱਤਾ। ਸੂਝਵਾਨ ਸਿੱਖਾਂ ਲਈ ਇਹ ਚਿੰਤਾ ਦਾ ਵਿਸ਼ਾ ਸੀ। ਉਨ੍ਹਾਂ ਨੇ ਥਾਂ ਪਰ ਥਾਂ ਜਾ ਕੇ ਸਿੱਖਾਂ ਨੂੰ ਜਾਗ੍ਰਿਤ ਕਰਨਾ ਸ਼ੁਰੂ ਕਰ ਦਿੱਤਾ। ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸੁਧਾਰ ਕਰਨ ਸੰਬੰਧੀ ਇਕ ਦੀਵਾਨ ਪਿੰਡ ਧਾਰੋਵਾਲੀ ਵਿਚ ਵੀ ਕੀਤਾ ਗਿਆ।

ਗੁਰਦੁਆਰਿਆਂ ਦੇ ਪ੍ਰਬੰਧ 'ਚ ਸੁਧਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ੩੦ ਅਪ੍ਰੈਲ ੧੯੨੧ ਈ: ਨੂੰ ਰਜਿਸਟਰਡ ਕਰਵਾਈ ਗਈ ਅਤੇ ਨਿਯਮਾਂ ਦੇ ਬਣਨ ਪਿੱਛੋਂ ਇਸ ਦੀ ਨਵੀਂ ਚੋਣ ਜੁਲਾਈ ੧੯੨੧ ਈ: ਵਿਚ ਕੀਤੀ ਗਈ। ਚੁਣੇ ਹੋਏ ਮੈਂਬਰਾਂ ਦੀ ਕੁੱਲ ਗਿਣਤੀ ਦਾ ਪੰਜਵਾਂ ਹਿੱਸਾ ੧੪ ਅਗਸਤ ਨੂੰ ਨਾਮਜ਼ਦ ਕੀਤਾ ਗਿਆ ਅਤੇ ਮੁਕੰਮਲ ਨਵੀਂ ਕਮੇਟੀ ਦੀ ਇਕੱਤਰਤਾ ੨੭ ਅਗਸਤ ੧੯੨੧ ਈ: ਨੂੰ ਹੋਈ।

ਗੁਰਦੁਆਰਾ ਸੁਧਾਰ ਕਮੇਟੀ ਨੇ ਵੱਡੇ ਉਤਸ਼ਾਹ ਅਤੇ ਧਰਮ-ਭਾਵ ਨਾਲ ਗੁਰਦੁਆਰਿਆਂ ਦੇ ਸੁਧਾਰ ਦਾ ਕੰਮ ਅਰੰਭਿਆ। ਇਸ ਸੁਧਾਰ ਦੇ ਕੰਮ ਵਿਚ ਅਨੇਕਾਂ ਵਿਘਨ ਪਏ ਜਿਸ ਕਰਕੇ ਸਿੱਖ-ਪੰਥ ਨੂੰ ਬੜੀਆਂ ਕੁਰਬਾਨੀਆਂ ਕਰਨੀਆਂ ਪਈਆਂ।

ਸ੍ਰੀ ਦਰਬਾਰ ਸਾਹਿਬ ਸ੍ਰੀ ਤਰਨਤਾਰਨ ਸਾਹਿਬ ਨੂੰ ਸਿੰਘਾਂ ਨੇ ਭ੍ਰਸ਼ਟ ਮਹੰਤਾਂ ਕੋਲੋਂ ਅਜ਼ਾਦ ਕਰਵਾ ਲਿਆ ਸੀ ਭਾਵੇਂ ਇਸ ਲਈ ਉਨ੍ਹਾਂ ਨੂੰ ਬਹੁਤ ਸੰਘਰਸ਼ ਕਰਨਾ ਪਿਆ ਤੇ ਸਿੰਘਾਂ ਨੂੰ ਘੋਰ ਕਸ਼ਟ ਸਹਾਰਨੇ ਪਏ। ਮਹੰਤਾਂ ਨਾਲ ਹੋਏ ਇਸ ਸੰਘਰਸ਼ ਵਿਚ ਭਾਈ ਹਜ਼ਾਰਾ ਸਿੰਘ ਜੀ ਸ਼ਹੀਦੀ ਪਾ ਗਏ ਸਨ। ਇਸ ਘਟਨਾ ਨੂੰ ਸੁਣ ਕੇ ਸੰਗਤਾਂ ਦੂਰ-ਦੂਰ ਤੋਂ ਆ ਰਹੀਆਂ ਸਨ। ਘੁੱਕੇਵਾਲੀ ਦੇ ਪਿੰਡ ਤੇੜੇ ਦੇ ਸਿੰਘ ਵੀ ਜਥੇਦਾਰ ਕਰਤਾਰ ਸਿੰਘ ਝੱਬਰ ਜੀ ਪਾਸ ਪੁੱਜੇ।

ਸ੍ਰੀ ਅੰਮ੍ਰਿਤਸਰ ਤੋਂ ਅਜਨਾਲੇ ਨੂੰ ਜਾਂਦੀ ਸੜਕ ਉੱਪਰ ਸ੍ਰੀ ਅੰਮ੍ਰਿਤਸਰ ਤੋਂ ੧੩-੧੪ ਮੀਲ ਦੀ ਦੂਰੀ ਅਤੇ ਸੜਕ ਤੋਂ ਥੋੜ੍ਹਾ ਜਿਹਾ ਹਟ ਕੇ ਪਿੰਡ ਘੁੱਕੇਵਾਲੀ ਰੋਡ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਦੀ ਜੂਹ ਵਿਚ ਗੁਰਦੁਆਰਾ ਸਾਹਿਬ ਗੁਰੂ ਕਾ ਬਾਗ਼ ਹੈ। ਇਸ ਅਸਥਾਨ 'ਤੇ ਪਹਿਲਾਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਤੇ ਫਿਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਪਾਏ ਸਨ। ਗੁਰਦੁਆਰਾ ਸਾਹਿਬ ਦੇ ਲਾਗੇ ਹੀ ਗੁਰਦੁਆਰਾ ਸਾਹਿਬ ਦੀ ਮਲਕੀਅਤ ਵਾਲੀ ਜ਼ਮੀਨ ਹੈ ਜੋ ਕਿਸੇ ਸਮੇਂ ਬਾਗ਼ ਸੀ ਜਿਸ ਨੂੰ ਗੁਰੂ ਕਾ ਬਾਗ਼ ਕਿਹਾ ਜਾਂਦਾ ਹੈ।

ਘੁੱਕੇਵਾਲੀ ਤੋਂ ਆਈ ਸੰਗਤ ਨੇ ਗੁਰੂ ਕੇ ਬਾਗ਼ 'ਤੇ ਕਾਬਜ਼ ਮਹੰਤ ਸੁੰਦਰ ਦਾਸ ਦੀਆਂ ਕਰਤੂਤਾਂ ਦੱਸੀਆਂ ਕਿ ਉਹ ਸ਼ਰਾਬ ਪੀਣ ਦਾ ਆਦੀ ਹੈ ਅਤੇ ਉਸ ਨੇ ਇਕ ਵਿਧਵਾ ਇਸਤਰੀ ਜੋ ਸ਼ਰਾਬ ਪੀਣ ਦੀ ਆਦੀ ਹੈ ਨੂੰ ਬਿਨਾਂ ਅਨੰਦ ਕਾਰਜ ਕਰਵਾਇਆਂ ਹੀ ਆਪਣੇ ਘਰ ਵਿਚ ਰੱਖਿਆ ਹੋਇਆ ਹੈ। ਇਨ੍ਹਾਂ ਦੀਆਂ ਕੋਝੀਆਂ ਹਰਕਤਾਂ ਤੋਂ ਸੰਗਤ ਬਹੁਤ ਪਰੇਸ਼ਾਨ ਸੀ। ਸੰਗਤ ਨੇ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਬੇਨਤੀ ਕੀਤੀ ਕਿ ਉਹ ਮਹੰਤ ਸੁੰਦਰ ਦਾਸ ਤੋਂ ਗੁਰਦੁਆਰਾ ਸਾਹਿਬ ਨੂੰ ਅਜ਼ਾਦ ਕਰਵਾਉਣ ਵਿਚ ਉਨ੍ਹਾਂ ਦੀ ਮਦਦ ਕਰਨ। ਮਹੰਤ ਆਪਣੀਆਂ ਬਦਚਲਣੀਆਂ ਕਾਰਨ ਇਲਾਕੇ ਵਿਚ ਬਹੁਤ ਬਦਨਾਮ ਹੋ ਚੁੱਕਾ ਸੀ।

ਸੰਗਤਾਂ ਦੀ ਮੰਗ 'ਤੇ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ੫੦ ਸਿੰਘਾਂ ਦਾ ਇਕ ਜਥਾ ੩੧ ਜਨਵਰੀ, ੧੯੨੧ ਈ: ਨੂੰ ਸ੍ਰੀ ਅੰਮ੍ਰਿਤਸਰ ਤੋਂ ਟਾਂਗਿਆਂ 'ਤੇ ਸਵਾਰ ਹੋ ਕੇ ਰਾਜਾਸਾਂਸੀ ਪਹੁੰਚ ਗਿਆ ਅਤੇ ਉੱਥੋਂ ਪੈਦਲ ਹੀ ਘੁੱਕੇਵਾਲੀ ਪਿੰਡ ਵੱਲ ਨੂੰ ਚੱਲ ਪਿਆ। ਇਲਾਕੇ ਦੇ ਸਿੰਘਾਂ ਨੂੰ ਜਥੇ ਦੇ ਆਉਣ ਦੀ ਪਹਿਲਾਂ ਹੀ ਖਬਰ ਸੀ। ਇਸ ਲਈ ਉਹ ਇਕ ਦਿਨ ਪਹਿਲਾਂ ਹੀ ਪਹੁੰਚ ਗਏ ਸਨ। ਰਸਤੇ ਵਿਚ ਵੀ ਜਥੇ ਨਾਲ ਹੋਰ ਸਿੰਘ ਰਲਦੇ ਗਏ। ਸਿੰਘਾਂ ਦਾ ਇਹ ਜਥਾ ਸ਼ਾਮ ਨੂੰ ੪:੦੦ ਵਜੇ ਦੇ ਲੱਗਭਗ ਘੁੱਕੇਵਾਲੀ ਪਿੰਡ ਪਹੁੰਚ ਗਿਆ। ਚਾਰ-ਪੰਜ ਸੌ ਦੇ ਕਰੀਬ ਸੰਗਤ ਗੁਰਦੁਆਰਾ ਸਾਹਿਬ ਵਿਚ ਇਕੱਠੀ ਹੋ ਗਈ ਸੀ।

ਮਹੰਤ ਨੇ ਵੀ ਭੱਜ-ਨੱਠ ਸ਼ੁਰੂ ਕਰ ਦਿੱਤੀ। ਉਸ ਨੇ ਰਾਤੋ-ਰਾਤ ਆਪਣੇ ਆਦਮੀ ਭੇਜ ਕੇ ਸ. ਅਮਰ ਸਿੰਘ ਝਬਾਲ ਨੂੰ ਬੁਲਾ ਲਿਆ। ਸ. ਅਮਰ ਸਿੰਘ ਝਬਾਲ ਨੇ ਜਥੇਦਾਰ

ਕਰਤਾਰ ਸਿੰਘ ਝੱਬਰ ਨੂੰ ਮਿਲ ਕੇ ਮਹੰਤ ਤੋਂ ਕੀਤੀਆਂ ਕੁਰੀਤੀਆਂ ਦੀ ਲਿਖਤੀ ਮਾਫੀ ਮੰਗਵਾ ਦਿੱਤੀ ਤੇ ਅੱਗੇ ਤੋਂ ਸਾਰਾ ਕੰਮ ਗੁਰ-ਮਰਯਾਦਾ ਵਿਚ ਰਹਿ ਕੇ ਕਰਨ ਦਾ ਪੱਕਾ ਇਕਰਾਰ ਲਿਖਵਾ ਕੇ ਦੇ ਦਿੱਤਾ। ਮਹੰਤ ਨੇ ਲਿਖ ਕੇ ਦੇ ਦਿੱਤਾ ਕਿ ਮੈਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰੂ ਕਾ ਬਾਗ਼ ਗੁਰਦੁਆਰਾ ਦਿੰਦਾ ਹਾਂ ਤੇ ਮੈਂ ਅੱਗੇ ਤੋਂ ਪ੍ਰਬੰਧਕ ਕਮੇਟੀ ਦੇ ਹੁਕਮ ਅਨੁਸਾਰ ਹੀ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕਰਾਂਗਾ। ਮਹੰਤ ਨਾਲ ਸੰਗਤ ਨੇ ਹੇਠ ਲਿਖੀਆਂ ਸ਼ਰਤਾਂ ਮੰਨਣ 'ਤੇ ਮਹੰਤ ਬਣਿਆ ਰਹਿਣ ਦੀ ਆਗਿਆ ਦੇ ਦਿੱਤੀ:

੧. ਮਹੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸਿੱਖਾਂ ਦੀ ਨਾਮਜ਼ਦ ਕਮੇਟੀ ਦੇ ਅਧੀਨ ਕੰਮ ਕਰੇਗਾ।

੨. ਉਹ ਅੰਮ੍ਰਿਤਧਾਰੀ ਸਿੰਘ ਸਜੇਗਾ।

੩. ਉਹ ਕਿਸੇ ਇੱਕ ਇਸਤਰੀ ਨਾਲ ਸ਼ਾਦੀ ਕਰ ਸਕਦਾ ਹੈ ਪਰ ਉਹ ਕਿਸੇ ਇਸਤਰੀ ਨਾਲ ਨਜਾਇਜ਼ ਸੰਬੰਧ ਨਹੀਂ ਰੱਖੇਗਾ।

ਸੰਗਤ 'ਚੋਂ ਇਕ ਪ੍ਰਬੰਧਕੀ ਕਮੇਟੀ ਬਣਾਈ ਗਈ ਤੇ ਸਾਰਾ ਪ੍ਰਬੰਧ ਉਸ ਕਮੇਟੀ ਦੇ ਸਪੁਰਦ ਕਰ ਦਿੱਤਾ ਗਿਆ। ਇਸ ਕਮੇਟੀ ਵਿਚ ਸ. ਦਾਨ ਸਿੰਘ ਵਛੋਆ, ਸ. ਅਮਰ ਸਿੰਘ ਝਬਾਲ, ਭਾਈ ਇੰਦਰ ਸਿੰਘ ਰਾਜੀਆ, ਸ. ਨਰੈਣ ਸਿੰਘ ਘੁੱਕੇਵਾਲੀ, ਸ. ਗੰਡਾ ਸਿੰਘ ਜਗਦੇਵ, ਸ. ਅਮਰ ਸਿੰਘ ਖਤਰਾਏਂ ਕਲਾਂ, ਭਾਈ ਆਤਮਾ ਸਿੰਘ ਸਹਿੰਸਰਾ, ਸ. ਅਰਜਨ ਸਿੰਘ ਭੋਇਵਾਲ, ਭਾਈ ਭਗਵਾਨ ਸਿੰਘ ਜੱਸੜਾਂ ਅਤੇ ਮਹੰਤ ਸੁੰਦਰ ਦਾਸ ਨੂੰ ਸ਼ਾਮਲ ਕੀਤਾ ਗਿਆ। ਸ. ਦਾਨ ਸਿੰਘ ਵਛੋਆ ਨੂੰ ਕਮੇਟੀ ਦਾ ਪ੍ਰਧਾਨ ਅਤੇ ਭਾਈ ਇੰਦਰ ਸਿੰਘ ਨੂੰ ਸਕੱਤਰ ਨਿਯੁਕਤ ਕੀਤਾ ਗਿਆ। ਮਹੰਤ ਵੱਲੋਂ ਲਿਖੀ ਚਿੱਠੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਕਰ ਦਿੱਤੀ ਗਈ। ਮਹੰਤ ਨੇ ਸ੍ਰੀ ਅੰਮ੍ਰਿਤਸਰ ਜਾ ਕੇ ਖੰਡੇ ਦੀ ਪਾਹੁਲ ਪ੍ਰਾਪਤ ਕਰ ਲਈ। ਇਸ ਤੋਂ ਬਾਅਦ ਉਸ ਦਾ ਨਾਂ ਜੋਗਿੰਦਰ ਸਿੰਘ ਰੱਖਿਆ ਗਿਆ। ਉਸ ਨੇ ਰੱਖੇ ਪਿੰਡ ਦੀ ਜੰਮਪਲ ਈਸ਼ਰੀ ਨਾਲ ਅਨੰਦ ਕਾਰਜ ਕਰਾ ਲਿਆ ਜਿਸ ਦਾ ਖੰਡੇ ਦੀ ਪਾਹੁਲ ਲੈਣ ਤੋਂ ਬਾਅਦ ਨਾਂ ਗਿਆਨ ਕੌਰ ਰੱਖਿਆ ਗਿਆ।

ਮਹੰਤ ਨੇ ਫਰਵਰੀ, ੧੯੨੨ ਈ: ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਮੁੜ ਤੋਂ ਸਮਝੌਤੇ ਦੀ ਗੱਲ ਚਲਾਈ। ਉਸ ਨੇ ਸ. ਤੇਜਾ ਸਿੰਘ ਸਮੁੰਦਰੀ, ਸ. ਬਾਲ ਸਿੰਘ ਅਤੇ ਸ. ਗੁਰਚਰਨ ਸਿੰਘ ਵੱਲੋਂ ਸਾਲਸੀ ਕਰਨ ਤੇ ਗੁਰਦੁਆਰਾ ਗੁਰੂ ਕੇ ਬਾਗ਼ ਦਾ ਸਾਰਾ ਕਬਜ਼ਾ ਦੇਣ ਬਦਲੇ ੧੨੦ ਰੁਪਏ ਮਹੀਨਾ ਪੈਨਸ਼ਨ, ਰਿਹਾਇਸ਼ ਲਈ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਮਕਾਨ ਲੈਣਾ ਪ੍ਰਵਾਨ ਕਰ ਕੇ ਸਾਰਾ ਪ੍ਰਬੰਧ ਕਮੇਟੀ ਨੂੰ ਦੇਣਾ ਪ੍ਰਵਾਨ ਕਰ ਲਿਆ।

ਮਹੰਤ ਬੜਾ ਚਲਾਕ ਸੀ। ਉਸ ਨੇ ਆਪਣੀ ਲਿਖੀ ਚਿੱਠੀ ਕਿਸੇ ਰਾਹੀਂ ਇਕ

ਕਲਰਕ ਨੂੰ ੫੦੦ ਰੁਪਿਆ ਦੇ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿੱਚੋਂ ਚੋਰੀ ਕਰਵਾ ਲਈ ਅਤੇ ਗੁਰਦੁਆਰਾ ਸਾਹਿਬ ਵਿਚ ਸੇਵਾ ਕਰਦੇ ਸੇਵਾਦਾਰਾਂ ਨਾਲ ਦੁਰਵਿਵਹਾਰ ਸ਼ੁਰੂ ਕਰ ਦਿੱਤਾ।

੮-੯ ਅਗਸਤ, ੧੯੨੨ ਈ: ਨੂੰ ਲੰਗਰ ਲਈ ਗੁਰੂ ਕੇ ਬਾਗ਼ ’ਚੋਂ ਲੱਕੜੀਆਂ ਲੈਣ ਗਏ ਸਿੰਘਾਂ ਨਾਲ ਝਗੜਾ ਵਧ ਗਿਆ। ਪੁਲੀਸ ਨੇ ਇਨ੍ਹਾਂ ਪੰਜਾਂ ਸਿੰਘਾਂ ਦਾ ਚਲਾਨ ਕਰ ਦਿੱਤਾ ਤੇ ਇਸ ਨਾਲ ਹੀ ਗੁਰੂ ਕੇ ਬਾਗ਼ ਦਾ ਮੋਰਚਾ ਸ਼ੁਰੂ ਹੋ ਗਿਆ। ਮੋਰਚੇ ਲਈ ਸਿੰਘਾਂ ਦੀ ਭਰਤੀ ਸ਼ੁਰੂ ਹੋ ਗਈ। ੧੦੦ ਸਿੰਘਾਂ ਦਾ ਇਕ ਜਥਾ ਤਿਆਰ ਹੋ ਗਿਆ ਜਿਸ ਨੇ ਗੁਰਦੁਆਰਾ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ। ਇਹ ਜਥਾ ਰਾਤ ਖੰਨੇ ਲੁਬਾਣਿਆ ਕੱਟ ਕੇ ਜਦੋਂ ਨੇੜੇ ਹੀ ਲੰਘਦੀ ਡੇਕ ਲੰਘਿਆ ਤਾਂ ਉੱਥੇ ਕਾਲੇ ਪਿੰਡ ਦੇ ਇਕ ਭੁੰਝਗੀ ਬੰਤਾ ਸਿੰਘ ਨੂੰ ਅਚਾਨਕ ਸੱਪ ਨੇ ਡੱਸ ਲਿਆ। ਜਥੇ ਦੇ ਮੈਂਬਰਾਂ ਨੇ ਉਸ ਨੂੰ ਵਾਪਿਸ ਭੇਜਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਨਹੀਂ ਮੰਨਿਆ। ਮੁਹੰਮਦਪੁਰ ਪਿੰਡ ਦੇ ਨੇੜੇ ਪਹੁੰਚ ਕੇ ਉਹ ਬੇਹੋਸ਼ ਹੋ ਗਿਆ। ਸੰਗਤ ਨੇ ਉਸ ਨੂੰ ਇਸ ਪਿੰਡ ਵਿਚ ਹੀ ਛੱਡ ਦਿੱਤਾ। ਪਿੰਡ ਦੀਆਂ ਸੰਗਤਾਂ ਨੇ ਉਸ ਦੀ ਬਹੁਤ ਸੇਵਾ ਕੀਤੀ ਜਿਸ ਨਾਲ ਉਹ ਜਲਦੀ ਹੀ ਠੀਕ ਹੋ ਗਿਆ।

ਚੂਹੜਕਾਣਾ ਤੋਂ ਸਿੰਘਾਂ ਦਾ ਇਕ ਜਥਾ ਸ੍ਰੀ ਅੰਮ੍ਰਿਤਸਰ ਪੁੱਜ ਗਿਆ ਜਿਸ ਨੇ ਰਾਤ ਨੂੰ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਆਪਣਾ ਪੜਾਅ ਕੀਤਾ। ਅਗਲੀ ਸਵੇਰ ਇਹ ਜਥਾ ਭਾਈ ਮਾਨ ਸਿੰਘ ਹੰਭੋ ਵਾਲਾ ਦੀ ਜਥੇਦਾਰੀ ਹੇਠ ਗੁਰੂ ਕੇ ਬਾਗ਼ ਨੂੰ ਰਵਾਨਾ ਹੋ ਗਿਆ ਜਿਸ ਨੂੰ ਰਸਤੇ ਵਿਚ ਹੀ ਗ੍ਰਿਫਤਾਰ ਕਰ ਲਿਆ ਗਿਆ। ੨੨ ਅਗਸਤ ਤੋਂ ਰੋਜ਼ਾਨਾ ਲੱਗਭਗ ੧੦੦ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਗੁਰੂ ਕੇ ਬਾਗ਼ ਵੱਲ ਨੂੰ ਜਾਣਾ ਸ਼ੁਰੂ ਹੋ ਗਿਆ। ਅੰਮ੍ਰਿਤਸਰ ਪੁਲੀਸ ਦਾ ਡਿਪਟੀ ਸੁਪਰਡੈਂਟ ਮਿਸਟਰ ਬੀ.ਟੀ. ਸੀ। ਉਸ ਨੇ ਆਪਣੇ ਨਾਲ ਕੁਝ ਹੋਰ ਪੁਲੀਸ ਅਫਸਰ ਤੈਨਾਤ ਕੀਤੇ ਹੋਏ ਸਨ। ਉਹ ਸਾਰੇ ਗੁਰੂ ਕੇ ਬਾਗ਼ ਪਹੁੰਚ ਕੇ ਗੁਰਦੁਆਰਾ ਸਾਹਿਬ ਨੂੰ ਘੇਰਾ ਪਾ ਕੇ ਖੜ੍ਹ ਗਏ। ਭਾਦੋਂ ਦੀ ਮੱਸਿਆ ਦਾ ਦਿਨ ਹੋਣ ਕਰਕੇ ਬੇਸ਼ੁਮਾਰ ਸੰਗਤ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨਾਂ ਨੂੰ ਆ ਰਹੀ ਸੀ ਜਿਨ੍ਹਾਂ ਨੂੰ ਰਸਤੇ ਵਿਚ ਹੀ ਰੋਕ ਕੇ ਡਾਂਗਾਂ ਨਾਲ ਬੁਰੀ ਤਰ੍ਹਾਂ ਮਾਰਿਆ-ਕੁੱਟਿਆ ਗਿਆ ਤੇ ਇਨ੍ਹਾਂ ਵਿੱਚੋਂ ਜੋ ਬੇਹੋਸ਼ ਹੋ ਗਏ ਉਸ ਨੂੰ ਕੇਸਾਂ ਤੋਂ ਫੜ ਕੇ ਧੂਹ ਕੇ ਨਾਲ ਲੱਗਦੇ ਗੰਦੇ ਪਾਣੀ ਦੇ ਛੱਪੜ ਵਿਚ ਸੁੱਟ ਦਿੱਤਾ ਗਿਆ।

ਸਰਕਾਰ ਨੇ ਮਹੰਤ ਨਾਲ ਰਲ ਕੇ ਲੰਗਰ ਲਈ ਲੱਕੜੀਆਂ ਲੈਣ ਗਏ ਸਿੰਘਾਂ ’ਤੇ ਲੱਕੜੀਆਂ ਚੋਰੀ ਕਰਨ ਦਾ ਕੇਸ ਦਰਜ ਕਰ ਦਿੱਤਾ। ਸਿੰਘ ਇਸ ਦੇ ਵਿਰੋਧ ਲਈ ਹਰ ਰੋਜ਼ ਲੱਕੜੀਆਂ ਕੱਟਣ ਜਾਂਦੇ ਤੇ ਪੁਲੀਸ ਉਨ੍ਹਾਂ ਨੂੰ ਗ੍ਰਿਫਤਾਰ ਕਰ ਲੈਂਦੀ। ੨੫ ਅਗਸਤ, ੧੯੨੨ ਤਕ ਇਨ੍ਹਾਂ ਸਿੰਘਾਂ ਦੀ ਗਿਣਤੀ ੨੧੦ ਹੋ ਗਈ ਸੀ। ਸਿੰਘਾਂ ਦੀ

ਗਿਣਤੀ ਦਿਨ-ਬ-ਦਿਨ ਵਧਦੀ ਜਾਂਦੀ ਸੀ। ਸਿੰਘਾਂ ਦੇ ਇਕੱਠ ਨੂੰ ਦੇਖਦਿਆਂ ਸਰਕਾਰ ਨੇ ਅੱਗੇ ਤੋਂ ਇਨ੍ਹਾਂ 'ਤੇ ਹੋਰ ਸਖ਼ਤੀ ਕਰਨ ਦਾ ਮਨ ਬਣਾ ਲਿਆ। ਪੁਲੀਸ ਆਪੇ ਤੋਂ ਬਾਹਰ ਹੋ ਗਈ। ਬੀ.ਟੀ. ਨੇ ਅਜਨਾਲੇ ਦੇ ਤਹਿਸੀਲਦਾਰ ਜ਼ਹੂਰ-ਉਦ-ਦੀਨ ਅਤੇ ਡਿਪਟੀ ਸੁਪਰਡੈਂਟ ਪੁਲੀਸ ਲਾਲਾ ਸ਼ਾਮ ਸਿੰਘ ਨੂੰ ਆਪਣੇ ਨਾਲ ਲੈ ਲਿਆ। ਪੁਲੀਸ ਨੇ ਸ਼ਾਂਤੀ ਨਾਲ ਬੈਠੀ ਸੰਗਤ ਨੂੰ ਡਾਂਗਾਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਪੁਲੀਸ ਦੇ ਰਵੱਈਏ ਨੂੰ ਦੇਖਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜ਼ਖਮੀਆਂ ਦੇ ਇਲਾਜ਼ ਲਈ ਚਾਰ ਡਾਕਟਰ ਡਾ. ਭਗਵਾਨ ਸਿੰਘ, ਡਾ. ਪ੍ਰਤਾਪ ਸਿੰਘ, ਡਾ. ਸੰਤ ਰਾਮ ਤੇ ਡਾ. ਕਿਰਪਾ ਰਾਮ ਨੂੰ ਭੇਜਿਆ।

੨੬ ਅਗਸਤ ਨੂੰ ਪੱਟੀ ਵਾਲੇ ਬਾਬਾ ਕੇਹਰ ਸਿੰਘ ਦਾ ਜਥਾ ੩੬ ਸਿੰਘਾਂ ਸਮੇਤ ਲੱਕੜੀਆਂ ਕੱਟਣ ਲਈ ਗਿਆ, ਉਸ ਦੀ ਪੁਲੀਸ ਨੇ ਬੁਰੀ ਤਰ੍ਹਾਂ ਮਾਰ-ਕੁਟਾਈ ਕੀਤੀ। ਮਿਸਟਰ ਬੀ.ਟੀ. ਨੂੰ ਇਨ੍ਹਾਂ ਦੇ ਆਉਣ ਬਾਰੇ ਪਤਾ ਲੱਗਾ ਤਾਂ ਉਸ ਨੇ ਬਾਬਾ ਜੀ ਨੂੰ ਸ਼੍ਰੋਮਣੀ ਕਮੇਟੀ ਅਤੇ ਮਹੰਤ ਵਿਚਕਾਰ ਸੁਲਹ ਕਰਵਾਉਣ ਦੀ ਬੇਨਤੀ ਕੀਤੀ। ਬਾਬਾ ਜੀ ਦੇ ਸਹਿਮਤੀ ਦੇਣ 'ਤੇ ਉਸ ਨੇ ਬਾਬਾ ਜੀ ਨੂੰ ਤਹਿਸੀਲਦਾਰ ਅਤੇ ਮਹੰਤ ਨਾਲ ਅੰਮ੍ਰਿਤਸਰ ਜਾਣ ਲਈ ਆਪਣੀ ਕਾਰ ਦੇ ਦਿੱਤੀ। ਬਾਬਾ ਜੀ ਨੇ ਸ਼ਰਤ ਰੱਖ ਦਿੱਤੀ ਕਿ ਉਹ ਘਰੋਂ ਅਰਦਾਸ ਕਰ ਕੇ ਤੁਰੇ ਸਨ ਕਿ ਲੰਗਰ ਲਈ ਲੱਕੜਾਂ ਕੱਟ ਕੇ ਹੀ ਵਾਪਿਸ ਆਉਣਗੇ, ਇਸ ਲਈ ਉਹ ਆਪਣਾ ਪ੍ਰਣ ਪੂਰਾ ਕਰਨਗੇ, ਫੇਰ ਹੀ ਕਿਤੇ ਹੋਰ ਜਾਣਗੇ। ਪੁਲੀਸ ਅਫਸਰ ਬੀ.ਟੀ. ਨੇ ਉਨ੍ਹਾਂ ਨੂੰ ਲੱਕੜਾਂ ਕੱਟਣ ਦੀ ਆਗਿਆ ਵੀ ਦੇ ਦਿੱਤੀ। ਬਾਬਾ ਕੇਹਰ ਸਿੰਘ ਆਪਣਾ ਪ੍ਰਣ ਨਿਭਾ ਕੇ ਉਨ੍ਹਾਂ ਨਾਲ ਤੁਰ ਪਏ। ਸ੍ਰੀ ਅੰਮ੍ਰਿਤਸਰ ਪਹੁੰਚ ਕੇ ਇਨ੍ਹਾਂ ਮੁਖੀਆਂ ਦੀ ਮੀਟਿੰਗ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੁਲੀਸ ਦੀਆਂ ਵਧੀਕੀਆਂ ਵਿਰੁੱਧ ਸ੍ਰੀ ਅਕਾਲ ਤਖਤ ਸਾਹਿਬ 'ਤੇ ਮੀਟਿੰਗ ਕੀਤੀ ਗਈ। ਇਸ ਮੀਟਿੰਗ ਬਾਰੇ ਪੁਲੀਸ ਨੂੰ ਪਤਾ ਲੱਗ ਗਿਆ ਤਾਂ ਇਸੇ ਦਿਨ ਬਾਬਾ ਕੇਹਰ ਸਿੰਘ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੮ ਉੱਘੇ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ।

ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਫ਼ੌਜੀ ਪੈਨਸ਼ਨੀਆਂ ਦਾ ਵੀ ਇਕ ਜਥਾ ਗ੍ਰਿਫ਼ਤਾਰ ਹੋਇਆ, ਜਿਸ ਦੇ ਮੁਖੀ ਸੂਬੇਦਾਰ ਅਮਰ ਸਿੰਘ ਪਿੰਡ ਧਾਲੀਵਾਲ, ਰਿਆਸਤ ਕਪੂਰਥਲਾ ਤੇ ਮੀਤ ਜਥੇਦਾਰ ਮਾਸਟਰ ਚਤਰ ਸਿੰਘ ਹਵਾਲਦਾਰ, ਪਲਟਨ ਨੰਬਰ ੧੯ ਸਨ। ਇਸ ਜਥੇ ਨੂੰ ਨਵਾਬ ਅਸਲਮ ਹਯਾਤ ਖ਼ਾਂ ਮੈਜਿਸਟਰੇਟ ਅੰਮ੍ਰਿਤਸਰ ਵੱਲੋਂ ਢਾਈ-ਢਾਈ ਸਾਲ ਸਖ਼ਤ ਕੈਦ ਤੇ ਇੱਕ-ਇੱਕ ਸੌ ਰੁਪਏ ਜ਼ੁਰਮਾਨੇ ਦੀ ਸਜ਼ਾ ਦੇ ਦਿੱਤੀ।

੨੯ ਅਕਤੂਬਰ, ੧੯੨੨ ਨੂੰ ਸ੍ਰੀ ਅੰਮ੍ਰਿਤਸਰ ਤੋਂ ਰਾਤ ਦੀ ਗੱਡੀ ਰਾਹੀਂ ਫ਼ੌਜੀ ਜਥੇ ਨੂੰ ਅਟਕ ਜੇਲ੍ਹ ਨੂੰ ਭੇਜਣ ਦਾ ਪ੍ਰਬੰਧ ਕੀਤਾ ਗਿਆ। ਇਹ ਗੱਡੀ ਗੁੱਜਰਾਂਵਾਲੇ ਪੁੱਜੀ। ਉੱਥੇ ਸੰਗਤ ਨੂੰ ਕਿਸੇ ਤਰ੍ਹਾਂ ਜਥੇ ਦੇ ਲੰਘਣ ਦੀ ਇਤਲਾਹ ਮਿਲ ਗਈ ਸੀ।

ਗੁਜਰਾਂਵਾਲੇ ਸਟੇਸ਼ਨ ਉੱਪਰ ਭਾਈ ਅਮਰੀਕ ਸਿੰਘ, ਡਾਕਟਰ ਮਹਾਂ ਸਿੰਘ, ਸ. ਨਰਾਇਣ ਸਿੰਘ ਵਕੀਲ, ਮਾਸਟਰ ਛਹਿਬਰ ਸਿੰਘ ਸਮੇਤ ਸੰਗਤਾਂ ਨੇ ਭਾਰੀ ਗਿਣਤੀ ਵਿਚ ਜਥੇ ਦਾ ਸਵਾਗਤ ਕੀਤਾ। ਫਲ, ਮਿਠਾਈ ਤੇ ਹੋਰ ਕਈ ਚੀਜ਼ਾਂ ਭੇਟ ਕੀਤੀਆਂ।

ਜਿਸ ਗੱਡੀ ਵਿਚ ਫ਼ੌਜੀ ਸਿੰਘ ਅਟਕ ਨੂੰ ਜਾ ਰਹੇ ਸਨ, ਉਹ ਸਪੈਸ਼ਲ ਸੀ। ਇਹ ਗੱਡੀ ੩੦ ਅਕਤੂਬਰ ਦੁਪਹਿਰ ਦੇ ਵਕਤ ਰਾਵਲਪਿੰਡੀ ਪੁੱਜ ਗਈ। ਗੁੱਜਰਾਂਵਾਲੇ ਤੋਂ ਹੀ ਉਸ ਦੀ ਖ਼ਬਰ ਸ੍ਰੀ ਪੰਜਾ ਸਾਹਿਬ ਵੀ ਪੁੱਜ ਗਈ ਸੀ। ਉੱਥੇ ਸੰਗਤ ਨੇ ਗੱਡੀ ਵਿਚ ਜਾ ਰਹੇ ਵੀਰਾਂ ਨੂੰ ਲੰਗਰ ਛਕਾਉਣ ਦੀ ਵਿਉਂਤ ਕੀਤੀ ਅਤੇ ਤਿਆਰੀ ਸ਼ੁਰੂ ਕਰ ਦਿੱਤੀ। ਜਦ ਕੁਝ ਸਿੱਖ ਮੁਖੀਆਂ ਨੇ ਸਟੇਸ਼ਨ ਮਾਸਟਰ ਤੋਂ ਪੁੱਛਿਆ ਤਾਂ ਉਸ ਨੇ ਕਿਹਾ, ''ਗੱਡੀ ਇੱਥੇ ਨਹੀਂ ਰੁਕੇਗੀ। ਸਿੱਧੀ ਅਟਕ ਜਾਏਗੀ।'' ਇਹ ਸੁਣ ਕੇ ਸ੍ਰੀ ਪੰਜਾ ਸਾਹਿਬ ਦੀ ਸੰਗਤ ਨੂੰ ਬਹੁਤ ਨਿਰਾਸਤਾ ਹੋਈ। ਉਸ ਵਕਤ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਨੇ ਸੰਗਤ ਨੂੰ ਕਿਹਾ, ''ਗੱਡੀ ਜ਼ਰੂਰ ਖੜ੍ਹੀ ਹੋਵੇਗੀ। ਅਸੀਂ ਆਪਣੇ ਵੀਰਾਂ ਨੂੰ ਲੰਗਰ ਛਕਾ ਕੇ ਅੱਗੇ ਜਾਣ ਦੇਵਾਂਗੇ।'' ਦੋਹਾਂ ਨੇ ਜਾਨ ਵਾਰ ਕੇ ਭਰਾਵਾਂ ਦੀ ਸੇਵਾ ਕਰਨ ਲਈ ਮਨ ਬਣਾ ਲਿਆ। ਪ੍ਰਤਿੱਗਿਆ ਬੜੀ ਕਠਨ ਸੀ। ਪਰ ਉਨ੍ਹਾਂ ਨੇ ਗੁਰੂ ਪਰਮੇਸ਼ਰ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਉਹ ਉਨ੍ਹਾਂ ਦੀ ਪ੍ਰਤਿੱਗਿਆ ਨੂੰ ਪੂਰਾ ਕਰਨ। ਉਹ ਸੰਗਤ ਸਮੇਤ ਰੇਲਵੇ ਸਟੇਸ਼ਨ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਪੁੱਜ ਗਏ।

ਰਾਵਲਪਿੰਡੀ ਤੋਂ ਗੱਡੀ ਚੱਲ ਕੇ ਸ੍ਰੀ ਪੰਜਾ ਸਾਹਿਬ ਸਟੇਸ਼ਨ ਦੇ ਲਾਗੇ ਪੁੱਜ ਚੁੱਕੀ ਸੀ। ਸਟੇਸ਼ਨ ਮਾਸਟਰ ਨੇ ਲਾਈਨ ਕਲੀਅਰ ਦਾ ਇਸ਼ਾਰਾ ਦਿੱਤਾ ਹੋਇਆ ਸੀ। ਗੱਡੀ ਦੇ ਖਲੋਣ ਦੀ ਕੋਈ ਆਸ ਨਹੀਂ ਸੀ। ਇਹ ਵੇਖ ਕੇ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਦੋਵੇਂ ਰੇਲਵੇ ਲਾਈਨ ਵਿਚ ਲੇਟ ਗਏ। ਹੋਰ ਵੀ ਕਈ ਸਿੰਘਾਂ ਨੇ ਯਤਨ ਕੀਤਾ, ਪਰ ਇਨ੍ਹਾਂ ਦੋਵਾਂ ਨੇ ਉਨ੍ਹਾਂ ਨੂੰ ਰੋਕਿਆ। ਗੱਡੀ ਦੇ ਡਰਾਈਵਰ ਨੇ ਰੇਲਵੇ ਲਾਈਨ ਉੱਤੇ ਲੇਟੇ ਹੋਏ ਸਿੰਘਾਂ ਨੂੰ ਵੇਖ ਕੇ ਬਥੇਰੇ ਵਿਸਲ ਦਿੱਤੇ। ਪਰ ਦੋਹਾਂ ਨੇ ਕੋਈ ਪਰਵਾਹ ਨਹੀਂ ਕੀਤੀ। ਉਹ ਮੌਤ ਤੋਂ ਨਿਰਭੈ ਅਤੇ ਦੇਹ ਅਧਿਆਸ ਤੋਂ ਉੱਚੇ ਹੋ ਚੁੱਕੇ ਸਨ। ਉਹ 'ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ' ਦੀ ਅਵਸਥਾ ਨੂੰ ਪ੍ਰਾਪਤ ਕਰ ਚੁੱਕੇ ਸਨ।

ਵਿਕਟਰ ਹੀਊਗੋ ਦਾ ਕਥਨ ਹੈ: ''ਜ਼ਿੰਦਗੀ ਭਾਵੇਂ ਕਿਤਨੀ ਸ਼ਾਨਦਾਰ ਕਿਉਂ ਨਾ ਹੋਵੇ, ਪਰ ਉਹ ਤ੍ਰਾਰੀਖ਼ੀ ਫ਼ੈਸਲੇ ਲਈ ਸਦਾ ਮੌਤ ਦੀ ਉਡੀਕ ਕਰਦੀ ਹੈ।''

ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਜੀ ਨੇ ਸ਼ਹੀਦੀ ਪ੍ਰਾਪਤ ਕਰਨ ਦਾ ਤ੍ਰਾਰੀਖ਼ੀ ਫ਼ੈਸਲਾ ਕਰ ਲਿਆ ਸੀ।

ਰੇਲ ਗੱਡੀ ਤੇਜ਼ੀ ਨਾਲ ਆ ਰਹੀ ਸੀ। ਦੋਵੇਂ ਸੱਚੇ ਤੇ ਸੰਕਲਪੀ ਗੁਰਸਿੱਖ ਰੇਲਵੇ ਲਾਈਨ ਵਿਚ ਲੇਟੇ ਹੋਏ ਸਨ। ਅਖ਼ੀਰ ਇੰਜਣ ਉਨ੍ਹਾਂ ਦੀਆਂ ਹੱਡੀਆਂ ਨੂੰ ਚੂਰ ਕਰਦਾ ਹੋਇਆ ਦੋਹਾਂ ਦੇ ਉੱਪਰੋਂ ਲੰਘ ਗਿਆ। ਦੋਹਾਂ ਦੇ ਸਰੀਰ ਪਿੰਜੇ ਗਏ। ਉਹ ਸਖ਼ਤ

ਜ਼ਖ਼ਮੀ ਹੋ ਗਏ। ਗੱਡੀ ਖੜ੍ਹੀ ਹੋ ਗਈ। ਰੇਲਵੇ ਲਾਈਨ ਦੇ ਦੁਪਾਸੜ ਸੈਂਕੜੇ ਸੰਗਤਾਂ ਇਸ ਦਰਦਨਾਕ ਦ੍ਰਿਸ਼ ਨੂੰ ਵੇਖ ਕੇ ਤ੍ਰਾਹ-ਤ੍ਰਾਹ ਕਰ ਰਹੀਆਂ ਸਨ। ਜਦ ਉਨ੍ਹਾਂ ਦੋਹਾਂ ਨੂੰ ਇੰਜਣ ਦੇ ਪਹੀਆਂ 'ਚੋਂ ਕੱਢਿਆ ਗਿਆ ਤਾਂ ਉਹ ਸਿਸਕ ਰਹੇ ਸਨ। ਡਿਪਟੀ ਕਮਿਸ਼ਨਰ ਨੂੰ ਇਸ ਦੀ ਇਤਲਾਹ ਮਿਲੀ। ਉਹ ਮੌਕੇ 'ਤੇ ਪੁੱਜ ਗਿਆ।

ਜਦ ਸੰਗਤ ਨੇ ਦਮ ਤੋੜ ਰਹੇ ਸ਼ਹੀਦਾਂ ਦੀ ਸੰਭਾਲ ਕਰਨ ਦਾ ਯਤਨ ਕੀਤਾ, ਉਸ ਵਕਤ ਭਾਈ ਪ੍ਰਤਾਪ ਸਿੰਘ ਜੀ ਤੇ ਭਾਈ ਕਰਮ ਸਿੰਘ ਜੀ ਨੇ ਕਿਹਾ, ''ਗੱਡੀ ਵਿਚ ਬੈਠੇ ਵੀਰਾਂ ਦੀ ਸੇਵਾ ਕਰ ਲਉ, ਫਿਰ ਸਾਡੀ ਸੰਭਾਲ ਕਰ ਲੈਣੀ।''

ਉਨ੍ਹਾਂ ਦੀ ਇੱਛਿਆ ਅਨੁਸਾਰ ਗੱਡੀ ਵਿਚ ਜਾ ਰਹੇ ਸਿੰਘਾਂ ਨੂੰ ਲੰਗਰ ਵਰਤਾ ਦਿੱਤਾ ਗਿਆ। ਸੰਗਤ ਨੇ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਜੀ ਨੂੰ ਜ਼ਖ਼ਮੀ ਹਾਲਤ ਵਿਚ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਲਿਆਂਦਾ ਜਿੱਥੇ ਉਹ ਪੰਜ ਭੂਤਕ ਸਰੀਰ ਤਿਆਗ ਕੇ ਆਤਮਿਕ ਤੌਰ 'ਤੇ ਗੁਰੂ-ਚਰਨਾਂ ਵਿਚ ਜਾ ਬਿਰਾਜੇ। ਸ੍ਰੀ ਪੰਜਾ ਸਾਹਿਬ ਵਿਚ ਹੀ ਹਜ਼ਾਰਾਂ ਸੰਗਤਾਂ ਨੇ ਦੋਹਾਂ ਸ਼ਹੀਦਾਂ ਦਾ ਬੜੇ ਵੈਰਾਗ ਅਤੇ ਪਿਆਰ-ਸਤਿਕਾਰ ਨਾਲ ਅੰਤਿਮ ਸੰਸਕਾਰ ਕੀਤਾ।

ਸਿੰਘਾਂ ਦੇ ਜਥੇ ੧੭ ਨਵੰਬਰ ਤਕ ਗੁਰੂ ਕਾ ਬਾਗ ਵਿਖੇ ਜਾਂਦੇ ਰਹੇ। ਇਹ ਪੈਦਲ ਜਥੇ ਦੇ ਮੈਂਬਰ ਆਮ ਤੌਰ 'ਤੇ ਚਾਰ-ਚਾਰ ਲਾਈਨਾਂ ਵਿਚ ਸੜਕ ਦੇ ਖੱਬੇ ਹੱਥ ਚੱਲਦੇ ਜਾਂਦੇ ਸੀ ਤਾਂ ਕਿ ਆਉਣ-ਜਾਣ ਵਾਲੇ ਨੂੰ ਕੋਈ ਮੁਸ਼ਕਿਲ ਨਾ ਹੋਵੇ। ਇਨ੍ਹਾਂ ਜਥਿਆਂ ਨੂੰ ਗੁਰਦੁਆਰਾ ਸਾਹਿਬ ਪਹੁੰਚਣ ਤੋਂ ਪਹਿਲਾਂ ਹੀ ਪੁਲੀਸ ਰੋਕ ਲੈਂਦੀ। ਪੁਲੀਸ ਨੂੰ ਦੇਖਦਿਆਂ ਹੀ 'ਸਤਿਨਾਮੁ-ਵਾਹਿਗੁਰੂ' ਦਾ ਜਾਪ ਜਾਂ ਕੀਰਤਨ ਸ਼ੁਰੂ ਕਰ ਦਿੰਦੇ। ਇਸੇ ਸਥਿਤੀ ਵਿਚ ਹੀ ਪੁਲੀਸ ਇਨ੍ਹਾਂ 'ਤੇ ਡਾਂਗਾਂ ਵਰ੍ਹਾਉਣ ਲੱਗ ਪੈਂਦੀ। ਡਾਂਗਾਂ ਦੀ ਮਾਰ ਨਾਲ ਡਿੱਗੇ ਪਏ ਸਿੰਘਾਂ 'ਤੇ ਪੁਲੀਸ ਆਪਣੇ ਘੋੜ-ਸਵਾਰ ਸਿਪਾਹੀਆਂ ਨੂੰ ਛੱਡ ਦਿੰਦੀ ਜਿਨ੍ਹਾਂ ਨਾਲ ਉਨ੍ਹਾਂ ਦੇ ਪਾਲਤੂ ਕੁੱਤੇ ਵੀ ਹੁੰਦੇ ਸਨ। ਹਾਰ ਕੇ ਸਰਕਾਰ ਨੇ ਇਸ ਸੰਕਟ ਨੂੰ ਖ਼ਤਮ ਕਰਨ ਲਈ ਸਰ ਗੰਗਾ ਰਾਮ ਦਾ ਸਹਿਯੋਗ ਲਿਆ ਜਿਸ ਨੇ ੧੭ ਨਵੰਬਰ ੧੯੨੨ ਈ: ਨੂੰ ਮਹੰਤ ਸੁੰਦਰ ਦਾਸ ਪਾਸੋਂ ਬਾਗ ਦੀ ਸਾਰੀ ਜ਼ਮੀਨ ਪੱਟੇ ਉੱਤੇ ਲੈ ਕੇ ਸਿੱਖਾਂ ਦੇ ਹਵਾਲੇ ਕਰ ਦਿੱਤੀ। ਇਸ ਨਾਲ ਮੋਰਚਾ ਫਤਹਿ ਹੋ ਗਿਆ। ੨੭ ਅਪ੍ਰੈਲ, ੧੯੨੩ ਈ: ਨੂੰ ਗ੍ਰਿਫਤਾਰ ਕੀਤੇ ਸਾਰੇ ਅਕਾਲੀ ਵਰਕਰਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਮੋਰਚੇ ਵਿਚ ਸ਼ਾਮਲ ਸਿੰਘਾਂ 'ਚੋਂ ੧੦ ਸਿੰਘ— ਭਾਈ ਭਗਤ ਸਿੰਘ ਤੇ ਭਾਈ ਤਾਰਾ ਸਿੰਘ ਪਿੰਡ ਤੇੜਾ ਪੁਲੀਸ ਦੀ ਕੁੱਟ ਕਾਰਨ ਆਪਣੇ ਹੀ ਪਿੰਡ ਵਿਚ ੪ ਸਤੰਬਰ ਅਤੇ ੬ ਸਤੰਬਰ, ੧੯੨੨ ਈ: ਨੂੰ ਸ਼ਹੀਦੀ ਪਾ ਗਏ। ਪਹਿਲਾਂ ਹੀ ਉਲੇਖ ਅਧੀਨ ਆ ਚੁੱਕੇ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਪੰਜਾ ਸਾਹਿਬ ਵਿਖੇ ੩੦ ਅਕਤੂਬਰ ਨੂੰ ਸ਼ਹੀਦੀ ਪਾ ਗਏ। ਭਾਈ ਹਰੀ ਸਿੰਘ ਅੰਮ੍ਰਿਤਸਰ ਜੇਲ੍ਹ ਵਿਚ ਬਿਮਾਰ ਹੋ ਕੇ ੯ ਨਵੰਬਰ, ੧੯੨੨ ਨੂੰ ਸ਼ਹੀਦੀ ਪਾ ਗਏ। ਭਾਈ ਪ੍ਰਕਾਸ਼ ਸਿੰਘ ਬੋਸਟਲ ਜੇਲ੍ਹ

ਲਾਹੌਰ ਵਿਖੇ ੨੫ ਨਵੰਬਰ ਨੂੰ ਬਿਮਾਰੀ ਦੀ ਹਾਲਤ ਵਿਚ ਸ਼ਹੀਦੀ ਪਾ ਗਏ। ਭਾਈ ਹਰਦਿੱਤ ਸਿੰਘ ਪਿੰਡ ਅੱਡੇਵਾਲ, ਲਾਹੌਰ ਜੇਲ੍ਹ, ਭਾਈ ਜਵਾਲਾ ਸਿੰਘ ਪਿੰਡ ਪੰਜੋਲਾ ਅਟਕ ਜੇਲ੍ਹ, ਭਾਈ ਬਿਸ਼ਨ ਸਿੰਘ ਪਿੰਡ ਸੋਹਲ ਅਟਕ ਜੇਲ੍ਹ ਵਿਚ ਸ਼ਹੀਦੀ ਪਾ ਗਏ ਅਤੇ ਭਾਈ ਪਿਰਥੀਪਾਲ ਸਿੰਘ ਜ਼ਖਮਾਂ ਦੀ ਮਾਰ ਨਾ ਝੱਲਦੇ ਹੋਏ ੨ ਅਪ੍ਰੈਲ ੧੯੨੪ ਈ: ਨੂੰ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਚ ਇਲਾਜ ਅਧੀਨ ਸ਼ਹੀਦੀ ਪਾ ਗਏ। ਇਸ ਦੌਰਾਨ ਪ੬੦੫ ਸਿੰਘਾਂ ਦੀਆਂ ਗ੍ਰਿਫਤਾਰੀਆਂ ਹੋਈਆਂ ਜਿਨ੍ਹਾਂ ਵਿਚ ੩੫ ਸ਼੍ਰੋਮਣੀ ਕਮੇਟੀ ਮੈਂਬਰ ਵੀ ਸਨ।

ਸਰਕਾਰ ਨੇ ਇਸ ਸਮੇਂ ਇੰਨਾ ਤਸ਼ੱਦਦ ਕੀਤਾ ਕਿ ਪਾਦਰੀ ਸੀ. ਐਫ. ਐਂਡ੍ਰਿਊਜ਼ ਖੁਦ ਗੁਰੂ ਕੇ ਬਾਗ਼ ਪਹੁੰਚਿਆ ਤੇ ਹੁੰਦੇ ਤਸ਼ੱਦਦ ਨੂੰ ਦੇਖ ਕੇ ਕੁਰਲਾ ਉਠਿਆ। ਉਸ ਨੇ ਲਿਖਿਆ ਕਿ ਅਰਦਾਸ ਲਈ ਜੁੜ੍ਹੇ ਹੱਥ ਤੇ ਮੂੰਹੋਂ ਸਤਿਨਾਮ ਦਾ ਉਚਾਰਨ ਕਰ ਰਹੇ ਸਿੰਘਾਂ ਦੇ ਢਿੱਡਾਂ ਉੱਤੇ ਬੂਟਾਂ ਸਮੇਤ ਖੜ੍ਹੇ ਫੌਜੀ ਅਤੇ ਮੂੰਹ ਦੇ ਉੱਪਰ ਵੱਜਦੀਆਂ ਡਾਗਾਂ ਨੂੰ ਦੇਖ ਕੇ ਮੇਰਾ ਆਪਣੇ ਆਪ ਨੂੰ ਕਾਬੂ ਰੱਖਣਾ ਬੜੀ ਹੀ ਮੁਸ਼ਕਿਲ ਦੀ ਗੱਲ ਸੀ। ਉਹ ਧਰਮ ਦੇ ਰਾਹ ਦਾ ਪਾਂਧੀ ਪਾਦਰੀ ਲਿਖਦਾ ਹੈ ਕਿ ਬੇਹੋਸ਼ ਹੋਏ ਜ਼ਖ਼ਮੀ ਸਿੰਘਾਂ ਨੂੰ ਚੁੱਕ ਕੇ ਐਂਬੂਲੈਂਸ ਵਿਚ ਰੱਖਣ ਵਾਲਿਆਂ 'ਤੇ ਵੀ ਇਸੇ ਤਰ੍ਹਾਂ ਦਾ ਤਸ਼ੱਦਦ ਕੀਤਾ ਗਿਆ। ਇਨ੍ਹਾਂ ਸਾਰੇ ਜ਼ੁਲਮਾਂ ਨੇ ਕਿਸੇ ਨੂੰ ਨਰਮ ਦਲੀਆ ਰਹਿਣ ਹੀ ਨਹੀਂ ਦਿੱਤਾ। ਬੀ. ਟੀ. ਵੱਲੋਂ ਕੀਤੀ ਗਈ ਖੁਦ ਮੋਰਚਾਬੰਦੀ ਦੌਰਾਨ ਉਸ ਨੇ ਆਪਣੇ ਕੁੱਤਿਆਂ ਨੂੰ ਵੀ ਸਿੱਖਾਂ 'ਤੇ ਛੱਡਿਆ ਜਿਸ ਦੀਆਂ ਦੁਨੀਆਂ ਭਰ ਦੇ ਅਖਬਾਰਾਂ ਨੇ ਤਸਵੀਰਾਂ ਸਹਿਤ ਰਿਪੋਰਟਾਂ ਪ੍ਰਕਾਸ਼ਿਤ ਕੀਤੀਆਂ।

ਮਿਸਟਰ ਬੀ.ਟੀ. ਕੁਝ ਸਮਾਂ ਬਾਅਦ ਪਟਿਆਲਾ ਰਿਆਸਤ ਵਿਚ ਸੁਪਰਡੈਂਟ ਨਿਯੁਕਤ ਹੋ ਗਿਆ। ਉਨ੍ਹਾਂ ਦਿਨਾਂ ਵਿਚ ਚੱਠੇ ਸੇਖਵਾਂ ਪਿੰਡ ਦੀ ਇਕ ਇਸਤਰੀ ਪਰਤਾਪੀ ਆਪਣੇ ਪਤੀ ਦੇ ਕਤਲ ਕੇਸ ਕਾਰਨ ਜੇਲ੍ਹ ਵਿਚ ਬੰਦ ਸੀ। ਬੀ.ਟੀ. ਦੀ ਉਸ ਇਸਤਰੀ ਨਾਲ ਨੇੜਤਾ ਬਣ ਗਈ। ਬੀ.ਟੀ. ਨੇ ਆਪਣੇ ਅਸਰ-ਰਸੂਖ ਨਾਲ ਪਰਤਾਪੀ ਨੂੰ ਕੇਸ ਵਿੱਚੋਂ ਬਰੀ ਕਰਵਾ ਦਿੱਤਾ ਅਤੇ ਉਸ ਨਾਲ ਹੀ ਪਿੰਡ ਚੱਠੇ ਸੇਖਵਾਂ ਵਿਚ ਕੋਠੀ ਪਾ ਕੇ ਰਹਿਣ ਲੱਗ ਪਿਆ। ਉਸ ਨੇ ਆਪਣੀ ਤਬਦੀਲੀ ਵੀ ਮਲੇਰਕੋਟਲਾ ਰਿਆਸਤ ਵਿਚ ਡੀ.ਆਈ.ਜੀ. ਦੇ ਤੌਰ 'ਤੇ ਕਰਵਾ ਲਈ ਸੀ ਅਤੇ ਕੁਝ ਸਮਾਂ ਬਾਅਦ ਉੱਥੋਂ ਸੇਵਾਮੁਕਤ ਹੋ ਗਿਆ। ਉਨ੍ਹਾਂ ਦਿਨਾਂ ਵਿਚ ਅਜ਼ਾਦੀ ਘੁਲਾਟੀਏ ਬੱਬਰਾਂ ਦਾ ਇਕ ਜਥਾ ਜਿਸ ਵਿਚ ਸ. ਕੁੰਢਾ ਸਿੰਘ ਗਾਜੀਆਣਾ, ਸ. ਬਚਨ ਸਿੰਘ ਲੋਹਾਖੇੜਾ, ਸ. ਭੋਲਾ ਸਿੰਘ ਲੋਹਾਖੇੜਾ, ਸ. ਕਰਤਾਰ ਸਿੰਘ ਛੀਨੀਵਾਲ, ਸ. ਹਰੀ ਸਿੰਘ ਭੈਣੀ ਅਤੇ ਫਜਲਾ ਘੁਮਾਣ ਕਲਾ ਆਦਿ ਸਰਗਰਮ ਮੈਂਬਰ ਸਨ। ਚੱਠੇ ਸੇਖਵਾਂ ਪਿੰਡ ਦੇ ਸ. ਕਾਕਾ ਸਿੰਘ ਨੂੰ ਬੀ.ਟੀ. ਬਹੁਤ ਤੰਗ ਕਰਦਾ ਸੀ। ਬੀ.ਟੀ. ਦੇ ਤਸ਼ੱਦਦ ਤੋਂ ਤੰਗ ਆਇਆ ਸ. ਕਾਕਾ ਸਿੰਘ ਪਿੰਡੋਂ ਭਗੌੜਾ ਹੋ ਗਿਆ। ਉਸ ਨੇ ਆਪਣਾ ਸੰਪਰਕ ਬੱਬਰਾਂ ਨਾਲ ਬਣਾ ਲਿਆ ਸੀ। ਉਸ ਨੇ

ਬੱਬਰਾਂ ਨੂੰ ਬੀ.ਟੀ. ਦੀਆਂ ਸਾਰੀਆਂ ਕਰਤੂਤਾਂ ਦੱਸ ਕੇ ਉਸ ਨੂੰ ਮਾਰਨ ਦੀ ਯੋਜਨਾ ਬਣਾਈ। ਬੱਬਰਾਂ ਨੇ ਪਟਿਆਲੇ ਦੇ ਕਬਾੜੀਆਂ ਤੋਂ ਪੁਲਿਸ ਦੀਆਂ ਵਰਦੀਆਂ ਖਰੀਦ ਲਈਆਂ ਅਤੇ ਕੁਝ ਹਥਿਆਰਾਂ ਦਾ ਵੀ ਬੰਦੋਬਸਤ ਕਰ ਲਿਆ। ਸ. ਕੁੰਢਾ ਸਿੰਘ ਥਾਣੇਦਾਰ ਬਣ ਗਿਆ। ਸ. ਬਚਨ ਸਿੰਘ ਅਤੇ ਸ. ਭੋਲਾ ਸਿੰਘ ਨੇ ਹੌਲਦਾਰਾਂ ਵਾਲੀਆਂ ਵਰਦੀਆ ਪਹਿਨ ਲਈਆਂ। ਸ. ਕਰਤਾਰ ਸਿੰਘ ਛੀਨੀਵਾਲ ਅਤੇ ਫਜਲਾ ਘੁਮਾਣ ਕਲਾਂ ਦੋਵੇਂ ਵਰਦੀਆਂ ਪਾ ਕੇ ਸਿਪਾਹੀ ਬਣ ਗਏ। ਇਨ੍ਹਾਂ ਸਾਰਿਆਂ ਨੇ ਕਾਕਾ ਸਿੰਘ ਨੂੰ ਝੂਠੀ-ਮੂਠੀ ਦਾ ਮੁਜ਼ਰਮ ਬਣਾ ਕੇ ਹੱਥਕੜੀ ਨਾਲ ਬੰਨ੍ਹ ਲਿਆ। ਸ਼ਾਮ ਵੇਲੇ ਇਹ ਜਥਾ ਚੱਠੇ ਸੇਖਵਾਂ ਪਿੰਡ ਪਹੁੰਚ ਗਿਆ। ਬੀ.ਟੀ. ਆਪਣੀ ਕੋਠੀ ਵਿਚ ਕੁਰਸੀ 'ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਪੁਲਿਸ ਦੇ ਭੇਸ ਵਿਚ ਪਹੁੰਚੇ ਬੱਬਰਾਂ ਨੇ ਬੀ.ਟੀ. ਨੂੰ ਕਿਹਾ ਕਿ ਉਹ ਉਨ੍ਹਾਂ ਦੇ ਮੁਜ਼ਰਮ ਕਾਕਾ ਸਿੰਘ ਨੂੰ ਫੜ੍ਹ ਕੇ ਲਿਆਏ ਹਨ। ਇਨ੍ਹਾਂ ਨੇ ਕਾਕਾ ਸਿੰਘ ਨੂੰ ਕਿਹਾ ਕਿ ਉਹ ਬੀ.ਟੀ. ਦੇ ਪੈਰਾਂ ਨੂੰ ਹੱਥ ਲਾ ਕੇ ਮਾਫੀ ਮੰਗੇ। ਪੈਰਾਂ ਨੂੰ ਹੱਥ ਲਾਉਣ ਦੇ ਬਹਾਨੇ ਸ. ਕਾਕਾ ਸਿੰਘ ਨੇ ਬੀ.ਟੀ. ਨੂੰ ਲੱਤਾਂ ਤੋਂ ਫੜ ਕੇ ਚੁੱਕ ਲਿਆ। ਸ. ਕੁੰਢਾ ਸਿੰਘ ਨੇ ਬੀ.ਟੀ. ਦੀ ਪੁੜਪੁੜੀ ਵਿਚ ਗੋਲੀ ਮਾਰੀ। ਪਰਤਾਪੀ ਉਰਫ ਹਰਨਾਮੀ ਦੌੜਨ ਲੱਗੀ ਤਾਂ ਬੱਬਰਾਂ ਨੇ ਉਸ ਨੂੰ ਵੀ ਪਾਰ ਬੁਲਾ ਦਿੱਤਾ।

ਸੁਨਾਮ ਪੁਲਿਸ ਨੇ ਸਾਰੇ ਬੱਬਰਾਂ 'ਤੇ ਧਾਰਾ ੩੦੨ ਦੇ ਤਹਿਤ ਦੂਹਰੇ ਕਤਲ ਅਤੇ ਡਕੈਤੀ ਦਾ ਮੁਕੱਦਮਾ ਦਰਜ ਕਰ ਕੇ ਇਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ। ਸ. ਈਸ਼ਰ ਸਿੰਘ ਦੇ ਘਰੋਂ ਚੱਠੇ ਸੇਖਵਾਂ ਪਿੰਡ ਵਿੱਚੋਂ ਸ. ਬਚਨ ਸਿੰਘ ਲੋਹਾਖੇੜਾ ਨੂੰ ਗ੍ਰਿਫਤਾਰ ਕਰ ਲਿਆ। ਇਸ ਨੂੰ ਮੌਤ ਦੀ ਸਜ਼ਾ ਦਿੱਤੀ ਗਈ।

ਸ. ਕਰਤਾਰ ਸਿੰਘ ਛੀਨੀਵਾਲ ਵੀ ਕੁਝ ਸਮਾਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ। ਮੁਕੱਦਮੇ ਦੌਰਾਨ ਜੋ ਗਵਾਹ ਇਸ ਵਿਰੁੱਧ ਸਨ ਉਹ ਮੁੱਕਰ ਗਏ ਅਤੇ ਇਨ੍ਹਾਂ ਨੂੰ ਮੁਕੱਦਮੇ 'ਚੋਂ ਬਰੀ ਕਰ ਦਿੱਤਾ ਗਿਆ।

ਸ. ਭੋਲਾ ਸਿੰਘ ਲੋਹਾਖੇੜਾ ਨੂੰ ਮੁਕੱਦਮੇ ਵਿਚ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਇਹ ੧੩ ਸਾਲ ਦੀ ਸਜਾ ਕੱਟ ਕੇ ੧੯੫੨ ਈ: ਵਿਚ ਰਿਹਾਅ ਹੋਏ। ਸੰਨ ੧੯੬੨ ਈ: ਵਿਚ ਆਪ ਨੂੰ ਪੰਜਾਬ ਸਰਕਾਰ ਨੇ ਅਜ਼ਾਦੀ ਘੁਲਾਟੀਏ ਵਜੋਂ ਪੈਨਸ਼ਨ ਦੇਣੀ ਸ਼ੁਰੂ ਕੀਤੀ ਅਤੇ ਤਾਮਰ ਪੱਤਰ ਦੇ ਕੇ ਆਪ ਦਾ ਸਨਮਾਨ ਕੀਤਾ। ੮੦ ਸਾਲ ਦੀ ਉਮਰ ਵਿਚ ਕੈਂਸਰ ਦੀ ਬਿਮਾਰੀ ਨਾਲ ਆਪ ਦੀ ਮੌਤ ਹੋ ਗਈ।

ਸ. ਕਾਕਾ ਸਿੰਘ, ਸ. ਕੁੰਢਾ ਸਿੰਘ ਗਾਜੀਆਣਾ ਅਤੇ ਫਜਲਾ ਘੁਮਾਣ ਕਲਾਂ ਕੁਝ ਸਮਾਂ ਅੰਗਰੇਜ਼ਾਂ ਦੀਆਂ ਨਜ਼ਰਾਂ ਤੋਂ ਦੂਰ ਰਹੇ। ਮੁਖਬਰ ਦੀ ਇਤਲਾਹ 'ਤੇ ਉਪਲੀ ਤੋਂ ਸੰਗਰੂਰ ਦੇ ਵਿਚਕਾਰ ਨਹਿਰ ਦੀ ਪਟੜੀ 'ਤੇ ਇਕੱਠਿਆਂ ਜਾਂਦਿਆਂ ਨੂੰ ਪੁਲਿਸ ਨੇ ਘੇਰ ਲਿਆ। ਇਨ੍ਹਾਂ ਤਿੰਨਾਂ ਨੇ ਡੱਟ ਕੇ ਪੁਲਿਸ ਦਾ ਮੁਕਾਬਲਾ ਕੀਤਾ ਅਤੇ ਤਿੰਨੇ ਸ਼ਹੀਦੀ ਪ੍ਰਾਪਤ ਕਰ ਗਏ। ■

ਸੂਰਬੀਰ ਸਿੰਘਣੀ ਬੀਬੀ ਦੀਪ ਕੌਰ

-ਸ. ਮਨਜੀਤ ਸਿੰਘ ਪਸਰੀਚਾ

ਦੁਨੀਆਂ ਦੇ ਇਤਿਹਾਸ ਨੂੰ ਗਹੁ ਨਾਲ ਫਰੋਲਣ ਅਤੇ ਪੜਚੋਲਣ 'ਤੇ ਸਾਡੇ ਸਾਹਮਣੇ ਆਉਂਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਪਹਿਲੇ ਮਹਾਂਪੁਰਖ ਹਨ ਜਿਨ੍ਹਾਂ ਨੇ ਇਸਤਰੀ ਦੇ ਹੱਕ ਵਿਚ ਸਭ ਤੋਂ ਪਹਿਲਾਂ ਨਾਹਰਾ ਮਾਰਿਆ। ਉਸ ਵੇਲੇ ਮਾਦੀ ਭੇਦਾਂ ਉੱਤੇ ਜ਼ੋਰ ਦੇਣ ਵਾਲੇ ਇਸਤਰੀ ਨੂੰ ਅਪਵਿੱਤਰ ਮੰਨਦੇ ਸਨ ਅਤੇ ਮਰਦ ਨਾਲੋਂ ਨੀਵਾਂ ਦਰਜਾ ਦਿੰਦੇ ਸਨ। ਗੁਰੂ ਜੀ ਨੇ ਅਵਾਜ਼ ਬੁਲੰਦ ਕਰ ਕੇ ਦੁਨੀਆਂ ਦੇ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਜਿਸ ਇਸਤਰੀ ਨੂੰ ਤੁਸੀਂ ਨੀਵੀਂ ਕਹਿ ਕੇ ਭੰਡਦੇ ਹੋ ਉਸ ਉੱਤੇ ਸਾਡੀ ਜ਼ਿੰਦਗੀ, ਸਾਡਾ ਵੱਸਣਾ-ਰੱਸਣਾ ਤੇ ਸਾਡੇ ਸਮਾਜ ਦੀ ਕਾਇਮੀ ਨਿਰਭਰ ਹੈ। ਭਲਾ ਫਿਰ ਉਹ ਇਸਤਰੀ ਕਿਵੇਂ ਨੀਵੀਂ ਹੋ ਸਕਦੀ ਹੈ ਜਿਸ ਤੋਂ ਵੱਡੇ-ਵੱਡੇ ਪੀਰ-ਪੈਗੰਬਰ, ਅਵਤਾਰ, ਰਾਜੇ ਆਦਿ ਜਨਮਦੇ ਰਹੇ ਹਨ। ਗੁਰੂ ਸਾਹਿਬ ਦੁਆਰਾ ਆਸਾ ਕੀ ਵਾਰ ਵਿਚ ਅੰਕਿਤ ਫ਼ਰਮਾਨ ਹੈ:

ਮਃ ੧॥ ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥੨॥ *(ਪੰਨਾ ੪੭੩)*

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਰਦ ਅਤੇ ਔਰਤਾਂ ਵਿਚਕਾਰ ਅੰਮ੍ਰਿਤ ਛਕਣ ਵਿਚ ਕੋਈ ਭੇਦ-ਭਾਵ ਨਹੀਂ ਰੱਖਿਆ। ਉਨ੍ਹਾਂ ਨੇ ਉਤਸ਼ਾਹ ਦੇ ਕੇ ਖਾਲਸਾ ਪੰਥ ਵਿਚ ਉਹ ਸਪਿਰਟ ਭਰ ਦਿੱਤੀ ਜਿਸ ਨੇ ਦੁਨੀਆਂ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ। ਖਾਲਸੇ ਨੂੰ ਗੁਰੂ ਜੀ ਦੇ ਦੱਸੇ ਆਦਰਸ਼ਾਂ 'ਤੇ ਚੱਲਣ ਦਾ ਸਮਾਂ ਮਿਲਿਆ ਅਤੇ ਉਸ ਨੇ ਅਜਿਹੇ ਕਾਰਨਾਮੇ ਕੀਤੇ ਜਿਨ੍ਹਾਂ ਦਾ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ। ਸਿੱਖ ਇਤਿਹਾਸ ਵਿਚ ਅਨੇਕਾਂ ਇਸਤਰੀਆਂ ਨੇ ਦਲੇਰੀ ਨਿਰਭੈਤਾ ਅਤੇ ਸੂਰਮਗਤੀ ਵਾਲੇ ਉਹ ਜੌਹਰ ਵਿਖਾਏ ਹਨ ਜਿਹੜੇ ਮਰਦਾਂ ਦੇ ਕਾਰਨਾਮਿਆ ਨੂੰ ਵੀ

** ਫਲੈਟ ਨੰ: ਬੀ-੨, ਪਲਾਟ ਨੰ: ੮, ਅਸ਼ੋਕਾ ਅਪਾਰਟਮੈਂਟ, ਸੈਕਟਰ ੧੨, ਦਵਾਰਕਾ, ਨਵੀਂ ਦਿੱਲੀ-੧੧੦੦੭੮. ਮੋ: ੦੯੩੧੧੬-੧੮੦੮੯*

ਕਈ ਵਾਰ ਮਾਤ ਪਾ ਜਾਂਦੇ ਰਹੇ ਹਨ। ਅਸਲ ਵਿਚ ਇਹ ਤਬਦੀਲੀ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ ਅਤੇ ਪ੍ਰਤੱਖ ਜ਼ਾਹਰ ਵੀ ਹੋਣ ਲੱਗ ਪਈ ਸੀ। ਇਸ ਦੀ ਇਕ ਮਿਸਾਲ ਬੀਬੀ ਦੀਪ ਕੌਰ ਦੀ ਹੈ ਜੋ ਅਸੀਂ ਇੱਥੇ ਵਰਣਨ ਕਰ ਰਹੇ ਹਨ:

''ਮਾਝੇ (ਲਾਹੌਰ ਅਤੇ ਸ੍ਰੀ ਅੰਮ੍ਰਿਤਸਰ ਦਾ ਇਲਾਕਾ) ਦੀ ਸੰਗਤ ਇਕ ਜਥੇ ਦੇ ਰੂਪ ਵਿਚ ਜਿਸ ਵਿਚ ਮਰਦ ਵੀ ਸਨ ਅਤੇ ਔਰਤਾਂ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਜਾਣ ਲਈ ਤਿਆਰ ਹੋਈ ਤਾਂ ਜੋ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਆਤਮਿਕ ਲਾਹਾ ਪ੍ਰਾਪਤ ਹੋ ਸਕੇ। ਫਿਰ ਜੇਕਰ ਸਮੇਂ 'ਤੇ ਭੀੜ ਵੀ ਪੈ ਜਾਵੇ ਤਾਂ ਗੁਰੂ ਜੀ ਦੇ ਹੁਕਮ ਨਾਲ ਆਪਣਾ ਤਨ, ਮਨ ਤੇ ਧਨ ਵਾਹਿਗੁਰੂ ਦੇ ਨਾਂ 'ਤੇ ਲੇਖੇ ਲਾਇਆ ਜਾ ਸਕੇ। ਇਸ ਸੰਗਤ ਵਿਚ ਇਕ ਨੌਜਵਾਨ ਬੀਬੀ ਦੀਪ ਕੌਰ ਵੀ ਸੀ ਜਿਸ ਦੀ ਉਮਰ ਮਸਾਂ ਵੀਹਾਂ ਕੁ ਵਰ੍ਹਿਆਂ ਦੀ ਹੋਵੇਗੀ। ਇਸ ਦੇ ਸੱਸ ਤੇ ਸਹੁਰਾ ਸਵਰਗਵਾਸ ਹੋ ਚੁੱਕੇ ਸਨ। ਇਸ ਦਾ ਪਤੀ ਇਸ ਦੇ ਨਾਲ ਨਹੀਂ ਸੀ ਆ ਸਕਿਆ ਕਿਉਂਕਿ ਉਸ ਦਾ ਛੋਟਾ ਜਿਹਾ ਆਪਣਾ ਕੰਮ-ਕਾਰ ਸੀ, ਜਿਸ ਦੀ ਦੇਖਭਾਲ ਕਰਨ ਵਾਲਾ ਹੋਰ ਕੋਈ ਨਹੀਂ ਸੀ। ਬੀਬੀ ਦੀਪ ਕੌਰ ਦੀ ਸੁੰਦਰਤਾ ਅਤੇ ਜਵਾਨੀ ਅਕਥਨੀਯ ਸੀ। ਭਜਨ-ਬੰਦਗੀ ਦੇ ਪ੍ਰਤਾਪ ਦਾ ਸਦਕਾ ਉਸ ਦੇ ਚਿਹਰੇ 'ਤੇ ਅਜਿਹਾ ਜਲਾਲ ਸੀ ਕਿ ਉਸ ਵੱਲ ਨਜ਼ਰ ਭਰ ਕੇ ਤੱਕਣਾ ਕਠਿਨ ਸੀ।

ਇਹ ਮਾਝੇ ਦਾ ਜਥਾ ਰਾਹ ਵਿਚ ਸ਼ਬਦ ਕੀਰਤਨ, ਕਥਾ ਅਤੇ ਵਖਿਆਨ ਦੁਆਰਾ ਸਿੱਖ ਧਰਮ ਦਾ ਪ੍ਰਚਾਰ ਕਰਦਾ ਲੋਕਾਂ ਨੂੰ ਗੁਰੂ ਜੀ ਦੇ ਆਦਰਸ਼ਾਂ ਬਾਰੇ ਸ਼ੁਭ ਸਿੱਖਿਆ ਦਿੰਦਾ ਅਗਾਂਹ ਕੂਚ ਕਰਦਾ ਜਾਂਦਾ ਸੀ। ਕਈ ਲੋਕ ਦਿਲ ਵਿਚ ਚਾਅ ਪੈਦਾ ਹੋਣ 'ਤੇ ਨਾਲ ਜਾਣ ਲਈ ਤਿਆਰ ਹੋ ਜਾਂਦੇ। ਇਸ ਪ੍ਰਕਾਰ ਜਥੇ ਦੇ ਇਕੱਠ ਵਿਚ ਗਿਣਤੀ ਦਾ ਵਾਧਾ ਹੁੰਦਾ ਜਾਂਦਾ, ਜਿੱਥੇ ਵੀ ਇਹ ਜਥਾ ਠਹਿਰਾਉ ਕਰਦਾ ਉੱਥੋਂ ਦੇ ਆਲੇ-ਦੁਆਲੇ ਦੇ ਵਸਨੀਕ ਪ੍ਰਵਾਨਿਆਂ ਵਾਂਗ ਸੰਗਤਾਂ ਦੇ ਦਰਸ਼ਨਾਂ ਲਈ ਪੁੱਜਦੇ ਅਤੇ ਆਤਮਿਕ ਲਾਹਾ ਉਠਾਉਂਦੇ ਹੋਏ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਹੋਏ ਗੁਰੂ ਸਾਹਿਬ ਦੇ ਦਰਸਾਏ ਆਦਰਸ਼ਾਂ ਦੇ ਆਧਾਰ 'ਤੇ ਨਵੇਂ ਜੀਵਨ ਬਾਰੇ ਚਿਣਗ ਲੈ ਕੇ ਵਾਪਸ ਮੁੜ ਜਾਂਦੇ।

ਇਕ ਦਿਨ ਇਹ ਜਥਾ ਟੁਰਦਾ-ਟੁਰਦਾ 'ਤਲੱਬਣ' ਨਾਮੀ ਇਕ ਛੋਟੇ ਜਿਹੇ ਪਿੰਡ ਕੋਲ ਪਹੁੰਚ ਗਿਆ। ਉਦੋਂ ਇੱਥੇ ਸਿੱਖਾਂ ਦੀ ਵੱਸੋਂ ਨਹੀਂ ਸੀ ਕਿਉਂ ਜੁ ਇਹ ਪਿੰਡ ਰਾਜਪੂਤਾਂ ਦਾ ਹੁੰਦਾ ਸੀ ਜੋ ਇਸਲਾਮ ਧਰਮ ਦਾ ਪ੍ਰਭਾਵ ਕਬੂਲਦੇ ਹੋਏ ਮੁਸਲਮਾਨ (ਰੰਗੜ) ਬਣ ਗਏ ਸਨ। ਇਸ ਪਿੰਡ ਦੇ ਲੋਕਾਂ ਨੇ ਵੀ ਸਿੱਖਾਂ ਦੇ ਜਥੇ ਦੇ ਆਗਮਨ ਬਾਰੇ ਸੁਣਿਆ ਪਰ ਮੁਸਲਮਾਨ ਹਾਕਮਾਂ ਦੇ ਡਰ ਅਤੇ ਖੌਫ ਕਾਰਨ ਭੈਭੀਤ ਹੋਏ ਲੋਕ ਇਸ ਸੰਗਤ ਦੀ ਸੇਵਾ ਲਈ ਅਸਮਰੱਥਾ ਕਾਰਨ ਮਜਬੂਰ ਰਹੇ।

ਪਿੰਡ ਦੇ ਨਜ਼ਦੀਕ ਪਹੁੰਚ ਕੇ ਸੰਗਤ ਵਿਚ ਸਾਰੀ ਵਹੀਰ ਇਕ ਖੂਹ ਪਾਸ ਜਲ-ਪਾਣੀ ਛਕਣ ਲਈ ਬੈਠ ਗਈ। ਨਾਲ ਹੀ ਦੂਰ ਤੋਂ ਸਫਰ ਕਰਦੇ ਹੋਣ ਕਾਰਨ ਥਕਾਵਟ ਦੂਰ ਕਰਨ ਲਈ ਸੰਗਤ ਅਰਾਮ ਕਰਨ ਲੱਗ ਪਈ। ਬੀਬੀ ਦੀਪ ਕੌਰ ਨੂੰ ਪਿਆਸ ਨਹੀਂ ਸੀ ਲੱਗੀ ਹੋਈ ਇਸ ਲਈ ਉਹ ਬਿਨਾਂ ਪਾਣੀ ਪੀਤਿਆਂ ਅਤੇ ਬਿਨਾਂ ਅਰਾਮ ਕੀਤਿਆਂ ਇਕੱਲੀ ਹੀ ਆਪਣੀ ਮਸਤੀ ਵਿਚ ਅਗਾਂਹ ਤੁਰਦੀ ਗਈ। ਤੁਰਦੀ-ਤੁਰਦੀ ਉਹ ਦੂਰ ਜੰਗਲ ਵਿਚ ਨਿਕਲ ਗਈ, ਉਸ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਆ ਰਹੀ ਸੰਗਤ ਪਾਣੀ ਪੀ ਕੇ ਆਪਣੀ ਥਕਾਵਟ ਉਤਾਰਨ ਲਈ ਠਹਿਰ ਗਈ ਹੋਵੇਗੀ। ਇਸੇ ਕਾਰਨ ਬੀਬੀ ਅਤੇ ਸੰਗਤ ਵਿਚਕਾਰ ਕਾਫੀ ਫਾਸਲਾ ਪੈ ਗਿਆ, ਉਸ ਦਾ ਧਿਆਨ ਉਦੋਂ ਉਖੜਿਆ ਜਦੋਂ ਉਸ ਨੂੰ ਘੋੜਿਆਂ ਦੀਆਂ ਟਾਪਾਂ ਦੀ ਅਵਾਜ਼ ਸੁਣਾਈ ਦਿੱਤੀ। ਇਹ ਮੁਗ਼ਲ ਸਿਪਾਹੀਆਂ ਦੇ ਘੋੜੇ ਸਨ, ਜੋ ਗਸ਼ਤ ਕਰਦੇ-ਕਰਦੇ ਉਸ ਜੰਗਲ ਵਿੱਚੋਂ ਦੀ ਲੰਘ ਰਹੇ ਸਨ। ਉਨ੍ਹਾਂ ਨੇ ਨੌਜੁਆਨ ਕੁੜੀ ਨੂੰ ਇਕੱਲਿਆਂ ਵੇਖ ਕੇ ਘੇਰ ਲਿਆ। ਫਿਰ ਉਨ੍ਹਾਂ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਇਹ ਕੁੜੀ ਸਿੰਘਾਂ ਦੀ ਹੈ।

ਇਹ ਬੀਬੀ ਬੜੇ ਬਹਾਦਰ ਹਿਰਦੇ ਦੀ ਮਾਲਕ ਸੀ। ਉਸ ਦੀਆਂ ਰਗਾਂ ਵਿਚ ਸੂਰਬੀਰ ਯੋਧੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਦੀਆਂ ਬੂੰਦਾਂ ਮੌਜੂਦ ਸਨ। ਇਨ੍ਹਾਂ ਮੁਗ਼ਲਾਂ ਨੂੰ ਆਪਣੇ ਸਾਹਮਣੇ ਖੜ੍ਹਾ ਵੇਖ ਕੇ ਉਸ ਨੇ ਸਾਹਸ ਨਹੀਂ ਗੁਆਇਆ ਅਤੇ ਨਾ ਹੀ ਘਬਰਾਈ। ਬੜੀ ਨਿਡਰਤਾ ਨਾਲ ਉਸ ਨੇ ਮੁਗ਼ਲ ਘੋੜ-ਸਵਾਰਾਂ ਨੂੰ ਆਪਣਾ ਰਾਹ ਖਾਲੀ ਕਰ ਦੇਣ ਲਈ ਕਿਹਾ। ਪਰ ਉਹ ਮੁਗ਼ਲ ਤਾਂ ਵਿਸ਼ੇ ਦੀ ਅਗਨੀ ਵਿਚ ਭਸਮ ਹੋ ਚੁੱਕੇ ਸਨ। ਕਾਮ-ਵਾਸਨਾ ਨੇ ਉਨ੍ਹਾਂ ਨੂੰ ਅੰਨ੍ਹਿਆਂ ਕਰ ਦਿੱਤਾ ਸੀ। ਉਨ੍ਹਾਂ ਨੇ ਇਸ ਬੀਬੀ ਦੀ ਗੱਲ ਵੱਲ ਉੱਕਾ ਹੀ ਕੋਈ ਧਿਆਨ ਨਾ ਦਿੱਤਾ ਸਗੋਂ ਉਲਟਾ ਉਸ ਨੂੰ ਆਪਣੇ ਨਾਲ ਚੱਲਣ ਲਈ ਸਮਝਾਉਣ ਲੱਗੇ। ਉਨ੍ਹਾਂ ਮੁਗ਼ਲ ਸਿਪਾਹੀਆਂ ਵੱਲੋਂ ਬੀਬੀ ਨੂੰ ਕਈ ਪ੍ਰਕਾਰ ਦੇ ਲਾਲਚ ਦਿੱਤੇ ਗਏ। ਇੱਥੋਂ ਤੀਕ ਕਿ ਇਕ ਸਵਾਰ ਅੱਗੇ ਹੋ ਕੇ ਉਸ ਦੀ ਬਾਂਹ ਫੜਨ ਲੱਗਾ। ਨੌਜੁਆਨ ਖਾਲਸਾ ਬੀਰ ਪੁੱਤਰੀ ਦੀਆਂ ਅੱਖਾਂ ਲਾਲ ਸੂਹੀਆਂ ਹੋ ਗਈਆਂ। ਉਸ ਦਾ ਹੱਥ ਲੱਕ ਨਾਲ ਲਟਕਦੀ ਕਿਰਪਾਨ ਦੇ ਦਸਤੇ 'ਤੇ ਜਾ ਪਿਆ ਤੇ ਗਰਜ ਕੇ ਬੋਲੀ "ਖਬਰਦਾਰ ਅਪਰਾਧੀਓ! ਹੁਣ ਇਹ ਬੱਚੀ ਹਿੰਦ ਦੀ ਬੇਬਸ ਤੇ ਮਜ਼ਲੂਮ ਅਬਲਾ ਨਹੀਂ ਜਿਸ ਦੀਆਂ ਲੱਖਾਂ ਭੈਣਾਂ ਨੂੰ ਇਕ ਲੰਮੇ ਸਮੇਂ ਤਕ ਗਜ਼ਨੀ ਤੇ ਕੰਧਾਰ ਦੀਆਂ ਮੰਡੀਆਂ ਵਿਚ ਲਿਜਾ ਕੇ ਨਿਲਾਮ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਵਰਗੀ ਮੇਰੀ ਡਰੀ ਤੇ ਸਹਿਮੀ ਜ਼ਿੰਦਗੀ ਨੇ ਹੁਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬੀਰਤਾ ਭਰਿਆ ਅੰਮ੍ਰਿਤ ਛਕ ਲਿਆ ਹੈ। ਹੁਣ ਮੇਰੇ ਸੀਨੇ ਵਿਚ ਪਹਿਲਾਂ ਵਾਲਾ ਡਰ ਨਾਲ ਧੜਕਣ ਵਾਲਾ ਦਿਲ ਨਹੀਂ ਸਗੋਂ ਮੇਰੇ ਵਿਚ ਅਪਰਾਧੀਆਂ ਤੇ ਹਤਿਆਰਿਆਂ ਨਾਲ ਟਕਰਾ ਜਾਣ ਦੀ ਸ਼ਕਤੀ ਹੈ। ਮੇਰੇ ਲੱਕ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ ਸ਼ਮਸ਼ੀਰ ਹੈ। ਇਸ ਲਈ ਯਾਦ ਰੱਖੋ, ਜੇ ਕਿਸੇ ਨੇ ਅੱਗੇ

ਹੱਥ ਵਧਾਇਆ ਤਾਂ ਮੈਂ ਉਹਦੇ ਟੋਟੇ-ਟੋਟੇ ਕਰ ਦਿਆਂਗੀ।''

ਮੁਗ਼ਲ ਸਿਪਾਹੀਆਂ ਨੇ ਬੀਬੀ ਦੀਆਂ ਗੱਲਾਂ ਐਵੇਂ ਫੋਕੀਆਂ ਝੂਠੀ ਧਮਕੀ ਵਾਲੀਆਂ ਸਮਝੀਆਂ। ਉਨ੍ਹਾਂ ਮੁਗ਼ਲਾਂ ਵਿੱਚੋਂ ਇਕ ਸਿਪਾਹੀ ਬੀਬੀ ਵੱਲ ਵਧਿਆ। ਸਿਪਾਹੀ ਨੂੰ ਆਪਣੇ ਵੱਲ ਆਉਂਦਾ ਵੇਖ ਕੇ ਉਸ ਨੇ ਹੌਂਸਲਾ ਨਹੀਂ ਹਾਰਿਆ ਅਤੇ ਨਾ ਹੀ ਉਹ ਬੇਚੈਨ ਹੋਈ। ਉਸ ਬੀਬੀ ਨੇ ਕ੍ਰਿਪਾਨ ਨਾਲ ਅਜਿਹਾ ਭਰਵਾਂ ਵਾਰ ਕੀਤਾ ਕਿ ਉਸ ਦਾ ਸਿਰ ਇਕਦਮ ਧੜ ਤੋਂ ਵੱਖਰਾ ਹੋ ਕੇ ਹਦਵਾਣੇ ਵਾਂਗ ਪਰ੍ਹਾਂ ਜਾ ਡਿੱਗਾ। ਫਿਰ ਉਸ ਨੇ ਝੱਟ ਬਿਨਾਂ ਮੌਕਾ ਦਿੱਤਿਆਂ ਯਕਦਮ ਦੂਜੇ ਖਲੋਤੇ ਮੁਗ਼ਲਾਂ 'ਤੇ ਹੱਲਾ ਬੋਲ ਦਿੱਤਾ। ਇਸ ਤੋਂ ਪਹਿਲਾਂ ਕਿ ਉਹ ਮੁਗ਼ਲ ਆਪਣੀਆਂ ਤਲਵਾਰਾਂ ਮਿਆਨਾਂ ਵਿੱਚੋਂ ਬਾਹਰ ਕੱਢਦੇ, ਦੋਵੇਂ ਮੁਗ਼ਲ ਸਿਪਾਹੀ ਬੀਬੀ ਨੇ ਝਟਕਾ ਦਿੱਤੇ। ਚੌਥੇ ਨੂੰ ਧੱਕਾ ਦਿੱਤਾ, ਉਹ ਥੱਲੇ ਡਿੱਗ ਪਿਆ। ਬੀਬੀ ਸ਼ੇਰਨੀ ਵਾਂਗ ਉਸ ਦੀ ਛਾਤੀ 'ਤੇ ਚੜ੍ਹ ਗਈ। ਉਸ ਦੀ ਧੌਣ 'ਤੇ ਕ੍ਰਿਪਾਨ ਦੀ ਨੋਕ ਰੱਖ ਕੇ ਗਰਜੀ, 'ਗਿੱਦੜ ਦੀ ਸੰਤਾਨ! ਤੂੰ ਕਦੀ ਸ਼ੇਰਨੀ ਨਹੀਂ ਵੇਖੀ?' ਅਤੇ ਕ੍ਰਿਪਾਨ ਨੂੰ ਪੂਰੇ ਜ਼ੋਰ ਨਾਲ ਉਸ ਦੀ ਗਰਦਨ ਵਿਚ ਖੋਭ ਦਿੱਤਾ।

ਇੰਨੇ ਚਿਰ ਨੂੰ ਜਥੇ ਵਾਲੇ ਵੀ ਆਣ ਪੁੱਜੇ। ਉਨ੍ਹਾਂ ਬੀਬੀ ਦੀਪ ਕੌਰ ਦੀ ਇਸ ਅਨੋਖੀ ਹਾਲਤ ਨੂੰ ਵੇਖਿਆ। ਦੌੜ ਕੇ ਉਸ ਕੋਲ ਪੁੱਜੇ। ਸਾਰੀ ਗੱਲ ਸੁਣੀ। ਮੁਗ਼ਲ ਸਿਪਾਹੀ ਦੀ ਲਾਸ਼ ਨੂੰ ਪਰ੍ਹੇ ਸੁੱਟਿਆ ਅਤੇ ਬੀਬੀ ਦੀਪ ਕੌਰ ਦੇ ਖ਼ੂਨ ਨਾਲ ਲਿੱਬੜੇ ਹੋਏ ਕੱਪੜੇ ਬਦਲਵਾਏ ਅਤੇ ਅਗਾਂਹ ਆਪਣਾ ਰਾਹ ਬਦਲ ਕੇ ਖੁਰਦਰੇ ਅਤੇ ਖਰ੍ਹਵੇ, ਟੇਢੇ-ਮੇਢੇ ਰਾਹਾਂ ਨੂੰ ਹੋ ਤੁਰੇ। ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਰੀ ਗੱਲ ਬੀਬੀ ਦੀਪ ਕੌਰ ਬਾਰੇ ਸੰਗਤ ਨੇ ਸੁਣਾਈ। ਗੁਰੂ ਜੀ ਨੇ ਬੀਬੀ ਦੀਪ ਕੌਰ ਨੂੰ ਆਪਣੇ ਕੋਲ ਬੁਲਾਇਆ ਅਤੇ ਆਪਣੇ ਮੁੱਖੋਂ ਉਸ ਦੇ ਸਾਹਸ ਦੀ ਪ੍ਰਸੰਸਾ ਕੀਤੀ। ਫਿਰ ਉਸ ਦੇ ਕੋਲੋਂ ਸਾਰੀ ਵਾਪਰੀ ਘਟਨਾ ਬਾਰੇ ਵੇਰਵਾ ਲਿਆ। ਫਿਰ ਗੁਰੂ ਜੀ ਸਾਰੀ ਸੰਗਤ ਵਿਸ਼ੇਸ਼ ਕਰਕੇ ਇਸਤਰੀਆਂ ਨੂੰ ਸੰਬੋਧਿਤ ਕਰ ਕੇ ਬੋਲੇ, ''ਤੁਸਾਂ ਸਭ ਨੂੰ ਇਸੇ ਤਰ੍ਹਾਂ ਬੀਬੀ ਦੀਪ ਕੌਰ ਵਾਂਗ ਸਾਹਸੀ ਤੇ ਬਹਾਦਰ ਬਣਨਾ ਚਾਹੀਦਾ ਹੈ। ਹਰੇਕ ਨੂੰ ਆਪਣੀ ਰੱਖਿਆ ਖੁਦ ਕਰਨ ਲਈ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ। ਯਾਦ ਰੱਖੋ ਜਿਹੜਾ ਅਜਿਹੇ ਸ਼ੁਭ ਕਰਮ ਕਰੇਗਾ ਵਾਹਿਗੁਰੂ ਵੀ ਉਸੇ ਦੀ ਮਦਦ ਕਰੇਗਾ। ਸਭ ਨੇ ਆਪਣੇ ਅੰਦਰ ਆਤਮ-ਬਲ ਪੈਦਾ ਕਰਕੇ ਆਪਣਾ ਜੀਵਨ ਪਵਿੱਤਰ ਬਣਾਉਣਾ ਹੈ।''

ਇਸ ਘਟਨਾ ਬਾਰੇ ਸੁਣ ਕੇ ਗੁਰੂ ਜੀ ਬਹੁਤ ਖੁਸ਼ ਹੋਏ। ਗੁਰੂ ਜੀ ਨੇ ਬੀਬੀ ਨੂੰ ਸ਼ਾਬਾਸ਼ ਪ੍ਰਦਾਨ ਕੀਤੀ ਤੇ ਉਸ ਦੇ ਕਾਰਨਾਮੇ ਦੀ ਭਰਪੂਰ ਪ੍ਰਸੰਸਾ ਕੀਤੀ। ਕੁਝ ਚਿਰ ਬਾਅਦ ਉਸ ਸੰਗਤ ਵਿੱਚੋਂ ਕੁਝ ਸਿੱਖਾਂ ਨੇ ਗੁਰੂ ਜੀ ਨੂੰ ਉਠੇ ਸ਼ੱਕ ਬਾਰੇ ਦੱਸਿਆ ਕਿ ''ਹੁਣ ਕਈ ਸਾਡੇ ਸਾਥੀ ਭਰਮ ਕਰਦੇ ਹਨ ਕਿ ਇਸ ਬੀਬੀ ਨੇ ਹੱਤਿਆ ਕੀਤੀ ਹੈ ਤੇ ਬੀਬੀ ਤੁਰਕ ਨਾਲ ਛੂਹ ਕੇ ਭਿੱਟੀ ਗਈ ਹੈ। ਸਤਿਗੁਰਾਂ ਨੇ ਹੱਸ ਕੇ ਕਿਹਾ, ''ਇਸ

ਨੇ ਤਾਂ ਆਪਣੇ ਧਰਮ ਅਤੇ ਆਪਣੀ ਜਾਨ ਦੀ ਰੱਖਿਆ ਕੀਤੀ ਹੈ। ਬੀਬੀ ਸੁਰਬੀਰ ਸਿੰਘਣੀ ਪੰਥ ਦੀ ਪੁੱਤਰੀ ਹੈ, ਇਹ ਨਹੀਂ ਭਿੱਟੀ। ਇਸ ਦਾ ਨਾਮ ਬੀਰਾਂ ਦੀ ਸ਼੍ਰੇਣੀ ਵਿਚ ਰਹੇਗਾ ਤੇ ਇਹ ਪਵਿੱਤਰ ਪਾਵਨ ਸਦਾਏਗੀ। ਸੰਗਤ ਵਾਲੇ ਸਿੱਖ ਜਿਨ੍ਹਾਂ ਨੇ ਅਜੇ ਤੀਕ ਅੰਮ੍ਰਿਤ ਦੀ ਦਾਤ ਨਹੀਂ ਲਈ ਉਹ ਅੰਮ੍ਰਿਤ ਛਕ ਲੈਣ ਤਾਂ ਜੋ ਭਰਮ ਤੇ ਭੈ ਦੂਰ ਹੋ ਜਾਵੇ ਅਤੇ ਸ਼ੇਰ ਪੁੱਤਰ ਬਣ ਸਕਣ।"

ਭਾਈ ਕਰਤਾਰ ਸਿੰਘ ਜੀ ਗਯਾਨੀ ਕਲਾਸਵਾਲੀਏ ਨੇ ਵੀ ਇਸ ਬੀਬੀ ਬਾਰੇ ਘਟਨਾ ਦੀ ਪੁਸ਼ਟੀ ਕੀਤੀ ਹੈ:

ਭਾਵੇਂ ਉਨ੍ਹਾਂ ਦੇ ਪਾਸ ਭੀ ਸੀ ਤੇਗਾਂ, ਦੀਪ ਕੌਰ ਨੇ ਰੱਖ ਦਿਖਾਈ ਹੈਸੀ।
ਦੋ ਉਨ੍ਹਾਂ ਵਿੱਚੋਂ ਝਟਕਾ ਕੱਢੇ, ਵਾਂਗ ਸ਼ੇਰਨੀ ਰੋਹ ਵਿਚ ਆਈ ਹੈਸੀ।
ਏਨੇ ਚਿਰ ਨੂੰ ਅਸੀਂ ਭੀ ਪੁੱਜ ਗਏ, ਛਾਤੀ ਚੌਥੇ ਦੀ ਤੇਗ ਧਸਾਈ ਹੈਸੀ।
ਅਸੀਂ ਗੁਰੂ ਜੀ ਵੇਖ ਹੈਰਾਨ ਹੋਏ, ਏਸ ਬੀਬੀ ਦੀ ਧੰਨ ਕਮਾਈ ਹੈਸੀ।
ਏਹ ਸੁਣ ਪ੍ਰਸੰਗ 'ਕਰਤਾਰ ਸਿੰਘਾ' ਖੁਸ਼ੀ ਸਤਿਗੁਰਾਂ ਬਹੁਤ ਮਨਾਈ ਹੈਸੀ।

ਇਹ ਕੇਡੀ ਵੱਡੀ ਗੱਲ ਹੈ, ਇਸ ਦਾ ਇੱਥੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਸੈਂਕੜੇ ਵਰ੍ਹਿਆਂ ਮਗਰੋਂ ਵੀ ਅੱਜ ਸਾਡੀ ਕੌਮ ਆਪਣੀਆਂ ਮਾਵਾਂ, ਧੀਆਂ-ਭੈਣਾਂ ਵਿਚ ਕੋਈ ਅਜਿਹੀ ਜੀਵਨ-ਚੰਗਿਆੜੀ ਨਹੀਂ ਭਖਾ ਸਕੀ, ਜਿਨ੍ਹਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਮਦਦ ਨਾਲ ਉਹ ਕਰਾਮਾਤ ਪੈਦਾ ਕਰ ਕੇ ਸ਼ੁਅਲੇ ਕਢਵਾ ਦਿੱਤੇ ਸਨ। ਇਹ ਉਪਰੋਕਤ ਵਾਲਾ ਨਾ ਕੋਈ ਅਫਸਾਨਾ ਹੈ ਤੇ ਨਾ ਹੀ ਕਹਾਣੀ ਹੈ ਸਗੋਂ ਇਹ ਇਕ ਇਤਿਹਾਸਿਕ ਘਟਨਾ ਹੈ, ਜਿਸ ਦਾ ਜ਼ਿਕਰ ਬਹੁਤ ਸਾਰੇ ਹਿੰਦੂ ਮੁਸਲਮਾਨ ਇਤਿਹਾਸਕਾਰਾਂ ਨੇ ਵੀ ਕੀਤਾ ਹੈ।

ਹਵਾਲੇ/ਟਿੱਪਣੀਆਂ :

੧. ਰਾਸ਼ਟ੍ਰੀਯ ਪਿਤਾ-ਸ੍ਰੀ ਗੁਰੂ ਗੋਬਿੰਦ ਸਿੰਘ-ਦੁਰਲੱਭ ਸਿੰਘ।

੨. ਸਿੱਖ ਇਤਿਹਾਸ-ਪ੍ਰੋ. ਕਰਤਾਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

੩. ਬਹਾਦਰ ਸਿੰਘਣੀਆਂ-ਭਾਈ ਸੇਵਾ ਸਿੰਘ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

੪. ਯੁੱਗ ਪੁਰਸ਼-ਰਣਬੀਰ।

੫. ਸ੍ਰੀ ਦਸਮੇਸ਼-ਸ. ਗੁਰਬਚਨ ਸਿੰਘ (ਹਿੰਦੀ)।

੬. ਪਰਮ ਮਨੁੱਖ-ਸ. ਗੁਰਬਖਸ਼ ਸਿੰਘ ਪ੍ਰੀਤਲੜੀ।

੭. ਸ੍ਰੀ ਕਲਗੀਧਰ ਚਮਤਕਾਰ-ਭਾਈ ਵੀਰ ਸਿੰਘ ਜੀ।

੮. ਸ੍ਰੀ ਗੁਰੂ ਦਸਮੇਸ਼ ਪ੍ਰਕਾਸ਼-ਭਾਈ ਕਰਤਾਰ ਸਿੰਘ ਗਯਾਨੀ ਕਲਾਸਵਾਲੀਆ (੧੯੭੫ ਐਡੀਸ਼ਨ)

■

ਸ਼ਹੀਦ ਸ. ਬੁੱਢਾ ਸਿੰਘ ਥਾਈਲੈਂਡ

*–ਡਾ. ਹਰਬੰਸ ਸਿੰਘ**

ਆਮ ਤੌਰ 'ਤੇ ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਦੇਸ਼ ਨੂੰ ਅਜ਼ਾਦ ਕਰਵਾਉਣ ਵਿਚ ਕਿਸੇ ਇਕ ਸਿਆਸੀ ਪਾਰਟੀ ਜਾਂ ਇਕ ਵਿਅਕਤੀ ਵਿਸ਼ੇਸ਼ ਦਾ ਵੱਡਾ ਯੋਗਦਾਨ ਸੀ, ਪਰ ਸੱਚ ਤਾਂ ਇਹ ਹੈ ਕਿ ਅਜ਼ਾਦੀ ਦੇ ਲੰਮੇ ਸੰਘਰਸ਼ ਵਿਚ ਆਪਣਾ ਹਿੱਸਾ ਪਾਉਣ ਵਾਲੇ ਤੇ ਆਪਣਾ ਸਭ ਕੁਝ ਕੁਰਬਾਨ ਕਰ ਦੇਣ ਵਾਲੇ ਸੈਂਕੜੇ ਤੇ ਹਜ਼ਾਰਾਂ ਸਪੂਤ ਅਜਿਹੇ ਵੀ ਸਨ ਜੋ ਅੰਗਰੇਜ਼ੀ ਹਕੂਮਤ ਦੇ ਜ਼ੁਲਮ ਤੇ ਸਖ਼ਤੀਆਂ ਸਹਾਰਦੇ ਹੋਏ ਦੇਸ਼ ਤੋਂ ਬਾਹਰ ਹੀ ਸੂਲੀ 'ਤੇ ਟੰਗ ਦਿੱਤੇ ਗਏ, ਪਰ ਅੱਜ ਅਸੀਂ ਉਨ੍ਹਾਂ ਦੇ ਨਾਮ ਤੋਂ ਵੀ ਵਾਕਫ ਨਹੀਂ। ਅਜਿਹੇ ਮਹਾਨ ਸਪੂਤਾਂ ਵਿੱਚੋਂ ਹੀ ਸਨ ਥਾਈਲੈਂਡ ਦੇ ਸ. ਬੁੱਢਾ ਸਿੰਘ (ਨਰੂਲਾ) ਜੋ ੧੯੧੮ ਈ: ਵਿਚ ਕਾਲੇ ਪਾਣੀ ਦੀ ਜੇਲ੍ਹ ਵਿਚ ਸ਼ਹਾਦਤ ਦਾ ਜਾਮ ਪੀ ਗਏ।

ਸ. ਬੁੱਢਾ ਸਿੰਘ ਦੇ ਵਡੇਰੇ ਪਿੰਡ ਫਿਲੌਕੀ (ਗੁਜਰਾਂਵਾਲਾ) ਦੇ ਰਹਿਣ ਵਾਲੇ ਸਨ। ਸ. ਬੁੱਢਾ ਸਿੰਘ ਦੇ ਪਿਤਾ ਦਾ ਨਾਮ ਸ. ਸ਼ਾਮ ਸਿੰਘ ਸੀ। ਦੇਸ਼ ਵਿਚ ਫੈਲੀ ਹੋਈ ਆਰਥਿਕ ਮੰਦਹਾਲੀ ਕਾਰਨ ਆਪ ੧੮੯੦ ਈ: ਵਿਚ ਥਾਈਲੈਂਡ ਜਾ ਕੇ ਵੱਸ ਗਏ ਸਨ। ਬੁੱਢਾ ਸਿੰਘ ਦਾ ਬਚਪਨ ਆਪਣੇ ਪਿੰਡ ਵਿਚ ਹੀ ਬੀਤਿਆ ਸੀ। ਉਸ ਨੇ ਆਪਣੇ ਵਡੇਰਿਆਂ ਕੋਲੋਂ ਕਈ ਕਹਾਣੀਆਂ ਸੁਣ ਰੱਖੀਆਂ ਸਨ ਕਿ ਕਦੇ ਦਰਿਆ ਸਤਲੁਜ ਤੋਂ ਲੈ ਕੇ ਦੱਰਾ ਖੈਬਰ ਤਕ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ, ਪਰ ੧੮੩੯ ਈ: ਵਿਚ ਉਸ ਦੇ ਅਕਾਲ ਚਲਾਣੇ ਤੋਂ ਕੇਵਲ ੧੦ ਸਾਲ ਬਾਅਦ ਹੀ ਸਿਆਸੀ ਬੇਈਮਾਨੀ ਅਤੇ ਖਾਲਸਾ ਦਰਬਾਰ ਦੇ ਗ਼ਦਾਰਾਂ ਦੀ ਮਦਦ ਨਾਲ ਅੰਗਰੇਜ਼ਾਂ ਨੇ ਸਾਰੇ ਪੰਜਾਬ 'ਤੇ ਆਪਣਾ ਅਧਿਕਾਰ ਜਮਾ ਲਿਆ ਸੀ।

ਸ. ਬੁੱਢਾ ਸਿੰਘ ਨੇ ਆਪਣੀ ਮੁੱਢਲੀ ਵਿੱਦਿਆ ਪਿੰਡ ਦੀ ਧਰਮਸਾਲਾ ਵਿਚ ਪ੍ਰਾਪਤ ਕੀਤੀ ਸੀ। ਸਕੂਲ ਦੇ ਕੁਝ ਵਰ੍ਹੇ ਗੁਜਰਾਂਵਾਲਾ ਵਿਖੇ ਬਿਤਾਏ ਸਨ। ਉਹ ਆਪਣੇ ਪਿਤਾ ਵਾਂਗ ਹੀ ਬੜਾ ਮਿਹਨਤੀ ਅਤੇ ਵਿਉਪਾਰ ਦੀਆਂ ਬਾਰੀਕੀਆਂ ਨੂੰ ਸਮਝਣ ਵਾਲਾ ਨੌਜਵਾਨ ਸੀ। ਬੈਂਕਾਕ ਰਹਿੰਦਿਆਂ ਉਨ੍ਹਾਂ ਨੇ ਕੱਪੜੇ ਦੇ ਉਦਯੋਗ ਵਿਚ ਬੜੀ ਸਫਲਤਾ ਹਾਸਲ ਕੀਤੀ ਤੇ ਕੁਝ ਹੀ ਵਰ੍ਹਿਆਂ ਵਿਚ ਉਹ ਇਕ ਥੋਕ-ਫਰਮ ਦੇ ਮਾਲਕ ਬਣ ਗਏ। ਉਹ ਥਾਈ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਚੰਗੀ ਗੱਲਬਾਤ ਕਰ ਸਕਦੇ ਸਨ। ਵੀਹਵੀਂ ਸਦੀ ਦੇ ਸ਼ੁਰੂ ਵਿਚ ਉਨ੍ਹਾਂ ਦੀ ਗਿਣਤੀ ਸ਼ਹਿਰ ਦੇ ਅਮੀਰ ਵਿਅਕਤੀਆਂ ਵਿਚ ਕੀਤੀ ਜਾਣ ਲੱਗ ਪਈ ਸੀ।

* *# 4840, Street No. 44, Raghavpura Karol Bagh, New Delhi- 110005.*

ਵਤਨ ਤੋਂ ਦੂਰ ਜਾ ਕੇ ਵੀ ਸ. ਬੁੱਢਾ ਸਿੰਘ ਦਾ ਪਿਆਰ ਸਦਾ ਆਪਣੇ ਦੇਸ਼ ਨਾਲ ਬਣਿਆ ਰਿਹਾ। ਆਰਥਿਕ ਤੌਰ 'ਤੇ ਸੌਖੇ ਹੋ ਜਾਣ ਮਗਰੋਂ ਉਨ੍ਹਾਂ ਨੇ ਆਪਣਾ ਧਨ ਸਮਾਜਿਕ ਕੰਮਾਂ ਵਿਚ ਲਗਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦਿਨਾਂ ਵਿਚ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਗੁਰਦੁਆਰਾ ਸਾਹਿਬ ਤੱਤ ਖਾਲਸਾ ਦੀ ਸਥਾਪਤੀ ਸੀ। ਇਹ ਗੁਰਦੁਆਰਾ ਸਾਹਿਬ ਸੰਨ ੧੯੧੧ ਵਿਚ ਬੈਂਕਾਕ ਵਿਖੇ ਸਥਾਪਿਤ ਕੀਤਾ ਗਿਆ ਸੀ। ਹੌਲੀ-ਹੌਲੀ ਇਹ ਗੁਰਦੁਆਰਾ ਸਥਾਨਕ ਭਾਰਤੀਆਂ ਦੇ ਮਿਲ-ਬੈਠਣ ਅਤੇ ਸਭਿਆਚਾਰਕ ਗਤੀਵਿਧੀਆਂ ਦਾ ਕੇਂਦਰ ਬਣ ਗਿਆ। ਭਾਰਤ ਤੋਂ ਗਏ ਹੋਏ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਆਪਣੇ ਮੂਲ ਵਿਰਸੇ ਨਾਲ ਜੋੜੀ ਰੱਖਣ ਲਈ ਗੁਰਦੁਆਰਾ ਸਾਹਿਬ ਵਿਖੇ ਇਕ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ, ਜਿੱਥੇ ਧਰਮ, ਸਾਹਿਤ ਅਤੇ ਰਾਜਨੀਤੀ ਨਾਲ ਸੰਬੰਧਿਤ ਪੁਸਤਕਾਂ ਤੋਂ ਇਲਾਵਾ ਦੇਸ਼ ਵਿਚ ਛਪਣ ਵਾਲੀਆਂ ਅਖ਼ਬਾਰਾਂ ਅਤੇ ਰਸਾਲੇ ਮੰਗਵਾ ਕੇ ਰੱਖੇ ਜਾਂਦੇ ਸਨ। ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦਾ ਵੀ ਪ੍ਰਬੰਧ ਕੀਤਾ ਗਿਆ।

ਸਾਲ ੧੯੧੪ ਈ: ਦੇ ਸ਼ੁਰੂ ਹੁੰਦਿਆਂ ਹੀ ਸਾਰੇ ਵਿਸ਼ਵ ਵਿਚ ਪਹਿਲੀ ਆਲਮੀ ਜੰਗ ਸ਼ੁਰੂ ਹੋਣ ਦੇ ਆਸਾਰ ਬਣਦੇ ਜਾ ਰਹੇ ਸਨ। ਇਸ ਜੰਗ ਦੇ ਮੁੱਖ ਪਾਤਰ ਇੰਗਲੈਂਡ ਅਤੇ ਜਰਮਨੀ ਸਨ। ਇਨ੍ਹਾਂ ਦਿਨਾਂ ਵਿਚ ਦੇਸ਼ ਤੋਂ ਬਾਹਰ ਵੱਸਦੇ ਭਾਰਤੀਆਂ ਅਤੇ ਵਿਸ਼ੇਸ਼ ਕਰਕੇ ਪੰਜਾਬੀਆਂ ਨੇ ਅਮਰੀਕਾ ਅਤੇ ਕੈਨੇਡਾ ਵਿਚ 'ਗ਼ਦਰ' ਲਹਿਰ ਦਾ ਮੁੱਢ ਬੰਨ੍ਹਿਆ, ਜਿਸ ਦਾ ਮੁੱਖ ਨਿਸ਼ਾਨਾ ਦੇਸ਼ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤ ਕਰਵਾਉਣਾ ਸੀ। ਇਸ ਲਹਿਰ ਦਾ ਹੈੱਡ ਕੁਆਰਟਰ ਸਨਫ੍ਰਾਂਸਿਸਕੋ ਵਿਚ ਸੀ। ਗ਼ਦਰ ਪਾਰਟੀ ਦੇ ਪਹਿਲੇ ਅਹੁਦੇਦਾਰ ਬਾਬਾ ਸੋਹਨ ਸਿੰਘ ਭਕਨਾ (ਪ੍ਰਧਾਨ), ਸ. ਕੇਸਰ ਸਿੰਘ ਠੱਠਗੜ੍ਹ (ਮੀਤ ਪ੍ਰਧਾਨ), ਲਾਲਾ ਹਰਦਿਆਲ (ਸਕੱਤਰ) ਅਤੇ ਪੰਡਿਤ ਕਾਂਸ਼ੀ ਰਾਮ (ਖ਼ਜ਼ਾਨਚੀ) ਨਿਯੁਕਤ ਕੀਤੇ ਗਏ। ਹੌਲੀ-ਹੌਲੀ ਗ਼ਦਰ ਪਾਰਟੀ ਦੇ ਕੇਂਦਰ ਹੋਰ ਦੇਸ਼ਾਂ ਵਿਚ ਵੀ ਸਥਾਪਿਤ ਹੋ ਗਏ। ਦੱਖਣ-ਪੂਰਬ ਏਸ਼ੀਆ ਵਿਚ ਇਸ ਦਾ ਸਭ ਤੋਂ ਵੱਡਾ ਕੇਂਦਰ ਸਿਆਮ (ਥਾਈਲੈਂਡ) ਵਿਚ ਸੀ। ਇਸ ਤੋਂ ਇਲਾਵਾ ਚੀਨ, ਜਾਪਾਨ, ਜਾਵਾ, ਸਮਾਟਰਾ, ਇੰਡੋਨੇਸ਼ੀਆ, ਬਰਮਾ ਅਤੇ ਮਲਾਇਆ ਆਦਿ ਦੇਸ਼ਾਂ ਵਿਚ ਵੀ ਕ੍ਰਾਂਤੀਕਾਰੀ ਨੌਜਵਾਨ 'ਗ਼ਦਰ' ਲਈ ਕੰਮ ਕਰ ਰਹੇ ਸਨ। ਰਾਸ ਬਿਹਾਰੀ ਬੋਸ ਜਾਪਾਨ ਵਿਚ ਅਤੇ ਬਾਬਾ ਉਸਮਾਨ ਖਾਂ ਸ਼ੰਘਾਈ ਵਿਚ ਕ੍ਰਾਂਤੀਕਾਰੀ ਗਤੀਵਿਧੀਆਂ ਵਿਚ ਸਰਗਰਮ ਸਨ। ਗ਼ਦਰ ਪਰਚੇ ਦਾ ਵਿਤਰਣ ਅਤੇ ਗ਼ਦਰ ਲਹਿਰ ਦਾ ਪ੍ਰਚਾਰ ਦੱਖਣ-ਪੂਰਬ ਏਸ਼ੀਆ ਅਤੇ ਪੂਰਬ ਏਸ਼ੀਆ ਦੇ ਦੇਸ਼ਾਂ ਵਿਚ ਵਧੇਰੇ ਸੀ।

ਸ਼ੁਰੂ-ਸ਼ੁਰੂ ਵਿਚ ਤਾਂ ਸ. ਬੁੱਢਾ ਸਿੰਘ ਇਸ ਲਹਿਰ ਦੇ ਪ੍ਰਭਾਵ ਤੋਂ ਦੂਰ ਹੀ ਰਹੇ ਪਰ ਜਦੋਂ ਉਹ ਗ਼ਦਰ ਲਹਿਰ ਦੇ ਨੇਤਾਵਾਂ ਦੇ ਸੰਪਰਕ ਵਿਚ ਆਏ ਤਾਂ ਉਨ੍ਹਾਂ ਦੇ ਮਨ

ਵਿਚ ਦੇਸ਼ ਦੀ ਅਜ਼ਾਦੀ ਦਾ ਅਜਿਹਾ ਵਲਵਲਾ ਜਾਗਿਆ ਕਿ ਉਹ ਆਪਣਾ ਤਨ, ਮਨ ਤੇ ਧਨ ਸਭ ਕੁਝ ਕੁਰਬਾਨ ਕਰਨ ਲਈ ਇਸ ਲਹਿਰ ਦੇ ਨਾਲ ਜੁੜ ਗਏ। ਉਨ੍ਹਾਂ ਨੂੰ ਥਾਈਲੈਂਡ ਵਿਚ ਗ਼ਦਰ ਲਹਿਰ ਦੀ ਨਵ-ਸਥਾਪਿਤ ਸ਼ਾਖਾ ਦਾ ਪ੍ਰਧਾਨ ਚੁਣ ਲਿਆ ਗਿਆ। ਥਾਈਲੈਂਡ ਵਿਚ ਇਕ ਹੋਰ ਸੰਸਥਾ ਵੀ ਦੇਸ਼ ਵਾਸੀਆਂ ਵਿਚ ਜਾਗ੍ਰਿਤੀ ਲਿਆਉਣ ਅਤੇ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਕੰਮ ਕਰ ਰਹੀ ਸੀ। ਇਹ ਸੰਸਥਾ 'ਥਾਈ ਭਾਰਤ ਕਲਚਰਲ ਲੋਜ' ਸੀ, ਜਿਸ ਨੂੰ ਸਵਾਮੀ ਸਤਿਆਨੰਦ ਪੁਰੀ ਨੇ ਸਥਾਪਿਤ ਕੀਤਾ ਸੀ।

ਗ਼ਦਰ ਲਹਿਰ ਨਾਲ ਜੁੜ ਜਾਣ ਮਗਰੋਂ ਸ. ਬੁੱਢਾ ਸਿੰਘ ਦੇ ਜੀਵਨ ਵਿਚ ਇਕ ਅਜੀਬ ਤਰ੍ਹਾਂ ਦਾ ਪਰਿਵਰਤਨ ਆ ਗਿਆ। ਹੁਣ ਉਨ੍ਹਾਂ ਨੂੰ ਆਪਣੇ ਕੰਮ ਰੁਜ਼ਗਾਰ ਦੀ ਇਤਨੀ ਚਿੰਤਾ ਨਹੀਂ ਸੀ, ਜਿਤਨੀ ਇਹ ਕਿ ਦੇਸ਼ ਨੂੰ ਕਿਵੇਂ ਆਜ਼ਾਦ ਕਰਵਾਉਣਾ ਹੈ। ਉਹ ਹਮੇਸ਼ਾਂ ਇਸ ਬਾਰੇ ਹੀ ਸੋਚਦੇ ਸਨ। ਇਕ ਹੋਰ ਸੁਤੰਤਰਤਾ-ਸੰਗਰਾਮੀ ਜੋ ਬੈਂਕਾਕ ਵਿਚ ਰਹਿ ਕੇ ਕੰਮ ਕਰ ਰਿਹਾ ਸੀ, ਉਹ ਸੀ ਬਾਬਾ ਅਮਰ ਸਿੰਘ। ਇਹ ਦੋਵੇਂ ਸੁਤੰਤਰਤਾ-ਸੰਗਰਾਮੀਏ ਦੇਸ਼ ਵਾਸੀਆਂ ਲਈ ਤਿਆਗ, ਕੁਰਬਾਨੀ ਅਤੇ ਦੇਸ਼ ਦੀ ਆਜ਼ਾਦੀ ਲਈ ਚਲਾਏ ਜਾ ਰਹੇ ਅੰਦੋਲਨ ਦਾ ਚਿੰਨ੍ਹ ਬਣ ਗਏ ਸਨ।

ਕੈਨੇਡਾ ਅਤੇ ਅਮਰੀਕਾ ਤੋਂ ਗ਼ਦਰ ਲਹਿਰ ਦੇ ਮੁਖੀ ਨੇਤਾਵਾਂ ਨੂੰ ਦੱਖਣ-ਪੂਰਬੀ ਦੇਸ਼ਾਂ ਵੱਲੋਂ ਭਾਰਤ ਭੇਜਣ ਦੀ ਯੋਜਨਾ ਸੀ, ਜਿੱਥੇ ਉਹ ਜਰਮਨੀ ਦੀ ਸਹਾਇਤਾ ਨਾਲ ਵੱਡੇ ਪੈਮਾਨੇ 'ਤੇ 'ਗ਼ਦਰ' ਸ਼ੁਰੂ ਕਰ ਕੇ ਅੰਗਰੇਜ਼ਾਂ ਨੂੰ ਭਾਰਤ ਅਜ਼ਾਦ ਕਰ ਜਾਣ ਲਈ ਮਜਬੂਰ ਕਰ ਸਕਦੇ ਸਨ। ਬਰਕਤ-ਉੱਲਾ ਨੇ ਬਰਲਿਨ ਕਮੇਟੀ ਨਾਲ ਆਪਣਾ ਸੰਪਰਕ ਸਥਾਪਤ ਕਰ ਲਿਆ ਸੀ। ਸ. ਭਗਵਾਨ ਸਿੰਘ ਮਨੀਲਾ ਹਾਂਗਕਾਂਗ ਲਈ ਰਵਾਨਾ ਹੋ ਚੁੱਕੇ ਸੀ ਅਤੇ ਸ. ਸੰਤੋਖ ਸਿੰਘ ਨੂੰ ਦੱਖਣ-ਪੂਰਬੀ ਦੇਸ਼ਾਂ ਲਈ ਨਿਯੁਕਤ ਕੀਤਾ ਗਿਆ ਸੀ। ਸ. ਹਰਨਾਮ ਸਿੰਘ ਕਾਹਰੀ ਸਾਹਰੀ ਅਤੇ ਸ੍ਰੀ ਸੋਹਨ ਲਾਲ ਪਾਠਕ ਨੂੰ ਸਿਆਮ (ਥਾਈਲੈਂਡ) ਅਤੇ ਬਰਮਾ ਵਿਚ ਗ਼ਦਰ ਦੇ ਕੰਮ ਨੂੰ ਤੇਜ਼ ਕਰਨ ਲਈ ਭੇਜਿਆ ਗਿਆ ਸੀ। ਇਹ ਦੋਵੇਂ ਨੌਜਵਾਨ ਥਾਈਲੈਂਡ ਪਹੁੰਚਦਿਆਂ ਹੀ ਸ. ਬੁੱਢਾ ਸਿੰਘ ਦੇ ਸੰਪਰਕ ਵਿਚ ਆਏ ਜੋ ਪਹਿਲਾਂ ਹੀ ਇਥੇ ਗ਼ਦਰ ਦੇ ਕੰਮ ਦਾ ਸੰਚਾਲਨ ਕਰ ਰਹੇ ਸਨ। ਜਦੋਂ ਅਮਰੀਕਾ ਜਾਂਦਿਆਂ ਪਹਿਲੀ ਵਾਰ ਸੋਹਨ ਲਾਲ ਪਾਠਕ, ਸ. ਬੁੱਢਾ ਸਿੰਘ ਨੂੰ ਬੈਂਕਾਕ ਮਿਲਿਆ ਸੀ ਤਾਂ ਉਹ ਸ. ਬੁੱਢਾ ਸਿੰਘ 'ਤੇ ਕਿਸੇ ਵੀ ਤਰ੍ਹਾਂ ਦਾ ਪ੍ਰਭਾਵ ਨਹੀਂ ਸੀ ਪਾ ਸਕਿਆ। ਸਗੋਂ ਅਮਰੀਕਾ ਪਹੁੰਚਣ ਲਈ ਜਦੋਂ ਉਸ ਨੇ ਸ. ਬੁੱਢਾ ਸਿੰਘ ਕੋਲੋਂ ਕੁਝ ਪੈਸੇ ਮੰਗਣੇ ਚਾਹੇ ਸਨ ਤਾਂ ਉਸ ਨੇ ਇਨਕਾਰ ਕਰ ਦਿੱਤਾ ਸੀ। ਪਰ ਗ਼ਦਰ ਲਹਿਰ ਦੇ ਸ਼ੁਰੂ ਹੋ ਜਾਣ ਨਾਲ ਹੁਣ ਹਾਲਾਤ ਬਿਲਕੁਲ ਬਦਲ ਚੁੱਕੇ ਸਨ। ਹੁਣ ਇਹੀ ਨੌਜਵਾਨ ਦੇਸ਼ ਦੀ ਆਜ਼ਾਦੀ ਲਈ ਇਕ ਦੂਸਰੇ ਤੋਂ ਆਪਣਾ ਸਭ ਕੁਝ ਕੁਰਬਾਨ ਕਰ ਦੇਣ ਲਈ ਤਿਆਰ ਸਨ।

ਸ. ਬੁੱਢਾ ਸਿੰਘ ਧੜੱਲੇਦਾਰ ਵਕਤਾ ਤੇ ਨਿਧੜਕ ਨੇਤਾ ਸਨ। ਜਦੋਂ ਉਹ ਨੌਜਵਾਨਾਂ ਨੂੰ ਆਜ਼ਾਦੀ ਦੀ ਜੰਗ ਵਿਚ ਕੁੱਦ ਪੈਣ ਲਈ ਪ੍ਰੇਰਿਤ ਕਰਦੇ ਤਾਂ ਲੋਕਾਂ ਦੀਆਂ ਨਾੜੀਆਂ ਵਿਚ ਜੰਮਿਆ ਹੋਇਆ ਲਹੂ ਵੀ ਪਿਘਲ ਕੇ ਉਬਾਲੇ ਖਾਣ ਲੱਗ ਪੈਂਦਾ ਤੇ ਉਹ ਇਸ ਲਹਿਰ ਨਾਲ ਜੁੜ ਜਾਂਦੇ। ਸ. ਬੁੱਢਾ ਸਿੰਘ ਥਾਂ-ਥਾਂ ਜਾ ਕੇ ਗਦਰ ਪਰਚੇ ਦੀਆਂ ਕਾਪੀਆਂ ਲੋਕਾਂ ਵਿਚ ਵੰਡਦੇ ਤੇ ਕਹਿੰਦੇ ਕਿ ਇਸ ਵੇਲੇ ਸਾਨੂੰ ਕੁਝ ਕਰ ਗੁਜ਼ਰਨਾ ਚਾਹੀਦਾ ਹੈ, ਕਿਉਂਕਿ ਅੰਗਰੇਜ਼ ਜ਼ਰਮਨਾਂ ਵਿਰੁੱਧ ਉਲਝੇ ਹੋਏ ਹਨ ਤੇ ਸਾਨੂੰ ਇਸ ਸਥਿਤੀ ਦਾ ਲਾਭ ਉਠਾਉਣਾ ਚਾਹੀਦਾ ਹੈ। ਅਸੀਂ ਭਾਰਤ ਜਾ ਕੇ ਤੇ ਦੇਸ਼ ਵਿਚ ਗ਼ਦਰ ਮਚਾ ਕੇ ਉਨ੍ਹਾਂ ਨੂੰ ਮੁਸੀਬਤ ਵਿਚ ਪਾ ਸਕਦੇ ਹਾਂ।

ਥਾਈਲੈਂਡ ਵਿਚ ਇਕ 'ਸਿਆਮ ਬਰਮਾ ਯੋਜਨਾ' ਤਿਆਰ ਕੀਤੀ ਜਾ ਰਹੀ ਸੀ। ਇਸ ਯੋਜਨਾ ਦੇ ਅੰਤਰਗਤ ੧੦,੦੦੦ ਭਾਰਤੀਆਂ ਨੂੰ ਫੌਜੀ ਟ੍ਰੇਨਿੰਗ ਦੇ ਕੇ ਭਾਰਤ ਭੇਜਿਆ ਜਾਣਾ ਸੀ। ਟ੍ਰੇਨਿੰਗ ਦੇਣ ਵਾਲੇ ਅਫ਼ਸਰ ਜਰਮਨ ਸਨ। ਇਸ ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਬਹੁਤ ਸਾਰੇ ਧਨ ਦੀ ਲੋੜ ਸੀ। ਸ੍ਰੀ ਸੋਹਨ ਲਾਲ ਪਾਠਕ ਨੇ ਇਸ ਬਾਰੇ ਸ. ਬੁੱਢਾ ਸਿੰਘ ਨਾਲ ਗੱਲ ਕੀਤੀ। ਪੰਜਾਬ ਆਰਕਾਈਵਜ਼ ਦੇ ਸਾਬਕਾ ਡਾਇਰੈਕਟਰ ਸ੍ਰੀ ਵਿਦਿਆ ਸਾਗਰ ਸੂਰੀ, ਸ੍ਰੀ ਸੋਹਨ ਲਾਲ ਪਾਠਕ ਦੀ ਸੰਖੇਪ ਜੀਵਨੀ ਵਿਚ ਲਿਖਦੇ ਹਨ ਕਿ ਉਹੀ ਸ. ਬੁੱਢਾ ਸਿੰਘ ਜਿਸ ਨੇ ਇਸ ਤੋਂ ਪਹਿਲਾਂ ਸੋਹਣ ਲਾਲ ਪਾਠਕ ਨੂੰ ਥੋੜ੍ਹੀ ਜਿਹੀ ਰਕਮ ਉਧਾਰ ਦੇਣ ਤੋਂ ਵੀ ਮਨ੍ਹਾਂ ਕਰ ਦਿੱਤਾ ਸੀ (ਕਿਉਂਕਿ ਉਦੋਂ ਬੁੱਢਾ ਸਿੰਘ ਇਨ੍ਹਾਂ ਨੌਜਵਾਨਾਂ ਬਾਰੇ ਕੁਝ ਨਹੀਂ ਸੀ ਜਾਣਦਾ) ਹੁਣ ਉਸੇ ਸ. ਬੁੱਢਾ ਸਿੰਘ ਨੇ ਭਾਰਤੀ ਨੌਜਵਾਨਾਂ ਲਈ ਹਥਿਆਰ ਖਰੀਦਣ ਲਈ ਉਸ ਨੂੰ ਇਕ ਲੱਖ ਵੀਹ ਹਜ਼ਾਰ ਰੁਪਏ ਤੁਰੰਤ ਕੱਢ ਕੇ ਦੇ ਦਿੱਤੇ ਸਨ। ਸਗੋਂ ਸ. ਬੁੱਢਾ ਸਿੰਘ ਤਾਂ ਇਹ ਵੀ ਚਾਹੁੰਦਾ ਸੀ ਕਿ ਖਰੀਦੇ ਜਾਣ ਵਾਲੇ ਹਰ ਹਥਿਆਰ ਉੱਪਰ ਉਸ ਦਾ ਨਾਮ ਉਕਰ ਦਿੱਤਾ ਜਾਵੇ ਤਾਂ ਕਿ ਉਸ ਤੋਂ ਹੋਰਾਂ ਨੂੰ ਵੀ ਪ੍ਰੇਰਨਾ ਮਿਲੇ ਕਿ ਦੇਸ਼ ਦੀ ਆਜ਼ਾਦੀ ਲਈ ਹਰ ਦੇਸ਼ ਵਾਸੀ ਨੂੰ ਅੱਗੇ ਆਉਣ ਦੀ ਲੋੜ ਹੈ। ਸ੍ਰੀ ਵਿਦਿਆ ਸਾਗਰ ਸੂਰੀ ਦੇ ਅਸਲ ਸ਼ਬਦ ਇਸ ਪ੍ਰਕਾਰ ਹਨ:

In Bangkok Sardar Budha Singh, who on an earlier occasion had refused to advance even a small sum to Shri Sohan Lal and his associates had generously donated one lakh and twenty thousand rupees for the purchase of arms to be used against the British. Sardar Budha Singh felt so much impressed with the mission of the Ghadar Party that he had desired Shri Sohan Lal to put his name on all the arms thus acquired, so that others

should feel encouraged and note his name while using the arms.

ਜਿਸ ਯੋਜਨਾ ਕਰਕੇ ਇਹ ਸਭ ਕੁਝ ਕੀਤਾ ਜਾ ਰਿਹਾ ਸੀ, ਬਦਕਿਸਮਤੀ ਨਾਲ ਕਈ ਕਾਰਨਾਂ ਕਰਕੇ ਇਹ ਯੋਜਨਾ ਸਫ਼ਲ ਨਾ ਹੋ ਸਕੀ ਤੇ ਅੰਗਰੇਜ਼ ਹਕੂਮਤ ਨੇ ਉਨ੍ਹਾਂ ਲੋਕਾਂ ਦੀ ਪਕੜਾ-ਪਕੜਾਈ ਸ਼ੁਰੂ ਕਰ ਦਿੱਤੀ, ਜੋ ਅੰਗਰੇਜ਼ੀ ਸਰਕਾਰ ਵਿਰੁੱਧ ਬਗ਼ਾਵਤ ਦੀ ਯੋਜਨਾ ਬਣਾ ਰਹੇ ਸਨ। ਅੰਗਰੇਜ਼ਾਂ ਵੱਲੋਂ ਕੀਤੀ ਗਈ ਇਸ ਤੁਰੰਤ ਕਾਰਵਾਈ ਸਦਕਾ ਜਲਦੀ ਹੀ ਸ੍ਰੀ ਸੋਹਨ ਲਾਲ ਪਾਠਕ ਅਤੇ ਸ. ਬੁੱਢਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸ. ਕੇ.ਐਸ. ਗਿਆਨੀ Indian Independence Movement in East Asia ਦੇ ਸਫ਼ਾ ੧੬ ਉੱਪਰ ਲਿਖਦੇ ਹਨ ਕਿ ਗ੍ਰਿਫਤਾਰ ਹੋਣ ਵਾਲਿਆਂ ਵਿਚ ਬਾਬਾ ਅਮਰ ਸਿੰਘ ਵੀ ਸ਼ਾਮਲ ਸਨ, ਜਿਨ੍ਹਾਂ ਨੂੰ ੨੨ ਸਾਲ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਰੱਖਿਆ ਗਿਆ ਸੀ। ਇਸੇ ਦੋਸ਼ ਵਿਚ ੧੦ ਫਰਵਰੀ ੧੯੧੬ ਨੂੰ, ਸ੍ਰੀ ਸੋਹਨ ਲਾਲ ਪਾਠਕ ਨੂੰ ਮਾਂਡਲੇ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ ਕਿ ਉਸ ਨੇ ਅੰਗਰੇਜ਼ੀ ਹਕੂਮਤ ਦਾ ਤਖ਼ਤਾ ਪਲਟ ਦੇਣ ਦੀ ਸਾਜ਼ਸ਼ ਰਚੀ ਸੀ।

ਜਦੋਂ ਸ. ਬੁੱਢਾ ਸਿੰਘ ਨੂੰ ਗ੍ਰਿਫਤਾਰ ਕਰ ਕੇ ਅੰਗਰੇਜ਼ ਅਫ਼ਸਰਾਂ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਨ੍ਹਾਂ ਉੱਪਰ ਤਿੰਨ ਦੋਸ਼ ਲਗਾਏ ਗਏ:

੧. ਅੰਗਰੇਜ਼ ਸਰਕਾਰ ਵਿਰੁੱਧ ਬਗ਼ਾਵਤ ਕਰਨ ਲਈ ਭਾਰਤੀ ਨੌਜਵਾਨਾਂ ਵਿਚ ਭੜਕਾਊ ਤਕਰੀਰਾਂ ਕਰਨੀਆਂ।

੨. ਅੰਗਰੇਜ਼ਾਂ ਵਿਰੁੱਧ 'ਗ਼ਦਰ' ਅਖ਼ਬਾਰ ਤੇ ਹੋਰ ਲਿਟਰੇਚਰ ਵੰਡ ਕੇ ਉਨ੍ਹਾਂ ਵਿਚ ਅੰਗਰੇਜ਼ ਸਰਕਾਰ ਵਿਰੁੱਧ ਨਫ਼ਰਤ ਪੈਦਾ ਕਰਨੀ।

੩. ਹਥਿਆਰਾਂ ਦੀ ਖਰੀਦ ਕਰਕੇ ਸੈਨਿਕ ਕ੍ਰਾਂਤੀ ਲਈ ਭਾਰਤੀ ਨੌਜਵਾਨਾਂ ਨੂੰ ਤਿਆਰ ਕਰਨਾ।

ਸ. ਬੁੱਢਾ ਸਿੰਘ ਨੂੰ ਇਹ ਵੀ ਦੱਸਿਆ ਗਿਆ ਕਿ ਉਨ੍ਹਾਂ ਦੇ ਬਹੁਤ ਸਾਰੇ ਸਾਥੀ ਪਕੜ ਲਏ ਗਏ ਹਨ। ਜੇ ਉਹ ਸਰਕਾਰੀ ਗਵਾਹ ਬਣਨਾ ਮਨਜ਼ੂਰ ਕਰ ਲੈਣ ਤਾਂ ਉਨ੍ਹਾਂ ਨੂੰ ਮਾਫ ਕੀਤਾ ਜਾ ਸਕਦਾ ਹੈ। ਜਿਤਨੀ ਦੇਰ ਤਕ ਅੰਗਰੇਜ਼ ਅਫਸਰ ਬੋਲਦੇ ਰਹੇ ਸ. ਬੁੱਢਾ ਸੁਣਦੇ ਰਹੇ ਪਰ ਜਦੋਂ ਉਨ੍ਹਾਂ ਨੂੰ ਸਰਕਾਰੀ ਗਵਾਹ ਬਣਨ ਦੀ ਗੱਲ ਕਹੀ ਗਈ ਤਾਂ ਸ. ਬੁੱਢਾ ਸਿੰਘ ਨੇ ਗਰਜਵੀਂ ਆਵਾਜ਼ ਵਿਚ ਕਿਹਾ, 'ਕੀ ਤੁਸੀਂ ਸਮਝਦੇ ਹੋ ਕਿ ਮੈਂ ਆਪਣੀ ਜਾਨ ਬਚਾਉਣ ਵਾਸਤੇ ਆਪਣੇ ਦੇਸ਼ ਨਾਲ ਗ਼ਦਾਰੀ ਕਰਾਂਗਾ? ਮੈਂ, ਗੁਰੂ ਦਾ ਸੱਚਾ ਸਿੱਖ ਹਾਂ। ਮੈਂ ਮਰ ਜਾਣਾ ਬਿਹਤਰ ਸਮਝਾਂਗਾ, ਬਜਾਇ ਇਸ ਦੇ ਕਿ ਦਸ-ਵੀਹ ਵਰ੍ਹੇ ਹੋਰ ਜੀਣ ਦੀ ਲਾਲਸਾ ਰੱਖ ਕੇ ਮੈਂ ਗ਼ਦਾਰੀ ਦਾ ਕਲੰਕ ਆਪਣੇ ਮੱਥੇ 'ਤੇ ਲਗਾ ਲਵਾਂ।'

ਸ. ਬੁੱਢਾ ਸਿੰਘ ਦੇ ਵਿਚਾਰ ਸੁਣਨ ਮਗਰੋਂ ਅੰਗਰੇਜ਼ ਅਫਸਰਾਂ ਨੇ ਉਨ੍ਹਾਂ ਨੂੰ ਜੇਲ੍ਹ

ਵਿਚ ਭੇਜ ਦਿੱਤਾ। ਜੇਲ੍ਹ ਵਿਚ ਉਨ੍ਹਾਂ 'ਤੇ ਬਹੁਤ ਦਬਾਉ ਪਾਇਆ ਗਿਆ ਅਤੇ ਕਈ ਪ੍ਰਕਾਰ ਦੀਆਂ ਅਣਮਨੁੱਖੀ ਯਾਤਨਾਵਾਂ ਦਿੱਤੀਆਂ ਗਈਆਂ। ਉਨ੍ਹਾਂ ਕੋਲੋਂ ਉਨ੍ਹਾਂ ਦੇ ਸਾਥੀਆਂ ਦੇ ਨਾਮ ਅਤੇ ਉਨ੍ਹਾਂ ਦੀ ਪਾਰਟੀ ਦੁਆਰਾ ਉਲੀਕੇ ਗਏ ਪ੍ਰੋਗਰਾਮਾਂ ਬਾਰੇ ਪੁੱਛਿਆ ਗਿਆ, ਪਰ ਉਨ੍ਹਾਂ ਨੇ ਕੁਝ ਵੀ ਦੱਸਣ ਤੋਂ ਸਾਫ ਇਨਕਾਰ ਕਰ ਦਿੱਤਾ।

ਬੈਂਕਾਕ ਤੋਂ ਉਨ੍ਹਾਂ ਨੂੰ ਮਾਂਡਲੇ ਜ਼ੇਲ੍ਹ ਭੇਜ ਦਿੱਤਾ ਗਿਆ, ਜਿਥੇ ਕੇਸ ਚਲਾਉਣ ਮਗਰੋਂ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਬੈਂਕਾਕ ਵਿਖੇ ਉਨ੍ਹਾਂ ਦੀ ਲੱਖਾਂ ਰੁਪਏ ਦੀ ਜ਼ਮੀਨ ਜਾਇਦਾਦ ਤੇ ਦੌਲਤ ਸਰਕਾਰ ਵੱਲੋਂ ਜ਼ਬਤ ਕਰ ਲਈ ਗਈ। ਕੁਝ ਚਿਰ ਮਾਂਡਲੇ ਜੇਲ੍ਹ ਵਿਚ ਰੱਖਣ ਮਗਰੋਂ ਉਨ੍ਹਾਂ ਨੂੰ ਅੰਡੇਮਾਨ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ, ਜਿੱਥੇ ਪਹਿਲਾਂ ਹੀ ਬਹੁਤ ਸਾਰੇ ਗ਼ਦਰੀ ਨੌਜਵਾਨ ਕੈਦ ਸਨ। ਇਥੇ ਵੀ ਉਨ੍ਹਾਂ ਨਾਲ ਉਹੀ ਮਾੜਾ ਸਲੂਕ ਕੀਤਾ ਜਾਂਦਾ ਰਿਹਾ ਜਿਹੋ ਜਿਹਾ ਕਿ ਉਨ੍ਹਾਂ ਨਾਲ ਮਾਂਡਲੇ ਅਤੇ ਬੈਂਕਾਕ ਦੀਆਂ ਜੇਲ੍ਹਾਂ ਵਿਚ ਕੀਤਾ ਗਿਆ ਸੀ। ਆਖ਼ਰ ਇਨ੍ਹਾਂ ਸਖ਼ਤੀਆਂ ਨੂੰ ਝੱਲਦੇ ਹੋਏ ਸ. ਬੁੱਢਾ ਸਿੰਘ ੧੯੧੮ ਈ: ਵਿਚ ਸ਼ਹਾਦਤ ਦਾ ਜਾਮ ਪੀ ਗਏ। ਉਦੋਂ ਉਨ੍ਹਾਂ ਦੀ ਉਮਰ ਕੇਵਲ ੩੮ ਸਾਲ ਦੀ ਸੀ।

ਸ. ਬੁੱਢਾ ਸਿੰਘ ਬਹੁਤ ਪੜ੍ਹੇ-ਲਿਖੇ ਤੇ ਵਿਉਪਾਰਕ ਕੰਮਾਂ ਵਿਚ ਬੜੀ ਸੂਝ-ਬੂਝ ਰੱਖਣ ਵਾਲੇ ਨੌਜਵਾਨ ਸਨ। ਇਹੀ ਕਾਰਨ ਹੈ ਕਿ ਥੋੜ੍ਹੇ ਹੀ ਸਮੇਂ ਵਿਚ ਉਹ ਬੈਂਕਾਕ ਦੀਆਂ ਪ੍ਰਸਿੱਧ ਸ਼ਖ਼ਸੀਅਤਾਂ ਵਿਚ ਗਿਣੇ ਜਾਣ ਲੱਗ ਪਏ ਸਨ। ਉਨ੍ਹਾਂ ਦੇ ਮਨ ਵਿਚ ਸਿੱਖੀ ਪਿਆਰ ਅਤੇ ਦੇਸ਼ ਦੀ ਆਜ਼ਾਦੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਜਦੋਂ ਗ਼ਦਰ ਲਹਿਰ ਦਾ ਜ਼ੋਰ ਵਧਿਆ ਤਾਂ ਉਹ ਆਪਣਾ ਸਭ ਕੁਝ ਦਾਅ ਤੇ ਲਗਾ ਕੇ ਇਸ ਲਹਿਰ ਵਿਚ ਕੁੱਦ ਪਏ ਸਨ। ਆਮ ਤੌਰ 'ਤੇ ਲੋਕ ਆਪਣੀ ਜਾਨ ਬਚਾਉਣ ਲਈ ਕਿਸੇ ਵੀ ਨੀਚਤਾ ਦੀ ਹੱਦ ਤਕ ਚਲੇ ਜਾਂਦੇ ਸਨ, ਪਰ ਉਨ੍ਹਾਂ ਦੁਆਰਾ ਕਚਹਿਰੀ ਅਤੇ ਅੰਗਰੇਜ਼ ਅਫਸਰਾਂ ਨੂੰ ਦਿੱਤੇ ਬਿਆਨਾਂ ਤੋਂ ਪਤਾ ਚੱਲਦਾ ਹੈ ਕਿ ਸ. ਬੁੱਢਾ ਸਿੰਘ ਨੂੰ ਆਪਣੇ ਮਰ ਜਾਣ ਦਾ ਕਦੇ ਵੀ ਡਰ ਨਹੀਂ ਸੀ ਹੋਇਆ ਅਤੇ ਨਾ ਹੀ ਉਹ ਸਰਕਾਰੀ ਗਵਾਹ ਬਣ ਕੇ ਆਪਣੇ ਦੇਸ਼ ਵਾਸੀਆਂ ਨਾਲ ਗ਼ਦਾਰੀ ਕਰ ਕੇ ਆਪਣੀ ਜਾਨ ਬਚਾਉਣੀ ਚਾਹੁੰਦੇ ਸਨ। ਅੱਜ ਤੋਂ ੧੦੦ ਕੁ ਸਾਲ ਪਹਿਲਾਂ ਹਥਿਆਰਾਂ ਦੀ ਖਰੀਦ ਲਈ ਸਵਾ ਲੱਖ ਰੁਪਿਆ ਦਾਨ ਵਜੋਂ ਦੇਣਾ, ਅੱਜ ਦੇ ਕਰੋੜਾਂ ਰੁਪਏ ਦੇ ਬਰਾਬਰ ਸਮਝਿਆ ਜਾ ਸਕਦਾ ਹੈ।

ਸ. ਬੁੱਢਾ ਸਿੰਘ ਉਨ੍ਹਾਂ ਕੌਮੀ ਪਰਵਾਨਿਆਂ ਵਿੱਚੋਂ ਸਨ, ਜੋ ਆਪਣਾ ਸਭ ਕੁਝ ਗਵਾ ਕੇ ਵੀ ਕਦੇ ਸੀਅ ਤਕ ਨਹੀਂ ਕਰਦੇ ਤੇ ਅਜ਼ਾਦੀ ਦੀ ਲਾਟ 'ਤੇ ਪਰਵਾਨਿਆਂ ਵਾਂਗ ਜਲ ਕੇ ਰਾਖ਼ ਹੋ ਜਾਂਦੇ ਸਨ। ਨਿਰਸੰਦੇਹ ਉਹ ਵੀਹਵੀਂ ਸਦੀ ਦੇ ਮੁੱਢਲੇ ਸ਼ਹੀਦਾਂ ਵਿੱਚੋਂ ਇਕ ਸਨ, ਜਿਨ੍ਹਾਂ ਨੇ ਵਤਨ ਤੋਂ ਬਾਹਰ ਰਹਿ ਕੇ ਵੀ ਵਤਨ ਦੀ ਆਜ਼ਾਦੀ ਲਈ ਆਪਣਾ ਤਨ, ਮਨ ਤੇ ਧਨ ਸਭ ਕੁਝ ਕੁਰਬਾਨ ਕਰ ਦਿੱਤਾ ਸੀ। ■

ਸ਼੍ਰੋਮਣੀ ਸਿੱਖ ਸਾਹਿਤਕਾਰ ਡਾ. ਹਰਨਾਮ ਸਿੰਘ ਸ਼ਾਨ

*-ਸ. ਰੂਪ ਸਿੰਘ**

ਉੱਘੇ ਸਿੱਖ ਚਿੰਤਕ, ਸ਼੍ਰੋਮਣੀ ਸਾਹਿਤਕਾਰ ਡਾ: ਹਰਨਾਮ ਸਿੰਘ ਸ਼ਾਨ ਦੇ ੯ ਜੂਨ ੨੦੧੧ ਨੂੰ ਅਕਾਲ ਚਲਾਣੇ ਨਾਲ ਵਿਸ਼ਵ ਵਿਆਪੀ ਪੰਜਾਬੀ ਤੇ ਸਿੱਖ ਭਾਈਚਾਰੇ ਨੂੰ ਗਹਿਰਾ ਸਦਮਾ ਪਹੁੰਚਾ ਹੈ। ਗੁਰਮਤਿ ਵਿਚਾਰਧਾਰਾ ਨੂੰ ਰੋਮ-ਰੋਮ ਤੋਂ ਸਮਰਪਿਤ, ਸਦ-ਜਾਗਤ, ਨਿੰਮਾ-ਨਿੰਮਾ ਮੁਸਕਰਾਉਂਦੀ, ਸਮੇਂ ਦਾ ਸਦਾ ਸਦ-ਉਪਯੋਗ ਕਰਨ ਵਾਲੀ ਸ਼ਖ਼ਸੀਅਤ ਦੀ ਜੀਵਨ-ਜਾਚ, ਕਾਰਜ-ਸ਼ੈਲੀ ਤੇ ਰਚਨਾਵਾਂ ਹਮੇਸ਼ਾਂ ਸਦ-ਉਪਯੋਗੀ ਤੇ ਪ੍ਰੇਰਨਾ ਭਰਪੂਰ ਰਹਿਣਗੀਆਂ। ਉਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹ ਕੇ ਪੰਜਾਬੀ ਤੇ ਗੁਰਮਤਿ ਸਾਹਿਤ ਦੇ ਪਾਠਕਾਂ ਵਿਚ ਪੜ੍ਹਨ-ਰੁਚੀ ਪ੍ਰਬਲ ਹੁੰਦੀ ਹੈ।

ਸਾਹਿਤਕ ਚੌਗਿਰਦੇ 'ਚ ਜੰਮੇ-ਪਲੇ ਤੇ ਪ੍ਰਵਾਨ ਚੜ੍ਹੇ ਡਾ. ਹਰਨਾਮ ਸਿੰਘ ਸ਼ਾਨ ਦਾ ਜਨਮ ੧੫ ਸਤੰਬਰ, ੧੯੨੩ ਨੂੰ ਧਰਮੀ ਜੀਊੜੇ ਸ. ਸਵਰਨ ਸਿੰਘ ਤੇ ਮਾਤਾ ਤੇਜ ਕੌਰ ਦੇ ਘਰ ਪੋਠੋਹਾਰ ਦੇ ਇਲਾਕੇ ਪਿੰਡ ਧਮਿਆਲ, ਤਹਿਸੀਲ ਤੇ ਜ਼ਿਲ੍ਹਾ ਰਾਵਲਪਿੰਡੀ 'ਚ ਹੋਇਆ। ਇਸ ਪਿੰਡ ਨੂੰ ਸਾਹਿਤਕਾਰਾਂ ਦੇ ਪਿੰਡ ਵਜੋਂ ਜਾਣਿਆ ਜਾਂਦਾ ਸੀ ਕਿਉਂਕਿ ਇੱਥੋਂ ਦੇ ਹੀ ਜੰਮਪਲ ਹਨ ਪ੍ਰੋ: ਮੋਹਨ ਸਿੰਘ ਮਾਹਿਰ, ਸ. ਕਰਤਾਰ ਸਿੰਘ ਦੁੱਗਲ, ਡਾ. ਸਵਿੰਦਰ ਸਿੰਘ ਉੱਪਲ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਸੋਬਤੀ ਆਦਿ।

ਡਾ. ਸ਼ਾਨ ਨੇ ਪਿੰਡ ਦੇ ਹੀ ਖਾਲਸਾ ਮਿਡਲ ਸਕੂਲ ਤੋਂ ਅਠਵੀਂ ਦਾ ਇਮਤਿਹਾਨ ਪਾਸ ਕਰ, ਰਾਵਲਪਿੰਡੀ ਦੇ ਡੈਨੀਜ਼ ਹਾਈ ਸਕੂਲ ਤੋਂ ਦਸਵੀਂ ਦਾ ਇਮਤਿਹਾਨ ੧੯੩੯ ਈ: 'ਚ ਪੰਜਾਬ ਯੂਨੀਵਰਸਿਟੀ ਲਾਹੌਰ 'ਚੋਂ ਅੱਵਲ ਰਹਿ ਕੇ ਪਾਸ ਕੀਤਾ। ਫਿਰ ਅੰਗਰਜ਼ੀ ਤੇ ਪੰਜਾਬੀ ਭਾਸ਼ਾਵਾਂ ਵਿਚ ਐਮ.ਏ. ਕੀਤੀ। ਡਾ. ਸ਼ਾਨ ਨੇ ੧੯੬੪ ਈ: ਵਿਚ ੧੪ ਭਾਸ਼ਾਵਾਂ ਵਿਚ ਮਿਲਦੀ ਸਮੱਗਰੀ ਦਾ ਅਧਿਐਨ ਕਰ ਕੇ 'ਹਾਸ਼ਮ ਦੀ ਸੱਸੀ' 'ਤੇ ਪੀ.ਐੱਚ.ਡੀ. ਦੀ ਡਿਗਰੀ ਲੰਡਨ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਡਾ. ਸ਼ਾਨ ਦਾ ਇਹ ਕਾਰਜ ਇਤਨਾ ਮਕਬੂਲ ਤੇ ਪ੍ਰਵਾਨ ਚੜ੍ਹਿਆ ਕਿ ਹੁਣ ਤੀਕ ੧੪ ਭਾਸ਼ਾਵਾਂ 'ਚ ਪ੍ਰਕਾਸ਼ਿਤ ਹੋ ਚੁੱਕਿਆ ਹੈ। ਇਸ ਤੋਂ ਇਲਾਵਾ ਡਾ. ਸ਼ਾਨ ਨੇ ਆਨਰਜ਼ ਇਨ ਪਰਸ਼ੀਅਨ, ਆਨਰਜ਼ ਇਨ ਪੰਜਾਬੀ, ਡੇਹਰਾਦੂਨ ਤੋਂ ਕੋਰਸ ਇਨ ਲੈਂਗੂਇਸਟਿਕ, ਬ੍ਰਿਜ ਭਾਸ਼ਾ ਦਾ ਕੋਰਸ ਤੇ ਖੋਜ ਵਿਧੀ 'ਤੇ ਕੋਰਸ ਲੰਡਨ ਯੂਨੀਵਰਸਿਟੀ ਤੋਂ ਕੀਤਾ।

ਡਾ. ਸ਼ਾਨ ਦਾ ਕਲਮੀ ਤੇ ਸਾਹਿਤਕ ਸਫਰ ਅਠਵੀਂ 'ਚ ਪੜ੍ਹਦਿਆਂ ਹੀ ਅਰੰਭ

---

* *ਡਾਇਰੈਕਟਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ: ੯੮੧੪੬-੩੭੬੭੯*

ਹੋ ਗਿਆ ਜਦ ਉਨ੍ਹਾਂ ਦੇ ਇਕ ਅਧਿਆਪਕ ਨੇ ਘਰ ਦਾ ਕੰਮ ਦੇਂਦਿਆਂ 'ਕਲੀ' ਤੇ 'ਘੋੜੀ' ਵਰਗੇ ਕੁਝ ਸ਼ਬਦਾਂ ਨੂੰ ਬਹੁ-ਅਰਥਾਂ ਵਿਚ ਵਰਤ ਕੇ ਵਾਕ ਬਣਾਉਣ ਲਈ ਕਿਹਾ। ਡਾ. ਸ਼ਾਨ ਨੇ ਉਸ ਵੇਲੇ ਕਲੀ ਸ਼ਬਦ ਨੂੰ ਵੱਖ-ਵੱਖ ਅਰਥਾਂ ਵਿਚ ਵਰਤ ਕੇ ਇਹ ਕਵਿਤਾ ਲਿਖ ਕੇ ਦਿਖਾਈ:

ਇਕ ਦਿਨ ਵੇਖੀ ਨਾਰ ਮੈਂ ਕਲੀ (ਇਕੱਲੀ)
ਕਲੀ ਸੀ ਗੀ ਜੋ ਮੁਖ ਤੋਂ (ਗੂੰਗੀ)
ਚੁਣ ਚੁਣ 'ਕਲੀਆਂ' ਢੇਰ ਲਗਾਏ (ਡੋਡੀ)
ਤੋੜ ਤੋੜ ਕੇ ਰੁੱਖ ਤੋਂ।
ਪੁੱਛਿਆ ਤਦ ਮੈਂ ਕਲੀ ਬਣਾਈ (ਇਕ ਛੰਦ)
ਮਾਲਣ ਦੱਸਿਆ ਸੰਗ ਕੇ
'ਕਲੀ', 'ਕਲੀ' ਮੈਂ 'ਕਲੀਆਂ' ਚੁਣਦੀ
ਹਾਂ ਡਾਹਢੀ ਤੰਗ ਭੁੱਖ ਤੋਂ

ਜਦੋਂ ਇਹ ਕਵਿਤਾ ਅਧਿਆਪਕ ਨੇ ਸੁਣੀ ਤੇ ਉਸ ਦੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ "ਵਾਹ, ਕਿਆ ਸ਼ਾਨ ਹੈ"। ਇਸ ਦਿਨ ਤੋਂ ਹੀ ਡਾ. ਹਰਨਾਮ ਸਿੰਘ ਦੇ ਨਾਂ ਨਾਲ 'ਸ਼ਾਨ' ਸ਼ਬਦ ਉਨ੍ਹਾਂ ਦੀ ਪਹਿਚਾਣ ਬਣ ਗਿਆ। ਬਾਲ ਵਰੇਸ ਵਿਚ ਹੀ ਉਨ੍ਹਾਂ ਦੇ ਲਿਖੇ ਹੋਏ ਗੀਤ ਦੇ ਬੋਲ "ਨਿੱਕੀ ਨਿੱਕੀ ਗੱਲੋਂ ਰੁਸ ਜਾਨੈ... ਦੱਸਿਆ ਤਾਂ ਕਰ ਕੋਈ ਕਸੂਰ।" ਲੋਕ ਸਾਹਿਤ ਦਾ ਅੰਗ ਬਣ ਗਏ।

ਪੰਜ ਮਹਾਂਦੀਪਾਂ ਦਾ ਕਈ ਵਾਰ ਭਰਮਣ ਕਰ ਚੁੱਕੇ ਡਾ. ਹਰਨਾਮ ਸਿੰਘ ਸ਼ਾਨ ਦੀਆਂ ਯਾਤਰਾਵਾਂ ਦਾ ਮੂਲ ਮੁੱਦਾ ਹਮੇਸ਼ਾਂ ਪੰਜਾਬੀ ਤੇ ਸਿੱਖ ਸਾਹਿਤ ਦੀ ਖੋਜ, ਅਧਿਐਨ ਤੇ ਸੰਵਾਦ ਹੀ ਰਿਹਾ। ਭਾਰਤ ਦਾ ਇਹ ਗੈਰ-ਸਰਕਾਰੀ ਸਭਿਆਚਾਰਕ ਸਫ਼ੀਰ ਉਮਰ ਭਰ ਸਾਹਿਤਕ ਕਾਰਜਾਂ ਵਾਸਤੇ ਭਰਮਦਾ ਰਿਹਾ।

ਰੱਖਿਆ ਮੰਤਰਾਲੇ, ਫਾਰਸੀ ਅਧਿਆਪਕ, ਪੰਜਾਬ ਅਸੈਂਬਲੀ ਸ਼ਿਮਲੇ 'ਚ ਰੀਪੋਰਟਰ, ਸੰਪਾਦਕ, ਪਬਲੀਕੇਸ਼ਨ ਵਿਭਾਗ, ਪੰਜਾਬ ਯੂਨੀਵਰਸਿਟੀ ਸ਼ਿਮਲਾ, ਪੰਜਾਬੀ ਵਿਭਾਗ ਅਤੇ ਗੁਰੂ ਨਾਨਕ ਚੇਅਰ ਐਂਡ ਸਿੱਖ ਸਟੱਡੀਜ਼ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮੁਖੀ ਵਜੋਂ ਡਾ. ਹਰਨਾਮ ਸਿੰਘ ਸ਼ਾਨ ਨੇ ਲੰਬਾ ਸਮਾਂ ਸੇਵਾ ਨਿਭਾਉਣ ਉਪਰੰਤ ੧੯੮੪ ਈ: 'ਚ ਸੇਵਾਵਾਂ ਤੋਂ ਮੁਕਤੀ ਪ੍ਰਾਪਤ ਕੀਤੀ।

ਪੁਸਤਕਾਂ-ਹੱਥ ਲਿਖਤ ਖਰੜਿਆਂ ਨੂੰ ਆਪਣਾ ਸਰਮਾਇਆ, ਵਾਰਸ, ਔਜ਼ਾਰ ਸਮਝਣ ਤੇ ਸਤਿਕਾਰਨ ਵਾਲੇ ਡਾ. ਹਰਨਾਮ ਸਿੰਘ ਸ਼ਾਨ ਨੇ ਵੱਖ-ਵੱਖ ਭਾਸ਼ਾਵਾਂ 'ਚ ਵੱਖ-ਵੱਖ ਵਿਸ਼ਿਆਂ 'ਤੇ ਲੱਗਭਗ ੯੦ ਪੁਸਤਕਾਂ ਦੇ ਲੇਖਕ/ਸੰਪਾਦਕ ਵਜੋਂ ਕਾਰਜ ਕਰ ਕੇ ਪੰਜਾਬੀ ਤੇ ਸਿੱਖ ਸਾਹਿਤ 'ਚ ਭਰਪੂਰ ਯੋਗਦਾਨ ਪਾਇਆ। ਦੇਸ਼-ਵਿਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ 'ਚ ੧੮੦ ਦੇ ਕਰੀਬ ਖੋਜ-ਪੱਤਰ ਉਨ੍ਹਾਂ ਨੇ

ਸਮੇਂ-ਸਮੇਂ ਪੜ੍ਹੇ। ਡਾ. ਹਰਨਾਮ ਸਿੰਘ ਦਾ ਜੀਵਨ-ਭਰ ਉਦੇਸ਼ ਪੰਜਾਬ, ਪੰਜਾਬੀ ਤੇ ਸਿੱਖਾਂ ਬਾਰੇ ਸਾਹਿਤ-ਸਮੱਗਰੀ ਇਕੱਤਰ ਕਰਨਾ, ਪੜ੍ਹਨਾ ਤੇ ਲਿਖਣਾ ਰਿਹਾ। ਡਾ. ਹਰਨਾਮ ਸਿੰਘ ਸ਼ਾਨ, ਪ੍ਰਿੰਸੀਪਲ ਤੇਜਾ ਸਿੰਘ, ਭਾਈ ਜੋਧ ਸਿੰਘ, ਪੰਥ-ਰਤਨ ਮਾਸਟਰ ਤਾਰਾ ਸਿੰਘ, ਜਸਟਿਸ ਤੇਜਾ ਸਿੰਘ, ਪ੍ਰੋ: ਮੋਹਨ ਸਿੰਘ, ਸ. ਕਰਤਾਰ ਸਿੰਘ ਦੁੱਗਲ, ਸ. ਹੀਰਾ ਸਿੰਘ ਦਰਦ ਆਦਿ ਸਾਹਿਤਕਾਰਾਂ ਤੇ ਡਾ. ਇੰਦਰਜੀਤ ਸਿੰਘ ਜੀ ਨੂੰ ਆਦਰਸ਼ਕ ਸ਼ਖ਼ਸੀਅਤਾਂ ਵਜੋਂ ਪ੍ਰੇਰਨਾ-ਸਰੋਤ ਮੰਨਦੇ ਰਹੇ। ਡਾ. ਸ਼ਾਨ ਦੀ ਰੋਜ਼ਾਨਾ ਜੀਵਨ ਯਾਤਰਾ, ਅੰਮ੍ਰਿਤ ਵੇਲੇ ਉੱਠ, ਸੈਰ ਕਰਨ, ਸੋਚ-ਇਸ਼ਨਾਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਨਾਲ ਅਰੰਭ ਹੁੰਦੀ। ਨਾਸ਼ਤਾ ਕਰਨ ਉਪਰੰਤ ਉਹ ਪੜ੍ਹਨ-ਲਿਖਣ ਦੇ ਕਾਰਜਾਂ 'ਚ ਮਸ਼ਰੂਫ ਹੋ ਜਾਂਦੇ। ੧੯੮੪ 'ਚ ਸੇਵਾ-ਮੁਕਤੀ ਉਪਰੰਤ ਉਨ੍ਹਾਂ ਨੇ ਫੀਅਟ ਕਾਰ ਖਰੀਦੀ ਜਿਸ ਨੂੰ ਆਖਰੀ ਸਾਹਾਂ ਤੀਕ ਚਲਾਉਂਦੇ ਰਹੇ ਪਰ ਕਾਰ ਚਲਾਉਣ ਤੋਂ ਪਹਿਲਾਂ ਉਹ ਮੂਲਮੰਤਰ ਤੇ ਗੁਰਮੰਤਰ ਦਾ ਪਾਠ ਜ਼ਰੂਰ ਕਰਦੇ, ਇਹ ਮੈਂ ਉਸ ਸਮੇਂ ਮਹਿਸੂਸ ਕੀਤਾ ਜਦ ਉਹ ਆਪਣੇ ਘਰ ਤੋਂ ਮੈਨੂੰ ਬੱਸ ਸਟੈਂਡ ਚੰਡੀਗੜ੍ਹ ਦੋ ਵਾਰ ਛੱਡਣ ਆਏ। ਉਨ੍ਹਾਂ ਦਾ ਇਹ ਸੁਭਾਅ ਸੀ ਕਿ ਹਰ ਪੱਤਰ ਲਿਖਣ/ਟਾਈਪ ਕਰਾਉਣ ਤੋਂ ਪਹਿਲਾਂ ਉਹ ੧ਓ ਨਾਲ ਲਿਖਦੇ।

ਪੰਜਾਬ 'ਚ ਵਧ ਰਹੇ ਪਤਿਤਪੁਣੇ ਤੇ ਨੌਜੁਆਨਾਂ 'ਚ ਵਧ ਰਹੀ ਨਸ਼ਿਆਂ ਦੀ ਅਲਾਮਤ ਤੋਂ ਡਾ. ਹਰਨਾਮ ਸਿੰਘ ਸ਼ਾਨ ਭੈ-ਭੀਤ ਤੇ ਚਿੰਤਤ ਸਨ। ਸਿੱਖੀ ਵਿਚ ਖੁਦਗਰਜ਼ੀ ਦੀ ਕੋਈ ਥਾਂ ਨਹੀਂ ਪਰ ਇਸ ਨੇ ਅੱਜ ਅਮਰ-ਵੇਲ ਵਾਂਗ ਪੰਥਪ੍ਰਸਤੀ ਨੂੰ ਘੇਰ ਲਿਆ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਸਿੱਖੀ ਦਾ ਕਿਲ੍ਹਾ ਕਮਜ਼ੋਰ ਹੋ ਰਿਹਾ ਹੈ, ਲੋੜ ਹੈ ਪਹਿਰੇਦਾਰਾਂ ਨੂੰ ਸੁਘੜ, ਸੁਚੇਤ, ਸ਼ਕਤੀ-ਸੰਪਨ ਤੇ ਸਮਰੱਥ ਹੋਣ ਦੀ।

ਡਾ. ਹਰਨਾਮ ਸਿੰਘ ਸ਼ਾਨ ਨੂੰ ਲੇਖਕ-ਲੋਕ ਵੱਖ-ਵੱਖ ਨਾਂਵਾਂ ਤੇ ਸਾਹਿਤਕ ਤਖੱਲਸਾਂ ਨਾਲ ਯਾਦ ਕਰਦੇ ਹਨ, ਕੋਈ ਉਨ੍ਹਾਂ ਨੂੰ 'ਹਾਸ਼ਮ ਦੀ ਸੱਸੀ ਵਾਲੇ ਹਰਨਾਮ ਸਿੰਘ ਸ਼ਾਨ' ਕਹਿ ਸਤਿਕਾਰ ਭੇਟ ਕਰਦਾ ਹੈ ਤੇ ਕੋਈ 'ਸਾਹਿਤ ਦੇ ਨਿਰੰਤਰ ਵਹਿੰਦੇ ਦਰਿਆ' ਦੇ ਨਾਂ ਨਾਲ ਯਾਦ ਕਰ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਕਿਸੇ ਨੇ ਉਨ੍ਹਾਂ ਨੂੰ 'ਸੁਘੜ ਵਿਦਵਾਨ, ਸੁਹਿਰਦ ਮਨੁੱਖ, ਮਿਹਨਤ, ਸਿਰੜ ਅਤੇ ਖੋਜ ਦੀ ਯਾਤਰਾ 'ਤੇ ਤੁਰੇ ਰਹਿਣ' ਦਾ ਨਾਂ ਦਿੱਤਾ ਤੇ ਕਿਸੇ ਨੇ ਉਨ੍ਹਾਂ ਨੂੰ 'ਪੰਜਾਬ, ਪੰਜਾਬੀ ਤੇ ਸਿੱਖੀ ਦੇ ਇਕ ਸਮਰਪਿਤ ਸੇਵਕ, ਲੇਖਕ, ਵਕਤਾ ਤੇ ਗ਼ੈਰ ਸਰਕਾਰੀ ਸਫੀਰ' ਕਹਿ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਰੂਪਮਾਨ ਕਰਨ ਦਾ ਯਤਨ ਕੀਤਾ।

ਡਾ. ਹਰਨਾਮ ਸਿੰਘ ਸ਼ਾਨ ਨੂੰ ਜੀਵਨ-ਕਾਲ ਵਿਚ ਸ਼੍ਰੋਮਣੀ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਪੰਜਾਬ ਸਰਕਾਰ, ਭਾਸ਼ਾ ਵਿਭਾਗ, ਪੰਜਾਬੀ ਸਾਹਿਤ ਅਕਾਦਮੀ ਦਿੱਲੀ, ਵੱਖ-ਵੱਖ ਯੂਨੀਵਰਸਿਟੀਆਂ ਸੰਗਠਨਾਂ

(ਬਾਕੀ ਸਫ਼ਾ ੮੨ 'ਤੇ)

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ

ਆਪਣਾ ਮੂਲ ਪਛਾਣ...

*-ਸ. ਬਲਵਿੰਦਰ ਸਿੰਘ 'ਜੌੜਾ ਸਿੰਘਾ'**

ਮਨੁੱਖ ਮੂਰਖ ਮਨ ਦੇ ਢਾਹੇ ਚੜ੍ਹ ਕੇ ਆਪਣੇ ਮੂਲ ਨੂੰ ਪਛਾਣਨ ਤੋਂ ਅਸਮਰੱਥ ਹੋ ਜਾਂਦਾ ਹੈ ਪਰ ਜਦੋਂ ਉਹ ਸਤਿਗੁਰੂ ਦੀ ਸ਼ਰਨ ਆਉਂਦਾ ਹੈ ਤਾਂ ਸਤਿਗੁਰ ਜੀ ਦੇ ਗਿਆਨ ਨੂੰ ਵੀਚਾਰ ਕੇ ਬਖਸ਼ੇ ਹੋਏ ਨਾਮ ਦਾ ਦਿਨ ਰਾਤ ਜਾਪ ਕਰ ਕੇ ਆਪਾ ਸੁਆਰ ਲੈਂਦਾ ਹੈ। ਐਸੀ ਹੀ ਇਕ ਬਾਬਾਣੀ ਕਹਾਣੀ ਧੰਨ ਗੁਰੂ ਰਾਮਦਾਸ ਜੀ ਦੇ ਵੇਲੇ ਦੀ ਮਿਲਦੀ ਹੈ।

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਦਰਬਾਰ ਲੱਗਾ ਹੋਇਆ ਸੀ। ਸਿੱਖ ਸੇਵਕ ਸਤਿਗੁਰ ਜੀ ਪਾਸੋਂ ਬਰਕਤਾਂ ਦੀਆਂ ਝੋਲੀਆਂ ਭਰ ਰਹੇ ਸਨ। ਉਹ ਆਪਣਾ ਤੇ ਆਪਣੇ ਕੁਟੰਬ ਦਾ ਪਾਰ ਉਤਾਰਾ ਕਰਵਾਉਣ ਲਈ ਉਪਦੇਸ਼ ਪਾ ਰਹੇ ਸਨ। ਭਾਈ ਮਹਾਂਨੰਦ ਤੇ ਭਾਈ ਬਿਧੀ ਚੰਦ ਦੋਵੇਂ ਜਣੇ ਗੁਰੂ ਸਾਹਿਬ ਦੇ ਦਰਬਾਰ ਵਿਚ ਆਏ ਤੇ ਸਤਿਗੁਰ ਜੀ ਨੂੰ ਨਮਸਕਾਰ ਕਰ ਮੱਥਾ ਟੇਕ ਕੇ, ਹੱਥ ਜੋੜ ਸਨਮੁਖ ਖਲੋ ਗਏ ਤੇ ਬੇਨਤੀ ਕੀਤੀ 'ਹੇ ਸਤਿਗੁਰ ਜੀ! ਆਪ ਜੀ ਦੀ ਸ਼ਰਨ ਆਏ ਹਾਂ, ਸਾਨੂੰ ਜਨਮ-ਮਰਨ ਦਾ ਡਰ ਖਾ ਰਿਹਾ ਹੈ। ਅਨੇਕਾਂ ਵਾਰ ਜਨਮੇ ਤੇ ਮਰੇ ਹਾਂ। ਮੋਹ ਤੇ ਈਰਖਾ ਦੇ ਵੱਸ ਹੋ ਕੇ ਮੁੜ-ਮੁੜ ਜੂਨੀਆਂ 'ਚ ਪਏ ਹਾਂ। ਇਹ ਜੋ ਦੁੱਖਾਂ ਵਾਲਾ ਗੇੜ ਹੈ, ਹੇ ਸਤਿਗੁਰ ਜੀ, ਹੁਣ ਕਿਰਪਾ ਕਰੋ ਤਾਂ ਜੋ ਅਸੀਂ ਸ੍ਰੇਸ਼ਟ ਮੁਕਤੀ ਨੂੰ ਪ੍ਰਾਪਤ ਕਰ ਲਈਏ':

ਹਾਥ ਜੋਰ ਕਰਿ ਥਿਰੇ ਅਗਾਰੀ। ਸੁਖ ਗਰਜੀ ਨਿਜ ਅਰਜ਼ ਗੁਜ਼ਾਰੀ।
ਜਨਮ ਮਰਨ ਕੋ ਤ੍ਰਾਸ ਹਮਾਰੇ। ਭ੍ਰਮਣ ਮਿਟਾਵਹੁ ਜੇ ਦੁਖਵਾਰੇ॥੨॥
ਜਨਮ ਅਨੇਕ ਧਰੇ ਪੁਨ ਮਰੇ। ਰਾਗ ਦ੍ਵੈਸ਼ ਬਸਿ ਜੂਨਨਿ ਪਰੇ।
ਅਬ ਚਲਿ ਆਏ ਸ਼ਰਨਿ ਤੁਮਾਰੀ। ਕਰਹਿ ਕ੍ਰਿਪਾ ਸੁਗਤਿ ਹਮਾਰੀ॥੩॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅਧਿ: ੧੮)

ਦੋਨਾਂ ਦੀ ਬੇਨਤੀ ਸੁਣ ਕੇ ਦਯਾ ਦੀ ਮੂਰਤ, ਭੁੱਲੇ-ਭਟਕੇ ਸੰਸਾਰੀ ਜੀਵਾਂ ਨੂੰ ਗੁਰੂ ਦੀ ਮੱਤ ਗ੍ਰਹਿਣ ਕਰਾ ਕੇ ਨਿਰੰਕਾਰ ਨਾਲ ਜੋੜਨ ਵਾਲੇ ਸਤਿਗੁਰ ਜੀ ਨੇ ਦਯਾ-ਦ੍ਰਿਸ਼ਟੀ ਕਰਦਿਆਂ ਭਾਈ ਮਹਾਂਨੰਦ ਤੇ ਭਾਈ ਬਿਧੀ ਚੰਦ ਨੂੰ ਉਪਦੇਸ਼ ਦਿੰਦਿਆਂ ਬਚਨ ਕੀਤਾ, 'ਹੇ ਭਾਈ, ਤੁਸੀਂ ਆਪਣੇ ਸਰੂਪ ਨੂੰ ਪਛਾਣੋ, ਜੇ ਤੁਹਾਨੂੰ ਆਪਣੇ ਸਰੂਪ ਦੀ ਪਛਾਣ ਹੋ ਗਈ ਤਾਂ ਤੁਹਾਡਾ ਜਨਮ-ਮਰਨ ਕੱਟਿਆ ਜਾਵੇਗਾ':

ਸੁਨਿ ਸ੍ਰੀ ਰਾਮਦਾਸ ਕਰਿ ਕਰੁਨਾ। ਸ਼ੁਭ ਉਪਦੇਸ਼ ਤਿਨਹੁ ਪ੍ਰਤਿ ਬਰਨਾ।
'ਅਪਨੋ ਜਬਹਿ ਸਰੂਪ ਪਛਾਨ੍ਹੁ। ਜਨਮ ਮਰਨ ਤਬ ਬੰਧਨ ਹਾਨੁਹੁ॥੪॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅਧਿ: ੧੮)

ਭਾਈ ਮਹਾਂਨੰਦ ਤੇ ਭਾਈ ਬਿਧੀ ਚੰਦ ਨੇ ਹੱਥ ਜੋੜਦਿਆਂ ਕਿਹਾ 'ਸਤਿਗੁਰ ਜੀ, ਅਸੀਂ ਤਾਂ ਆਪਣੇ ਸਰੂਪ ਬਾਰੇ ਇਹੀ ਜਾਣਦੇ ਹਾਂ ਕਿ ਅਸੀਂ ਖੱਤਰੀ ਹਾਂ, ਖੱਤਰੀਆਂ

---

* *ਮੀਤ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੮੧੪੮-੯੮੨੧੨*

ਦੇ ਪੁੱਤਰ ਹਾਂ। ਪਹਿਲਾਂ ਬਾਲਕ ਉਮਰ ਧਾਰਨ ਕੀਤੀ ਫਿਰ ਜਵਾਨ ਹੋ ਬਲ ਭਰਪੂਰ ਹੋ ਗਏ, ਬਸ! ਇਹੀ ਸਾਡਾ ਸਰੂਪ ਹੈ ਅਤੇ ਅਸੀਂ ਇਹੀ ਜਾਣਦੇ ਹਾਂ।' ਸਤਿਗੁਰਾਂ ਨੇ ਬਚਨ ਕੀਤਾ 'ਹੇ ਭਾਈ! ਇਹ ਤੁਹਾਡਾ ਸਰੀਰ ਤਾਂ ਮਾਤਾ-ਪਿਤਾ ਨੇ ਧਾਰਨ ਕਰਵਾਇਆ ਹੈ। ਜਾਤ ਤੇ ਨਾਮ ਉਨ੍ਹਾਂ ਨੇ ਹੀ ਰੱਖੇ ਹਨ। ਉਨ੍ਹਾਂ ਨੇ ਹੀ ਆਪਣੀ ਮੱਤ ਅਨੁਸਾਰ ਕਾਰ-ਵਿਹਾਰ ਦੀ ਵਿਧੀ ਦੱਸੀ ਹੈ ਪਰ ਤੁਸੀਂ ਤਾਂ ਇਹ ਸਰੀਰ ਧਾਰਨ ਕਰਨ ਤੋਂ ਪਹਿਲਾਂ ਵੀ ਸੀ ਤੇ ਪੂਰਬਲੇ ਉਸ ਸਰੀਰ ਦੇ ਕੀਤੇ ਹੋਏ ਕਰਮਾਂ ਦੇ ਫ਼ਲ ਪ੍ਰਾਪਤ ਕੀਤੇ ਹਨ। ਬੁਰੇ-ਭਲੇ ਕਰਮ ਜੋ ਪਹਿਲਾਂ ਹੀ ਕੀਤੇ ਸਨ, ਅਨੁਸਾਰ ਹੀ ਦੁਖ-ਸੁਖ ਭੋਗਿਆ ਹੈ। ਇਸ ਸਰੀਰ ਨੂੰ ਛੱਡ ਕੇ ਨਵਾਂ ਤਨ ਧਾਰਨ ਕਰੋਗੇ ਫਿਰ ਜਿਸ ਤਰ੍ਹਾਂ ਦੇ ਕੰਮ ਕਰੋਗੇ ਉਹੋ ਜਿਹੇ ਹੀ ਉੱਥੇ ਫਲ ਭੋਗੋਗੇ ਭਾਵ ਕਿ ਤੁਸੀਂ ਇਸ ਸਰੀਰ ਨੂੰ ਧਾਰਨ ਕਰਨ ਤੋਂ ਪਹਿਲਾਂ ਵੀ ਮੌਜੂਦ ਸੀ ਤੇ ਸਰੀਰ ਨੂੰ ਛੱਡ ਜਾਣ ਤੋਂ ਪਿੱਛੋਂ ਵੀ ਕਾਇਮ ਰਹੋਗੇ। ਜਦੋਂ ਤੁਸੀਂ ਇਸ ਸਰੀਰ ਤੋਂ ਪਹਿਲਾਂ ਵੀ ਸੀ ਅਤੇ ਬਾਅਦ ਵਿਚ ਵੀ ਰਹੋਗੇ ਤੁਸੀਂ ਆਪਣੇ ਤਨ ਦੇ ਸਰੂਪ ਨੂੰ ਕਿਵੇਂ ਵੇਖ ਲਿਆ? ਇਹ ਸਰੀਰ ਤਾਂ ਇਕ ਕੱਪੜੇ ਦੀ ਤਰ੍ਹਾਂ ਹੈ ਅਤੇ ਝੂਠਾ ਹੈ। ਪੁਰਾਣਾ ਹੋਣ 'ਤੇ ਖਤਮ ਹੋ ਜਾਂਦਾ ਹੈ। ਇਸ ਲਈ ਜੋ ਤਨ ਰੂਪੀ ਕੱਪੜਾ ਤੁਸੀਂ ਆਤਮਾ 'ਤੇ ਪਹਿਨਦੇ ਹੋ, ਉਸ ਆਤਮਾ ਦੇ ਸਰੂਪ ਨੂੰ ਆਪਣਾ ਸਰੂਪ ਜਾਣੋ। ਇਸ ਸਰੂਪ ਨੂੰ ਨਾ ਜਲ ਡੋਬ ਸਕਦਾ ਹੈ, ਨਾ ਅੱਗ ਜਲਾ ਸਕਦੀ ਹੈ। ਇਹ ਨਾ ਮਰਦਾ ਹੈ ਨਾ ਹੀ ਮਾਰਿਆ ਜਾ ਸਕਦਾ ਹੈ।' ਪਾਤਸ਼ਾਹ ਜੀ ਨੇ ਅੱਗੇ ਹੋਰ ਬਚਨ ਕਰਦਿਆਂ ਕਿਹਾ, 'ਇਹ ਸਰੀਰ ਝੂਠਾ ਹੈ ਤੇ ਆਤਮਾ ਦਾ ਸਰੂਪ ਸੱਚਾ ਹੈ। 'ਇਹ ਸਰੀਰ ਜੜ੍ਹ ਹੈ ਤੇ ਆਤਮਾ ਚੇਤਨ ਹੈ। ਦੁੱਖ ਸਰੀਰ ਨੂੰ ਹੁੰਦਾ ਹੈ ਤੇ ਆਤਮਾ ਦਾ ਸਰੂਪ ਸਦਾ ਅਨੰਦ ਵਾਲਾ ਹੈ। ਇਸ ਲਈ ਹਿਰਦੇ ਵਿਚ ਆਤਮਾ ਭਾਵ ਨਿੱਜ ਸਰੂਪ ਬਾਰੇ ਪੱਕਾ ਨਿਸ਼ਚਾ ਧਾਰੋ।' ਸਤਿਗੁਰਾਂ ਦੇ ਬਚਨਾਂ ਨੂੰ ਦੋਨੋਂ ਚਿਤ ਲਾ ਕੇ ਸੁਣ ਰਹੇ ਸਨ। ਫਿਰ ਉਨ੍ਹਾਂ ਬੇਨਤੀ ਕੀਤੀ, 'ਸਤਿਗੁਰ ਜੀਉ! ਅਸਾਂ ਨੂੰ ਇਸ ਤਰ੍ਹਾਂ ਦੇ ਸਾਡੇ ਸਰੂਪ ਦਾ ਪ੍ਰਕਾਸ਼ ਕਿਵੇਂ ਹੋਵੇਗਾ? ਸਰੀਰ ਦਾ ਹੰਕਾਰ ਛੱਡ ਕੇ ਕਿਵੇਂ ਉਸ ਸਰੂਪ ਵਿਚ ਆਪਣੇ ਆਪ ਨੂੰ ਧਾਰਨ ਕਰੀਏ ਤੇ ਆਪਣੇ ਸਰੂਪ ਦੀ ਪਛਾਣ ਕਰੀਏ? ਸਤਿਗੁਰਾਂ ਨੇ ਉਪਦੇਸ਼ ਕੀਤਾ, 'ਹੇ ਭਾਈ! ਮਨ ਲਾ ਕੇ ਸਤਿਸੰਗਤ ਕਰਿਆ ਕਰੋ। ਨੇਮ ਨਾਲ ਕੰਨ ਲਾ ਕੇ ਕਥਾ ਸੁਣੋ। ਗੁਰੂ ਜੀ ਦੇ ਸਿੱਖਾਂ ਦੀ ਪਿਆਰ ਨਾਲ ਸੇਵਾ ਕਰਿਆ ਕਰੋ। ਸਤਿਗੁਰ ਜੀ ਦੀ ਬਾਣੀ ਦੀ ਵਿਚਾਰ ਕਰਨੀ ਹੈ। ਬਾਣੀ ਨਾਲ ਪ੍ਰੀਤ ਲਾ ਕੇ ਅਰਥ ਸਮਝਣੇ ਹਨ। ਗੁਰਬਾਣੀ ਮੁਤਾਬਕ ਆਪਣੇ ਹਿਰਦੇ ਨੂੰ ਤੋਲਣਾ ਹੈ ਅਤੇ ਦੁਖ-ਸੁਖ ਦੀ ਹਾਲਤ ਵਿਚ ਡੋਲਣਾ ਨਹੀਂ। ਤੁਹਾਡੀ ਪ੍ਰੀਤ ਜਾਣ ਕੇ ਅਸੀਂ ਇਹ ਬਚਨ ਕਹੇ ਹਨ। ਜੇਕਰ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਤੁਸੀਂ ਆਪਣੇ ਨਿੱਜ ਸਰੂਪ ਨੂੰ ਜਾਣ ਲਵੋਗੇ।' ਭਾਈ ਸੰਤੋਖ ਸਿੰਘ ਜੀ ਨੇ ਇਸ ਬਾਬਤ ਇਸ ਤਰ੍ਹਾਂ ਉਲੇਖ ਕੀਤਾ ਹੈ:

ਤਬ ਸਾਹਿਬ ਨੇ ਕਹਯੋ ਸੁਨਾਈ। 'ਸਤਿ ਸੰਗਤਿ ਕੀਜਹਿ ਚਿਤ ਲਾਈ।
ਕਥਾ ਨੇਮ ਤੇ ਸੁਨੀਅਹਿ ਕਾਨ। ਗੁਰ ਸਿੱਖਨ ਸੇਵਹੁ ਹਿਤ ਠਾਨ॥੧੪॥
ਕਰਹੁ ਬਿਚਾਰਨ ਸਤਿਗੁਰ ਬਾਨੀ। ਅਰਥ ਲਖਹੁ ਕਰਿ ਪ੍ਰੀਤ ਮਹਾਂਨੀ।
ਤਿਸ ਕੇ ਸਾਥ ਰਿਦਾ ਨਿਜ ਤੋਲਹੁ। ਦੁਖ ਸੁਖ ਬਿਖੈ ਕਬਹੂੰ ਨ ਡੋਲਹੁ॥੧੫॥

ਤੁਮਰੀ ਪ੍ਰੀਤਿ ਜਾਨ ਬਚ ਕਹੇ। ਇਮ ਜੇ ਕਰਹੁ ਰੂਪ ਨਿਜ ਲਹੇ।
ਇਮ ਸਤਿਗੁਰ ਕੋ ਸੁਨਿ ਉਪਦੇਸ਼। ਕਰਨ ਲਗੇ ਤਿਮ ਕਾਰ ਹਮੇਸ਼॥੧੬॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅਧਿ: ੧੮)

ਇਉਂ ਸਤਿਗੁਰ ਜੀ ਦਾ ਉਪਦੇਸ਼ ਧਾਰਨ ਕਰ ਕੇ ਭਾਈ ਮਹਾਂਨੰਦ ਤੇ ਭਾਈ ਬਿਧੀ ਚੰਦ ਸਤਿਗੁਰ ਜੀ ਦੇ ਬਚਨਾਂ ਅਨੁਸਾਰ ਜੀਵਨ ਦੀ ਕਾਰ ਕਰਨ ਲੱਗੇ। ਸੁਭਾਗਾ ਸਮਾਂ ਆਇਆ ਤੇ ਉਨ੍ਹਾਂ ਨੂੰ ਆਪਣੇ ਸਰੂਪ ਦਾ ਗਿਆਨ ਹੋ ਗਿਆ। ਕਰਮਾਂ ਦੇ ਸਾਰੇ ਬੰਧਨਾਂ ਤੋਂ ਉਹ ਅਜ਼ਾਦ ਹੋ ਗਏ ਅਤੇ ਗੁਰਸਿੱਖੀ ਦੀ ਪਦਵੀ ਪ੍ਰਾਪਤ ਕੀਤੀ। ਅੰਤ ਸਮੇਂ ਗੁਰੂ-ਜੋਤ ਵਿਚ ਸਮਾ ਗਏ:

ਸਮਾ ਪਾਇ ਹੋਯਹੁ ਨਿਜ ਗਯਾਨ। ਕੀਨੇ ਕਰਮ ਬੰਧ ਗਨ ਹਾਨ।
ਗੁਰ ਸਿੱਖਨ ਕੀ ਪਦਵੀ ਪਾਈ। ਅੰਤ ਕਾਲ ਗੁਰ ਲੀਨ ਮਿਲਾਈ॥੧੭॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅਧਿ: ੧੮)

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਭਾਈ ਮਹਾਂਨੰਦ ਤੇ ਭਾਈ ਬਿਧੀ ਚੰਦ ਨੂੰ 'ਮਹਾਂ ਪੁਰਖ' ਅਤੇ 'ਸ਼ੇ੍ਸਟ ਬੁੱਧੀਵਾਲੇ ਤੇ ਵਿਚਾਰਵਾਨ ਸਿੱਖ' ਕਹਿ ਕੇ ਸਤਿਕਾਰ ਦਿੱਤਾ ਹੈ:

ਮਹਾਂ ਪੁਰਖੁ ਹੈ ਮਹਾਨੰਦੁ ਬਿਧੀ ਚੰਦ ਬੁਧਿ ਬਿਮਲ ਵੀਚਾਰਾ। (ਵਾਰ ੧੧-੧੭-੪)

■

....ਡਾ. ਹਰਨਾਮ ਸਿੰਘ ਸ਼ਾਨ

(ਸਫ਼ਾ ੭੯ ਦਾ ਬਾਕੀ ਹਿੱਸਾ)

ਤੇ ਸੰਸਥਾਵਾਂ ਨੇ ਸਮੇਂ-ਸਮੇਂ ਸਨਮਾਨ ਤੇ ਸਤਿਕਾਰ ਦੇ ਕੇ ਆਪਣੇ ਫਰਜ਼ਾਂ ਦੀ ਪੂਰਤੀ ਕੀਤੀ। ਸਾਹਿਤ-ਖੇਤਰ ਦੀਆਂ ਸਾਰੀਆਂ ਹੀ ਸਰਵਉੱਚ ਡਿਗਰੀਆਂ, ਉਪਾਧੀਆਂ, ਪਦਵੀਆਂ ਤੇ ਸਨਮਾਨ ਡਾ: ਹਰਨਾਮ ਸਿੰਘ ਸ਼ਾਨ ਨੂੰ ਪ੍ਰਾਪਤ ਹੋਏ, ਜਿਨ੍ਹਾਂ ਦੇ ਉਹ ਹੱਕਦਾਰ ਸਨ।

ਜਥੇਦਾਰ ਅਵਤਾਰ ਸਿੰਘ ਪ੍ਰਧਾਨ, ਸ਼੍ਰੋਮਣੀ ਗੁ:ਪ੍ਰ:ਕਮੇਟੀ ਨੇ ਅੰਤ੍ਰਿੰਗ ਕਮੇਟੀ ਦੇ ਮਤਾ ਨੰ: ੮੦੦/੧੬ ਅਕਤੂਬਰ, ੨੦੧੦ ਰਾਹੀਂ ਡਾ. ਹਰਨਾਮ ਸਿੰਘ ਸ਼ਾਨ ਨੂੰ ਸਿੱਖਾਂ ਦੇ ਸਰਵਉੱਚ ਅਸਥਾਨ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਸਿੱਖ ਸਾਹਿਤਕਾਰ ਦਾ ਸਨਮਾਨ-ਸਤਿਕਾਰ ਦੇਣ ਦੀ ਸਿਫਾਰਸ਼ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕੀਤੀ। ੩੦ ਮਈ, ੨੦੧੧ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਮੇਂ ਡਾ. ਸ਼ਾਨ ਨੂੰ ਇਹ ਸਨਮਾਨ ਦੇਣ ਦੀ ਪ੍ਰਵਾਨਗੀ ਦਿੱਤੀ ਗਈ। ਪਰ ਰੱਬੀ ਰਜ਼ਾ ਅਨੁਸਾਰ ਡਾ. ਸ਼ਾਨ ੯ ਜੂਨ, ੨੦੧੧ ਨੂੰ ਸਰੀਰਿਕ ਰੂਪ ਵਿਚ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ। ਇਹ ਡਾ. ਸ਼ਾਨ ਦੀ ਸਰੀਰਿਕ ਮੌਤ ਹੈ ਕਿਉਂਕਿ ਸਾਹਿਤ ਤੇ ਸਾਹਿਤਕਾਰ ਸਦ-ਜੀਵਤ ਹਨ। ਗੁਰਮਤਿ ਤੇ ਪੰਜਾਬੀ ਸਾਹਿਤ-ਪ੍ਰੇਮੀਆਂ ਵਾਸਤੇ ਉਹ ਹਮੇਸ਼ਾਂ ਪ੍ਰੇਰਨਾ ਸਰੋਤ ਰਹੇ ਤੇ ਰਹਿਣਗੇ, ਇਹ ਸਾਡੀ ਕਾਮਨਾ ਹੈ। ■

ਗਾਗਰ 'ਚ ਸਾਗਰ-੬

ਚਿੰਤਾ ਦਾ ਇਲਾਜ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

ਚਿੰਤਤ ਹੀ ਦੀਸੈ ਸਭੁ ਕੋਇ॥
ਚੇਤਹਿ ਏਕੁ ਤਹੀ ਸੁਖੁ ਹੋਇ॥ *(ਪੰਨਾ ੯੩੨)*

ਇਸ ਦੁਨੀਆਂ ਵਿਚ ਹਰ ਇਨਸਾਨ ਕਿਸੇ ਨਾ ਕਿਸੇ ਚਿੰਤਾ ਵਿਚ ਗ੍ਰਸਤ ਹੈ। ਸਭ ਤੋਂ ਵੱਡੀ ਗੱਲ ਕਿ ਚਿੰਤਾ ਅੱਜ ਵਿਸ਼ਵ ਪੱਧਰ ਦਾ ਭਿਆਨਕ ਰੋਗ ਹੈ। ਭਾਵੇਂ ਇਹ ਮਨੁੱਖ ਦੇ ਵਿਕਾਸ ਦਾ ਆਧਾਰ ਵੀ ਹੈ ਕਿ ਉਹ ਕਿਸੇ ਕਾਰਜ ਨੂੰ ਨੇਪਰੇ ਚਾੜ੍ਹਨ ਵਾਸਤੇ ਕਿੰਨੀ ਕੁ ਚਿੰਤਾ ਜਾਂ ਚਿੰਤਨ ਕਰਦਾ ਹੈ, ਪਰ ਇਸ ਚਿੰਤਾ ਜਾਂ ਚਿੰਤਨ ਦੀ ਇਕ ਸੀਮਾ ਹੁੰਦੀ ਹੈ। ਕਿਸੇ ਵੀ ਪੱਖੋਂ ਜਦ ਮਨੁੱਖ ਕੋਈ ਸੀਮਾ ਪਾਰ ਕਰ ਜਾਂਦਾ ਹੈ ਤਾਂ ਉਹ ਉਸ ਲਈ ਘਾਤਕ ਸਿੱਧ ਹੁੰਦੀ ਹੈ। ਗੁਰੂ ਸਾਹਿਬ ਨੇ ਜੀਵਨ ਦਾ ਤੱਤਸਾਰ ਦਿੰਦਿਆਂ ਫੁਰਮਾਇਆ ਕਿ 'ਨਾਨਕ ਦੁਖੀਆ ਸਭੁ ਸੰਸਾਰੁ'। ਜੇਕਰ ਗ਼ਰੀਬ ਨੂੰ ਧਨ ਕਮਾਉਣ ਦੀ ਚਿੰਤਾ ਹੈ ਤਾਂ ਅਮੀਰ ਨੂੰ ਧਨ ਸਾਂਭਣ ਦੀ ਹੈ। ਕਿਸੇ ਦੇ ਔਲਾਦ ਕੋਈ ਨਹੀਂ, ਪਰ ਕੋਈ ਔਲਾਦ ਤੋਂ ਹੀ ਦੁਖੀ ਹੈ। ਕੋਈ ਭੁੱਖ ਕਰਕੇ ਬੀਮਾਰ ਹੈ ਤੇ ਕੋਈ ਵੱਧ ਖਾ ਕੇ ਬੀਮਾਰ ਹੈ। ਇਸ ਤੋਂ ਇਲਾਵਾ ਆਪਣੀ ਬੌਣੀ ਸੋਚ ਕਰਕੇ ਸਮਾਜ ਜ਼ਿਆਦਾ ਚਿੰਤਾ ਰੋਗ ਵਿਚ ਹੈ। ਅੰਕੜੇ ਦੱਸਦੇ ਹਨ ਕਿ ਇਕੱਲੇ ਪੰਜਾਬ ਵਿਚ ਹੀ ਚਾਲੀ ਲੱਖ ਲੋਕ ਮਾਨਸਿਕ ਰੋਗੀ ਹਨ। ਮਾਨਸਿਕ ਰੋਗੀ ਦਾ ਰੋਗ ਬਹੁਤਾ ਕਰਕੇ ਮਨ ਦੀ ਨਾਂਹਵਾਚੀ ਸੋਚ ਜਾਂ ਚਿੰਤਾ ਨਾਲ ਹੀ ਸੰਬੰਧਿਤ ਹੁੰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੋ ਪੰਕਤੀਆਂ ਵਿਚ ਇਕ ਸਵਾਲ ਤੇ ਦੂਜੇ ਵਿਚ ਜਵਾਬ ਦਿੱਤਾ ਹੈ ਕਿ ਇਸ ਸੰਸਾਰ ਵਿਚ ਹਰ ਕੋਈ ਚਿੰਤਾਗ੍ਰਸਤ ਹੀ ਨਜ਼ਰ ਆ ਰਿਹਾ ਹੈ। ਹੁਣ ਇਸ ਚਿੰਤਾ ਰੋਗ ਦਾ ਇਲਾਜ ਕੀ ਹੋਵੇ? ਦੂਜੀ ਪੰਕਤੀ ਵਿਚ ਉੱਤਰ ਹੈ ਕਿ ਉਸ ਪਰਮਾਤਮਾ ਨੂੰ ਚੇਤੇ ਵਿਚ ਰੱਖਣਾ ਭਾਵ ਨਾਮ ਸਿਮਰਨਾ ਹੀ ਮਨੁੱਖ ਨੂੰ ਸੁਖ ਪ੍ਰਦਾਨ ਕਰ ਸਕਦਾ ਹੈ। ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ ਸਿੱਖੀ ਸਿਧਾਂਤ ਹੈ ਪਰ ਜਦ ਸਾਡੀਆਂ ਦੌੜਾਂ, ਹੀਲੇ-ਵਸੀਲੇ ਤੇ ਮਨੁੱਖੀ ਸ਼ਕਤੀ ਦੀ ਸੀਮਾ ਖ਼ਤਮ ਹੋ ਜਾਂਦੀ ਹੈ ਤਾਂ ਉਸ ਕਰਤੇ ਦੀ ਰਜ਼ਾ ਜਾਂ ਭਾਣੇ 'ਚ ਰਹਿਣਾ ਚਿੰਤਾਮੁਕਤ ਹੋਣਾ ਹੈ। ਇਸ ਤਰ੍ਹਾਂ ਆਪੇ ਦੀ ਤੁੱਛਤਾ ਤੇ ਉਸ ਦੀ ਵਡਿੱਤਣ ਦਾ ਗਿਆਨ ਹੁੰਦਾ ਹੈ। ਕੁਝ ਨਿਯਮ ਕਾਦਰ ਦੀ ਕੁਦਰਤ ਦਾ ਵਰਤਾਰਾ ਹੈ ਜਿਵੇਂ ਦਿਨ-ਰਾਤ, ਦੁਖ-ਸੁਖ, ਪੱਤਝੜ-ਬਹਾਰ, ਜਵਾਨੀ-ਬੁਢਾਪਾ, ਜੀਵਨ-ਮੌਤ, ਰੋਗ-ਅਰੋਗ, ਖੁਸ਼ੀ-ਗ਼ਮੀ ਆਦਿ। ਗੁਰੂ ਸਾਹਿਬ ਨੇ ਜੋ ਤੱਤਸਾਰ ਦਿੱਤਾ ਹੈ ਕਿ ਹੁਕਮ ਰਜਾਈ ਚਲਣਾ ਇਸ ਦੇ ਅਨੁਸਾਰ ਸਾਨੂੰ ਇਹੀ ਰਸਤਾ ਮਿਲਦਾ ਹੈ ਕਿ ਉਸ ਦੀ ਬੰਦਗੀ ਹੀ ਮਾਨਵਤਾ ਦੀ ਚਿੰਤਾ ਦਾ ਇਲਾਜ ਹੈ। ■

* *ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ: ੯੮੧੫੯-੮੫੫੫੯*

ਨਸ਼ਾ : ਵਿਨਾਸ਼ ਦੀ ਜੜ੍ਹ

*-ਬੀਬਾ ਰੁਪਿੰਦਰ ਕੌਰ**

ਸੂਰਜ ਡੁੱਬਣ ਮਗਰੋਂ ਛੁਹਾਰੇ ਵਾਲਿਆਂ ਦੇ ਘਰ ਸ਼ਰਾਬੀਆਂ ਦੀ ਗਹਿਮਾ-ਗਹਿਮ ਸੀ। ਹਨ੍ਹੇਰਾ ਹੋਣ ਦੇ ਨਾਲ-ਨਾਲ ਨਸ਼ੱਈਆਂ ਦਾ ਨਸ਼ਾ ਵੀ ਗੂੜ੍ਹਾ ਹੁੰਦਾ ਗਿਆ। ਪਹਿਲਾਂ ਇਕ ਚਾਂਗਰ, ਫਿਰ ਦੂਜੀ.... ਤੇ ਫਿਰ ਤੀਜੀ। ਜਵਾਬ ਵਿਚ ਬੱਕਰੇ ਬੁਲਾਉਂਦੇ ਹੋਏ ''ਫੜ ਲਉ'', ''ਫੜ ਲਉ'' ਦੀਆਂ ਅਵਾਜ਼ਾਂ ਨਾਲ ਚੌਗਿਰਦਾ ਗੂੰਜਿਆ। ਮਿੰਟਾਂ ਵਿਚ ਡਾਂਗਾਂ ਤੇ ਛਵ੍ਹੀਆਂ ਦੀ ਕਾਹੜ-ਕਾਹੜ ਤੇ ਗੋਲੀਆਂ ਦੀ ਠਾਹ-ਠਾਹ ਕੰਨੀਂ ਪਈ। ਡਰਾਉਣੀਆਂ ਅਵਾਜ਼ਾਂ ਕੰਨੀ ਪਈਆਂ ਅਤੇ ਪਤਾ ਲੱਗਾ ਕਿ ਨੱਥੂ ਮੱਲ ਦੇ ਦੋਵੇਂ ਗੱਭਰੂ ਪੁੱਤ ਥਾਏਂ ਹੀ ਮਾਰੇ ਗਏ। ਸ਼ਗਨਾਂ ਵਾਲੀ ਥਾਂ ਰੋਣੇ-ਪਿੱਟਣੇ ਪੈ ਗਏ। ਅਗਲੇ ਦਿਨ ਤਫਤੀਸ਼ ਕਰਨ ਆਏ ਪੁਲਸ ਅਫਸਰ ਨੂੰ ਇਕ ਸਾਊ ਬੁੱਢੇ ਨੇ ਡੁੱਲ੍ਹਦੇ ਨੈਣਾਂ ਨਾਲ ਆਖਿਆ, ''ਜਨਾਬ! ਦੁਸ਼ਮਣੀ ਤਾਂ ਕੋਈ ਨਹੀਂ ਸੀ, ਇਹ ਸਭ ਨਸ਼ੇ ਦੇ ਪੁਆੜੇ ਨੇ।''

ਨਸ਼ਾ ਜ਼ਹਿਰ ਹੈ; ਨਸ਼ਾ ਕਹਿਰ ਹੈ; ਨਸ਼ਾ ਮੌਤ ਹੈ ਅਤੇ ਨਸ਼ਾ ਵਿਨਾਸ਼ ਦਾ ਮੂਲ ਹੈ। ਨਸ਼ਾ ਸਮਾਜ ਲਈ ਘੁਣ, ਨਸ਼ਾ ਮਨੁੱਖਤਾ ਲਈ ਸਰਾਪ ਅਤੇ ਤਹਿਜ਼ੀਬ ਦਾ ਦੀਵਾਲਾ ਹੈ। ਬਾਦਸ਼ਾਹੀਆਂ ਨਸ਼ੇ ਨੇ ਖਾ ਲਈਆਂ। ਵੱਡੇ-ਵੱਡੇ ਜਾਗੀਰਦਾਰਾਂ ਦੇ ਅਮੀਰਜ਼ਾਦੇ ਅਮਲੀ ਬਣ ਕੇ, ਘਰ-ਕੁੱਲ੍ਹਾ ਵੇਚ ਕੇ, ਠੂਠਾ ਫੜੀ ਦਰ-ਦਰ ਮੰਗਦੇ ਵੇਖੇ ਗਏ। ਕਈ ਖੂਹਾਂ ਵਿਚ ਛਾਲਾਂ ਮਾਰ ਕੇ ਡੁੱਬ ਮੋਏ ਤੇ ਕਈ ਗੱਡੀਆਂ ਥੱਲੇ ਆ ਕੇ ਮਰੇ। ਦੇਸ਼-ਵਿਦੇਸ਼ ਦੇ ਵਿੱਦਿਅਕ ਮਾਹਿਰਾਂ ਨੇ ਆਪਣੇ ਸਰਵੇਖਣ ਦੁਆਰਾ ਸਾਬਤ ਕੀਤਾ ਹੈ ਕਿ ਉੱਚੀ ਵਿੱਦਿਆ ਪ੍ਰਾਪਤ ਕਰਨ ਵਾਲੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵਿਚ ਨਸ਼ਿਆਂ ਦੀ ਵਰਤੋਂ ਕਰਨ ਦਾ ਰੁਝਾਨ ਵਧ ਰਿਹਾ ਹੈ। ਐਮਬੈਸੇਡਰ ਕਾਲਜ ਟੈਕਸਸ ਕੈਲੇਫੋਰਨੀਆਂ ਦੇ ਖੋਜ ਵਿਭਾਗ ਨੇ ਕੁਝ ਸਮਾਂ ਪਹਿਲਾਂ ਇਕ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ ਜਿਸ ਵਿਚ ਦੱਸਿਆ ਗਿਆ ਸੀ ਕਿ ਨੌਜਵਾਨਾਂ ਵਿਚ ਨਸ਼ੇਖੋਰੀ, ਬਦਇਖਲਾਕੀ, ਬੇ-ਮਰਯਾਦਗੀ, ਬਗ਼ਾਵਤ ਤੇ ਹਿੰਸਾ ਤੇਜ਼ੀ ਨਾਲ ਵਧ ਰਹੇ ਹਨ। ਭੰਗ, ਹਸ਼ੀਸ਼, ਸੁਲਫਾ, ਅਫੀਮ, ਸ਼ਰਾਬ, ਐਲ.ਐਸ.ਡੀ. (ਇਕ ਨਸ਼ੀਲਾ ਤੇਜ਼ਾਬ), ਬਰਾਊਨ ਸ਼ੂਗਰ ਤੇ ਸਮੈਕ ਆਦਿਕ ਨਸ਼ਿਆਂ ਦੇ ਦਰਿਆ ਵਗ ਰਹੇ ਹਨ। ਜ਼ਿੰਦਗੀ ਦੀ ਅਸੁੰਤਸ਼ਟਤਾ ਲੁਕਾਉਣ ਲਈ ਮੁੰਡੇ-ਕੁੜੀਆਂ ਨੀਂਦ ਦੀਆਂ ਜ਼ਹਿਰਲੀਆਂ ਗੋਲੀਆਂ ਖਾਂਦੇ ਹਨ। ਲੱਗਭਗ ਤਿੰਨ ਲੱਖ ਅਮਰੀਕਨ ਨੌਜਵਾਨਾਂ ਨੇ ਪੜ੍ਹਾਈ, ਕੰਮ-ਕਾਜ ਤੇ ਮਾਪੇ ਛੱਡ ਦਿੱਤੇ ਹਨ। ਅਜਿਹੇ ਲੀਹੋਂ ਲੱਥੇ ਗੱਭਰੂ ਆਪਣੇ ਆਪ ਨੂੰ 'ਹਿੱਪੀ' ਅਖਵਾਉਂਦੇ ਹਨ। ਇਹ ਲੰਮੇ ਵਾਲ ਰੱਖਦੇ, ਅਨੋਖੇ ਕੱਪੜੇ ਪਾਉਂਦੇ, ਗਲ ਵਿਚ ਮਣਕਿਆਂ ਦੀ ਮਾਲਾ ਪਾ ਕੇ ਨੰਗੇ ਪੈਰੀਂ ਤੁਰੇ ਫਿਰਦੇ ਹਨ। ਇਨ੍ਹਾਂ ਵਿਚ ਮਹਾਂ ਮਾਰੂ ਰੋਗ ਫੈਲ ਰਹੇ ਹਨ। ਉੱਥੋਂ ਦੇ ਖੋਜੀ ਵਿਦਵਾਨਾਂ ਨੇ ਇਸ ਦੇ ਪਤਨ ਦੇ ਮੂਲ ਕਾਰਨ ਇਸ ਪ੍ਰਕਾਰ ਦੱਸੇ ਹਨ-

''ਘਰਾਂ ਵਿਚ ਜੀਵਨ ਬੇਸੁਆਦਾ ਹੈ। ਹਰ ਕੋਈ ਪੈਸੇ ਲਈ ਹਫਿਆ ਫਿਰਦਾ ਹੈ।

* *ਸਪੁੱਤਰੀ ਸ. ਬਲਰਾਜ ਸਿੰਘ, ੨੨/੨੩, ਪਿੰਡ ਨਾਨੋਹਾਰ, ਤਹਿ: ਤੇ ਜ਼ਿਲ੍ਹਾ ਗੁਰਦਾਸਪੁਰ।*

ਮਾਪਿਆਂ ਤੇ ਬੱਚਿਆਂ ਵਿਚ ਕੋਈ ਸਾਂਝ ਨਹੀਂ। ਘਰ ਨਾ-ਖੁਸ਼ ਹਨ। ਮਾਂ-ਪਿਉ ਆਪਸ ਵਿਚ ਲੜਦੇ-ਭਿੜਦੇ ਰਹਿੰਦੇ ਹਨ। ਬੱਚੇ ਕੀ ਕਰਦੇ ਹਨ, ਕੀਹਦੇ ਨਾਲ ਫਿਰਦੇ ਹਨ, ਮਾਪਿਆਂ ਨੂੰ ਕੋਈ ਚਿੰਤਾ ਨਹੀਂ। ਬੱਚੇ ਟੀ.ਵੀ. ਉੱਤੇ ਦੰਗੇ ਫ਼ਸਾਦ, ਨਜਾਇਜ਼ ਸੰਬੰਧਾਂ ਲਈ ਉਕਸਾਊ, ਨਸ਼ੇ ਉਕਸਾਊ, ਅਸ਼ਲੀਲ ਫਿਲਮਾਂ ਵੇਖਦੇ ਹਨ ਤੇ ਸਮਾਜ ਦਿਨੋ-ਦਿਨ ਨਿੱਘਰਦਾ ਜਾ ਰਿਹਾ ਹੈ। ਇਹ ਤਸਵੀਰ ਅਮੀਰੀ ਦੀ ਸਿਖਰ 'ਤੇ ਅਪੜੀ ਮਹਾਂ ਸ਼ਕਤੀ ਅਮਰੀਕਾ ਦੀ ਹੈ।

ਆਪਣੇ ਦੇਸ਼ ਦੀ ਅਮਨ ਕਾਨੂੰਨ ਪੱਖੋਂ ਹਾਲਤ ਕਾਫੀ ਨਾਜ਼ੁਕ ਹੈ। ਭ੍ਰਿਸ਼ਟਾਚਾਰ, ਵੱਢੀ-ਖੋਰੀ, ਬਲੈਕ, ਸਮਗਲਿੰਗ ਆਦਿ ਦੀਆਂ ਪੌਂ-ਬਾਰਾਂ ਹਨ। ਸਰਮਾਏਦਾਰੀ ਵਧ-ਫੁਲ ਤੇ ਪਸਰ ਰਹੀ ਹੈ। ਸਮੁੱਚੇ ਦੇਸ਼ ਵਿਚ ਅਤੇ ਖਾਸ ਕਰਕੇ ਪੰਜ ਦਰਿਆਵਾਂ ਦੀ ਧਰਤੀ-ਪੰਜਾਬ ਵਿਚ ਹੁਣ ਛੇਵਾਂ ਦਰਿਆ ਨਸ਼ਿਆਂ ਦਾ ਵਗ ਰਿਹਾ ਹੈ। ਸਫੈਦਪੋਸ਼ ਨੇਤਾ 'ਕਾਕਟੇਲ' ਦਾਅਵਤਾਂ ਮਾਣਦੇ ਅਤੇ ਕਲੱਬਾਂ ਵਿਚ ਮੁਜਰੇ ਵੇਖਦੇ ਹਨ। ਕਿੰਨੀ ਹਾਸੋ-ਹੀਣੀ ਗੱਲ ਹੈ ਕਿ ਸਰਕਾਰੀ ਠੇਕਿਆਂ ਦੇ ਬੂਹਿਆਂ ਉੱਤੇ ਅਤੇ ਬੋਤਲਾਂ ਉੱਪਰ ਲਿਖਿਆ ਹੈ ਕਿ 'ਸ਼ਰਾਬ ਪੀਣਾ ਸਿਹਤ ਲਈ ਹਾਨੀਕਾਰਕ ਹੈ' ਪਰ ਜੇਕਰ ਪ੍ਰਬੰਧਕਾਂ ਨੂੰ ਇਸ ਦਾ ਪਤਾ ਹੈ ਤਾਂ ਫਿਰ ਸ਼ਰਾਬ ਦੇ ਠੇਕੇ ਕਿਉਂ ਖੋਲ੍ਹੇ ਗਏ ਹਨ? ਇੱਥੇ ਕੱਚ-ਘਰੜ ਡਾਕਟਰ ਨਸ਼ੇ ਛੁਡਾਉਣ ਦਾ ਖੇਖਨ ਰੱਚ ਕੇ ਨਸ਼ੀਲੇ ਕੈਪਸੂਲ ਵੇਚ ਰਹੇ ਹਨ। ਜ਼ਹਿਰੀਲੀ ਸ਼ਰਾਬ ਪੀ ਕੇ ਅਣਆਈ ਮੌਤ ਮਰਨ ਵਾਲਿਆਂ ਦੇ ਭਿਆਨਕ ਦੁਖਾਂਤ ਦੇਸ਼ ਦੇ ਵੱਡੇ ਸ਼ਹਿਰਾਂ ਬੰਬਈ, ਦਿੱਲੀ, ਅਹਿਮਦਾਬਾਦ, ਨਾਗਪੁਰ ਆਦਿ ਸ਼ਹਿਰਾਂ ਵਿਚ ਅਨੇਕਾਂ ਵਾਰ ਵਾਪਰ ਚੁੱਕੇ ਹਨ। ਡਾਕਟਰੀ ਖੋਜ ਅਨੁਸਾਰ ਸ਼ਰਾਬ ਬਲੱਡ ਪ੍ਰੈਸ਼ਰ, ਟੀ.ਬੀ. ਅਤੇ ਜਿਗਰ ਦੇ ਰੋਗ ਪੈਦਾ ਕਰਦੀ ਹੈ। ਸਿਗਰਟ-ਬੀੜੀ ਅਤੇ ਤੰਬਾਕੂ ਕੈਂਸਰ ਅਤੇ ਦਮੇ ਵਰਗੇ ਮਾਰੂ ਰੋਗਾਂ ਨੂੰ ਜਨਮ ਦਿੰਦੇ ਹਨ। ਉੱਚ ਅਦਾਲਤਾਂ ਤੇ ਵਿਦਵਾਨ ਜੱਜਾਂ ਦਾ ਮੱਤ ਹੈ ਕਿ ਸੱਤਰ ਫੀਸਦੀ ਤੋਂ ਵੀ ਵੱਧ ਜ਼ੁਰਮ ਕੇਵਲ ਨਸ਼ਿਆਂ ਦੇ ਪ੍ਰਭਾਵ ਹੇਠ ਹੀ ਹੁੰਦੇ ਹਨ।

ਗੁਰੂ ਸਾਹਿਬਾਨ ਨੇ ਸਭ ਪ੍ਰਕਾਰ ਦੇ ਨਸ਼ਿਆਂ ਤੋਂ ਬਚਣ ਦੀ ਨਿਰਮਲ ਸਿੱਖਿਆ ਦਿੱਤੀ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਫਰਮਾਨ ਹੈ:

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥ (ਪੰਨਾ ੫੫੪)

ਅਜਿਹੀ ਹੀ ਤਾੜਨਾ ਭਗਤ ਕਬੀਰ ਜੀ ਨੇ ਵੀ ਆਪਣੀ ਬਾਣੀ ਵਿਚ ਕੀਤੀ ਹੈ:

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥ (ਪੰਨਾ ੧੩੭੭)

ਡਾਕਟਰ, ਵਿਦਵਾਨ, ਦਾਰਸ਼ਨਿਕ, ਚਿੰਤਕ, ਅਧਿਆਤਮਿਕ ਨੇਤਾ, ਸੰਤ-ਮਹਾਤਮਾਂ, ਸੱਭੇ ਹੀ ਨਸ਼ੇ ਰਹਿਤ ਸਮਾਜ ਸਿਰਜਣਾ ਚਾਹੁੰਦੇ ਹਨ। ਨਸ਼ਿਆਂ ਤੋਂ ਬਚਣ ਲਈ ਸਾਨੂੰ ਇਹ ਫਾਰਮੂਲਾ ਸਦਾ ਸਾਹਮਣੇ ਰੱਖਣਾ ਚਾਹੀਦਾ ਹੈ ਕਿ-

ਅਕਾਲ ਨਸ਼ਟ	–	ਸੁੱਖਾ (ਭੰਗ)
ਧਰਮ ਨਸ਼ਟ	–	ਹੁੱਕਾ
ਦੇਹ ਨਸ਼ਟ	–	ਅਫੀਮ
ਧਨ ਨਸ਼ਟ	–	ਦਾਰੂ

ਕੋਈ ਵਿਰਲਾ ਗੁਰੂ ਦੇ ਟੱਪੇ ਨਾਲ ਚਿੱਤ ਖਲਿਆਰੂ! ■

ਪੱਗ

ਪੱਗ ਸਾਡੀ ਆਨ ਅਤੇ ਸ਼ਾਨ ਹੈ ਪੰਜਾਬੀਓ।
ਇਹ ਸਾਡੀ ਜਿੰਦ ਅਤੇ ਜਾਨ ਹੈ ਪੰਜਾਬੀਓ।
ਪੱਗ ਨਾਲ ਸਾਨੂੰ ਮਿਲ ਗਈਆਂ ਸਰਦਾਰੀਆਂ।
ਇਸ ਦੇ ਸਹਾਰੇ ਅਸੀਂ ਮੱਲਾਂ ਕਈ ਮਾਰੀਆਂ।
ਜੱਗ ਵਿਚ ਸਾਡੀ ਪਹਿਚਾਣ ਹੈ ਪੰਜਾਬੀਓ।
ਇਹ ਸਾਡੀ ਜਿੰਦ...
ਪੀਰਾਂ ਤੇ ਫਕੀਰਾਂ ਸਰਦਾਰਾਂ ਸਿਰ ਸੱਜਦੀ।
ਸਾਰੇ ਸੰਸਾਰ ਵਿਚ ਗੱਲ ਹੁੰਦੀ ਪੱਗ ਦੀ।
ਚੜ੍ਹਦੀ ਕਲਾ ਦਾ ਨਿਸ਼ਾਨ ਹੈ ਪੰਜਾਬੀਓ।
ਇਹ ਸਾਡੀ ਜਿੰਦ...
ਰਜ਼ਾ ਵਿਚ ਰਹਿਣ ਦਾ ਸਿਖਾਉਂਦੀ ਪੱਗ ਢੰਗ ਹੈ।
ਗੁਰੂਆਂ ਦੀ ਮਿਹਰ ਹੁੰਦੀ ਫਤਿਹ ਵਿਚ ਜੰਗ ਹੈ।
ਸਾਨੂੰ ਸਾਡੀ ਪੱਗ ਉੱਤੇ ਮਾਣ ਹੈ ਪੰਜਾਬੀਓ।
ਇਹ ਸਾਡੀ ਜਿੰਦ...
ਪੱਗ ਸੱਜੇ ਸਿਰ ਠਾਠਾਂ ਮਾਰਦਾ ਜਲਾਲ ਹੈ।
ਸ਼ਕਤੀ ਦਾ ਰੂਪ ਇਹ ਕਰਦੀ ਕਮਾਲ ਹੈ।
ਖਿੱਚ ਲੈਂਦੀ ਸਭ ਦਾ ਧਿਆਨ ਹੈ ਪੰਜਾਬੀਓ।
ਇਹ ਸਾਡੀ ਜਿੰਦ...
ਰੱਖਿਓ ਸੰਭਾਲ ਸੋਹਣੀ ਪਗੜੀ ਦੀ ਲਾਜ ਨੂੰ।
ਐਵੇਂ ਨਾ ਗਵਾਇਉ ਇਸ ਸਿਰ ਸਜੇ ਤਾਜ ਨੂੰ।
ਸਭ ਨਾਲੋਂ ਉੱਚਾ ਸਨਮਾਨ ਹੈ ਪੰਜਾਬੀਓ।
ਇਹ ਸਾਡੀ ਜਿੰਦ...
ਕਹੇ ਪ੍ਰਤਾਪ ਪੱਗ ਲਗਦੀ ਪਿਆਰੀ ਹੈ।
ਸੋਹਣੇ ਰੰਗਾਂ ਨਾਲ ਸੱਜੀ ਕੌਮ ਦੀ ਕਿਆਰੀ ਹੈ।
ਸਾਡਾ ਇਹ ਵਿਰਸਾ ਮਹਾਨ ਹੈ ਪੰਜਾਬੀਓ।
ਇਹ ਸਾਡੀ ਜਿੰਦ...

-ਲੈ: ਕਰਨਲ ਪ੍ਰਤਾਪ ਸਿੰਘ

੮੧੧, ਗਾਰਡਨ ਇਨਕਲੇਵ, ਡਾਕ: ਖਾਨਕੋਟ, ਜੀ.ਟੀ. ਰੋਡ, ਸ੍ਰੀ ਅੰਮ੍ਰਿਤਸਰ-੧੪੩੫੦੧ ਮੋ:੯੪੬੪੨-੬੬੨੧੦

ਹੱਕ-ਸੱਚ ਦੀ ਸਰਕਾਰ

ਹੱਕ-ਸੱਚ ਦੀ ਹੈ ਸਰਕਾਰ ਗੁਰੂ ਗੋਬਿੰਦ ਸਿੰਘ।
ਤੇਜ ਜ਼ੁਲਮਨਾਸ਼ਕ ਹੈ ਤਲਵਾਰ ਗੁਰੂ ਗੋਬਿੰਦ ਸਿੰਘ।
ਖਾਲਸਾ ਪੰਥ ਹੈ ਤਾਸੀਰ ਗੁਰੂ ਗੋਬਿੰਦ ਸਿੰਘ।
ਖਾਲਸਾ ਪੰਥ ਹੈ ਤਸਵੀਰ ਗੁਰੂ ਗੋਬਿੰਦ ਸਿੰਘ।

ਖਾਲਸਾ ਪੰਥ ਹੈ ਜਖੀਰ ਗੁਰੂ ਗੋਬਿੰਦ ਸਿੰਘ।
ਖਾਲਸਾ ਪੰਥ ਦੀ ਹੈ ਤਕਦੀਰ ਗੁਰੂ ਗੋਬਿੰਦ ਸਿੰਘ।
ਖਾਲਸਾਈ ਜੀਵਨ ਦਾ ਆਧਾਰ ਗੁਰੂ ਗੋਬਿੰਦ ਸਿੰਘ।
ਖਾਲਸਾ ਪੰਥ ਦਾ ਹੈ ਸਿਰਜਣਹਾਰ ਗੁਰੂ ਗੋਬਿੰਦ ਸਿੰਘ।

ਧਰਮ ਦੀ ਰੂਹ ਸੱਚ ਦੀ ਜ਼ਮੀਰ ਗੁਰੂ ਗੋਬਿੰਦ ਸਿੰਘ।
ਹਿੰਦ ਦਾ ਹੈ ਸਰਵੋਤਮ ਪੀਰ ਗੁਰੂ ਗੋਬਿੰਦ ਸਿੰਘ।
ਕੇਸਾਂ ਦਾ ਹੈ ਮੋਹਰਦਾਰ ਗੁਰੂ ਗੋਬਿੰਦ ਸਿੰਘ।
ਹੱਕ-ਸੱਚ ਦਾ ਹੈ ਪਹਿਰੇਦਾਰ ਗੁਰੂ ਗੋਬਿੰਦ ਸਿੰਘ।

ਆਮ ਨੂੰ ਬਣਾਉਣ ਵਾਲਾ ਸਰਦਾਰ ਗੁਰੂ ਗੋਬਿੰਦ ਸਿੰਘ।
ਧਰਮ ਤੋਂ ਵਾਰਨ ਵਾਲਾ ਪਰਵਾਰ ਗੁਰੂ ਗੋਬਿੰਦ ਸਿੰਘ।
ਜ਼ਾਲਮ ਨੂੰ ਦੇਣ ਵਾਲਾ ਹਾਰ ਗੁਰੂ ਗੋਬਿੰਦ ਸਿੰਘ।
ਨਿਆਂਕਾਰੀ ਸਲਤਨਤ ਬਖਸ਼ਣਹਾਰ ਗੁਰੂ ਗੋਬਿੰਦ ਸਿੰਘ।

ਸੁਹਣੇ-ਸੁਹਣੇ ਫੁੱਲਾਂ ਦੀ ਹੈ ਮਹਿਕ ਗੁਰੂ ਗੋਬਿੰਦ ਸਿੰਘ।
ਕਾਦਰ ਦੀ ਕੁਦਰਤ ਦੀ ਹੈ ਚਹਿਕ ਗੁਰੂ ਗੋਬਿੰਦ ਸਿੰਘ।

*-ਸ. ਬਲਜਿੰਦਰ ਸਿੰਘ ਚੇਤਨ**

ਪਿੰਡ ਤੇ ਡਾਕ: ਚੇਤਨਪੁਰਾ, ਸ੍ਰੀ ਅੰਮ੍ਰਿਤਸਰ।

ਮੋ: ੯੮੫੫੨-੬੬੨੬੯.

ਗੁੰਮ ਤੇਰੇ ਸਿਰੋਂ ਦਸਤਾਰ ਕਿਵੇਂ ਹੋ ਗਈ?

ਗੁੰਮ ਤੇਰੇ ਸਿਰੋਂ ਦਸਤਾਰ ਕਿਵੇਂ ਹੋ ਗਈ?
ਸ਼ਾਨ ਹੈ ਜੋ ਸਿੰਘ ਦੀ ਉਹ ਭਾਰ ਕਿਵੇਂ ਹੋ ਗਈ?
ਸੁਹਣੇ ਸੁਹਣੇ ਸ਼ੌਕ ਪਾਲ ਮਾਣ ਤੂੰ ਜਵਾਨੀਆਂ,
ਚੇਤੇ ਰੱਖ ਪਰ ਗੁਰੂ ਦੀਆਂ ਮਿਹਰਬਾਨੀਆਂ,
ਗੁਰੂ ਛੱਡ ਪਹਿਲ ਸੰਸਾਰ ਕਿਵੇਂ ਹੋ ਗਈ।
ਸ਼ਾਨ ਹੈ ਜੋ ਸਿੰਘ ਦੀ... ... ...
ਪੰਨੇ ਇਤਿਹਾਸ ਦੇ ਫਰੋਲ ਕਦੇ ਸੋਹਣਿਆਂ,
ਗੁਰੂ ਦੇ ਖਜ਼ਾਨਿਆਂ ਨੂੰ ਫੋਲ ਕਦੇ ਸੋਹਣਿਆਂ,
ਇਹੋ ਜੇਹੀ ਸਿੱਖੀ ਕਿਰਦਾਰ ਕਿਵੇਂ ਹੋ ਗਈ।
ਸ਼ਾਨ ਹੈ ਜੋ ਸਿੰਘ ਦੀ... ... ...
ਮੁਬਾਰਕ ਜਵਾਨੀ ਤੈਨੂੰ ਸਾਂਭ ਕੇ ਹੰਢਾ ਲੈ,
'ਅਜੀਤ' ਤੇ 'ਜੁਝਾਰ' ਨੂੰ ਤੂੰ ਮਾਡਲ ਬਣਾ ਲੈ,
ਉਨ੍ਹਾਂ ਦੀ ਸ਼ਹੀਦੀ ਚਿੱਤੋਂ ਬਾਹਰ ਕਿਵੇਂ ਹੋ ਗਈ,
ਸ਼ਾਨ ਹੈ ਜੋ ਸਿੰਘ ਦੀ... ... ...
'ਜੋਰਾਵਰ' 'ਫਤਹ' ਨੀਹਾਂ ਵਿੱਚੋਂ ਨੇ ਪੁਕਾਰਦੇ,
ਕੁਰਬਾਨੀ ਨਾ ਅਜਾਈਂ ਜਾਏ, ਤੈਨੂੰ ਲਲਕਾਰਦੇ,
ਹੁਕਮ ਅਦੂਲੀ ਅਧਿਕਾਰ ਕਿਵੇਂ ਹੋ ਗਈ?
ਸ਼ਾਨ ਹੈ ਜੋ ਸਿੰਘ ਦੀ... ... ...
ਜਵਾਨੀ ਉਨ੍ਹਾਂ ਵਾਰੀ ਸੀ ਜਵਾਨੀ ਤੈਨੂੰ ਮਿਲ ਗਈ,
ਕੇਸ ਦਸਤਾਰ ਦੀ ਨਿਸ਼ਾਨੀ ਤੈਨੂੰ ਮਿਲ ਗਈ,
ਗੁਰੂ ਦੀ ਇਹ ਮੋਹਰ ਤਾਰ-ਤਾਰ ਕਿਵੇਂ ਹੋ ਗਈ?
ਸ਼ਾਨ ਹੈ ਜੋ ਸਿੰਘ ਦੀ... ... ...
ਪਤਿਤਪੁਣੇ ਦੀਆਂ ਜੋ ਚੱਲੀਆਂ ਹਨੇਰੀਆਂ,
ਵੰਗਾਰ ਦੀਆਂ ਪਈਆਂ ਇਹ ਅਣਖਾਂ ਨੂੰ ਤੇਰੀਆਂ,
ਅਣਖਾਂ ਤੋਂ ਵੱਡੀ ਇਹ ਵੰਗਾਰ ਕਿਵੇਂ ਹੋ ਗਈ?
ਸ਼ਾਨ ਹੈ ਜੋ ਸਿੰਘ ਦੀ... ... ...
ਤੇਰੀ ਬੇਰੁਖੀ ਨਿਤ 'ਕੋਮਲ' ਨੂੰ ਝੰਜੋੜਦੀ,
ਗੁਰੂ ਦੀਆਂ ਕੀਤੀਆਂ ਦੀ ਕੌਮ ਕਿਉਂ ਨਹੀਂ ਮੋੜਦੀ?
ਗੁਰੂ ਦਿੱਤੀ ਰਹਿਤ ਇਹ ਵਿਸਾਰ ਕਿਵੇਂ ਹੋ ਗਈ,
ਸ਼ਾਨ ਹੈ ਜੋ ਸਿੰਘ ਦੀ... ... ...

-ਸ. ਸਤਿਨਾਮ ਸਿੰਘ ਕੋਮਲ
੨੪੮, ਅਰਬਨ ਅਸਟੇਟ, ਲੁਧਿਆਣਾ-੧੦.
ਮੋ: ੯੮੭੨੬੬-੦੯੯੨੧

ਵੱਡਾ ਉਪਕਾਰ

ਵੱਡਾ ਉਪਕਾਰ ਤੂੰ ਕਮਾਇਆ ਬਾਜਾਂ ਵਾਲਿਆ!
ਲੜ ਸੱਚੇ ਗੁਰੂ ਦੇ ਹੈ, ਲਾਇਆ ਬਾਜਾਂ ਵਾਲਿਆ!

ਦਿੱਤਾ ਸੀ ਹੁਕਮ ਇਕੱਠਾ ਕਰ ਸਾਰੇ ਪੰਥ ਨੂੰ।
ਮੰਨਣਾ ਹੈ ਬਸ ਤੁਸਾਂ ਇੱਕੋ ਗੁਰੂ ਗ੍ਰੰਥ ਨੂੰ।

ਭੁੱਲਿਆਂ ਨੂੰ ਮਾਰਗ ਦਿਖਾਇਆ ਬਾਜਾਂ ਵਾਲਿਆ!
ਲੜ ਸੱਚੇ ਗੁਰੂ ਦੇ ਹੈ, ਲਾਇਆ ਬਾਜਾਂ ਵਾਲਿਆ!

ਸ਼ਬਦ-ਗੁਰੂ ਹੈ ਸਾਨੂੰ ਰੱਬ ਨਾਲ ਜੋੜਦਾ।
ਫੋਕਿਆਂ ਅਡੰਬਰਾਂ ਤੋਂ ਬੰਦੇ ਤਾਈਂ ਹੋੜਦਾ।

ਸਾਂਝੀਵਾਲਤਾ ਦਾ ਪਾਠ ਹੈ ਪੜ੍ਹਾਇਆ ਬਾਜਾਂ ਵਾਲਿਆ!
ਲੜ ਸੱਚੇ ਗੁਰੂ ਦੇ ਹੈ, ਲਾਇਆ ਬਾਜਾਂ ਵਾਲਿਆ!

ਦਸਾਂ ਗੁਰੂਆਂ ਦੀ ਇਹਦੇ ਵਿਚ ਰੱਖੀ ਜੋਤ ਹੈ।
ਆਤਮਿਕ ਸ਼ਾਂਤੀ ਦਾ ਪੂਰਨ ਸਰੋਤ ਹੈ।

ਮੁੜਿਆ ਨਾ ਖਾਲੀ, ਦਰ ਆਇਆ ਬਾਜਾਂ ਵਾਲਿਆ।
ਲੜ ਸੱਚੇ ਗੁਰੂ ਦੇ ਹੈ, ਲਾਇਆ ਬਾਜਾਂ ਵਾਲਿਆ।

ਭੁੱਲ ਬਖਸ਼ਾਉਣ ਲਈ ਕੋਈ ਦਰ ਆਵੇ ਭੁੱਲਿਆ।
ਏਸ ਬਖਸ਼ੰਦ ਦਾ ਹਮੇਸ਼ਾਂ ਦਰ-ਖੁੱਲ੍ਹਿਆ।

ਪਾਪੀ ਨੂੰ ਵੀ ਸਦਾ ਗਲ਼ ਲਾਇਆ ਬਾਜਾਂ ਵਾਲਿਆ!
ਲੜ ਸੱਚੇ ਗੁਰੂ ਦੇ ਹੈ ਲਾਇਆਂ ਬਾਜਾਂ ਵਾਲਿਆ!

ਸਿੱਖ ਕੌਮ ਉੱਤੇ ਕਿੱਡਾ ਵੱਡਾ ਅਹਿਸਾਨ ਹੈ।
ਸੱਚਮੁੱਚ ਦਾਤਿਆ ਗ੍ਰੰਥ ਇਹ ਮਹਾਨ ਹੈ।

ਸਿਰ ਸ਼ਰਧਾ ਦੇ ਨਾਲ ਮੈਂ ਝੁਕਾਇਆ ਬਾਜਾਂ ਵਾਲਿਆ!
ਲੜ ਸੱਚੇ ਗੁਰੂ ਦੇ ਹੈ ਲਾਇਆ ਬਾਜਾਂ ਵਾਲਿਆ!

-ਸ. ਰਣਜੀਤ ਸਿੰਘ
ਵਾਰਡ ਨੰ: ੨੩, ਨੇੜੇ ਖਾਲਸਾ ਸਕੂਲ,
ਖੰਨਾ (ਲੁਧਿਆਣਾ)

ਤੁਸੀਂ ਵੀ ਸੁਣੋ!

*-ਸ. ਕਰਨੈਲ ਸਿੰਘ ਸਰਦਾਰ ਪੰਛੀ**

ਕੁੱਖ 'ਚੋਂ ਜੋ ਅਵਾਜ਼ ਆਉਂਦੀ ਹੈ, ਸੁਣਦੇ ਹੀ ਰੂਹ ਕੰਬ ਜਾਂਦੀ ਹੈ।
ਇਕ ਅਧੂਰੇ ਸਰੀਰ ਦੀ ਬੱਚੀ, ਆਪਣਾ ਦੁੱਖ ਇਸ ਤਰ੍ਹਾਂ ਸੁਣਾਉਂਦੀ ਹੈ।
ਦਿਲ ਨੇ ਚਾਹਿਆ ਕਿ ਆਪਣੀ ਅੰਮੀ ਸੰਗ, ਸਾਂਝੀ ਆਪਣੀ ਇਕ ਆਰਜ਼ੂ ਕਰ ਲਾਂ।
ਮਨ 'ਚ ਆਇਆ ਕਿ ਮੌਤ ਤੋਂ ਪਹਿਲਾਂ, ਆਪਣੇ ਕਾਤਿਲ ਥੀਂ ਗੁਫਤਗੂ ਕਰ ਲਾਂ।
ਮੈਂ ਵੀ ਇਕ ਬਾਤ ਹਾਂ ਮੁਹੱਬਤ ਦੀ, ਵਿਚ ਵਿਚਾਲੇ ਹੀ ਟੋਕਦੇ ਕਿਉਂ ਹੋ?
ਜੇ ਹੋ ਮਾਲੀ ਤੁਸੀਂ ਤਾਂ ਫਿਰ ਮੈਨੂੰ, ਫੁੱਲ ਬਣਨ ਤੋਂ ਰੋਕਦੇ ਕਿਉਂ ਹੋ?
ਘਰ 'ਚ ਹੋਵੇਗੀ ਜੇ ਨਹੀਂ ਬੇਟੀ, ਰੱਬ ਦੀ ਰਹਿਮਤ ਕਦੇ ਨਾ ਵਰਸੇਗੀ।
ਸੁੰਞਾ ਸੁੰਞਾ ਹੋਵੇਗਾ ਵਿਹੜਾ, ਰੂਹ ਉਮਰ ਭਰ ਖੁਸ਼ੀ ਨੂੰ ਤਰਸੇਗੀ।
ਪੈਦਾ ਹੋਵਣਗੀਆਂ ਨਾ ਜੇ ਕੁੜੀਆਂ, ਮੁੰਡੇ ਫਿਰ ਕਿਸ ਤਰ੍ਹਾਂ ਵਿਆਹੋਗੇ?
ਨੂੰਹ ਹੋਵੇਗੀ ਹੀ ਨਹੀਂ ਘਰ ਵਿਚ, ਜ਼ਿੰਦਗੀ ਅੱਗੇ ਕਿਵੇਂ ਵਧਾਓਗੇ?
ਬਾਹਰੀ ਹਲਚਲਾਂ ਤੋਂ ਲੱਗਦਾ ਹੈ, ਹੁਣ ਮੇਰਾ ਕਤਲ ਹੋਣ ਵਾਲਾ ਹੈ।
ਰੂਪ ਰੱਬ ਦਾ ਜੋ ਡਾਕਟਰ ਹੈ, ਉਹੀ, ਮਾਂ ਨੂੰ ਸੂਈ ਚੁਭੋਣ ਵਾਲਾ ਹੈ।
ਮੰਮੀ ਪਾਪਾ ਦੀ ਸੋਚ ਕਹਿੰਦੀ ਹੈ, ਹੁਣ ਮੈਂ ਪੈਦਾ ਹੀ ਹੋ ਨਹੀਂ ਸਕਦੀ।
ਹਾਏ! ਫਰਿਆਦ ਵੀ ਕਰਾਂ ਕਿੱਦਾਂ, ਕੁੱਖ ਦੇ ਅੰਦਰ ਤਾਂ ਰੋ ਨਹੀਂ ਸਕਦੀ!
ਮੌਕਾ ਮਿਲਦਾ ਜਿਨ੍ਹਾਂ ਨੂੰ ਰੋਵਣ ਦਾ, ਉਹ ਬੜੇ ਭਾਗਵਾਨ ਹੁੰਦੇ ਨੇ।
ਕਿੱਦਾਂ ਰੋਵਾਂ ਕਿ ਸਾਰੇ ਬੱਚੇ ਹੀ, ਜਨਮ ਲੈ ਲੈਣ ਬਾਅਦ ਰੋਂਦੇ ਨੇ?
ਇਕ ਪੱਥਰ ਹੈ ਕੁੱਖ ਵਿਚ ਲੜਕੀ, ਆਪਣੀ ਇਸ ਸੋਚ ਨੂੰ ਬਦਲ ਪਾਪਾ!
ਸੋਚ ਸੌੜੀ 'ਚ ਹੋ ਗਿਆ ਲਥਪਥ, ਏਸ ਚਿੱਕੜ 'ਚੋਂ ਹੁਣ ਨਿਕਲ ਪਾਪਾ!
ਮੈਨੂੰ ਜੀਵਨ ਦੀ ਦੇ ਦੁਆ ਪਾਪਾ, ਮੇਰੇ ਸਿਰ ਉੱਤੇ ਠੰਡੀ ਛਾਂ ਬਣ ਜਾ!
ਤੂੰ ਵੀ ਮੰਮੀ ਮੇਰੀ, ਮੇਰੀ ਖਾਤਰ, ਬੂਟਾ ਘਣਛਾਵਾ ਮਾਂ ਬਣ ਜਾ!
ਜਨਮ ਲੈ ਲੈਣ ਦੇ ਐ ਮਾਂ ਤਾਂਕਿ, ਜ਼ਿੰਦਗੀ ਦੀ ਇਹ ਬਾਤ ਚਲਦੀ ਰਹੇ!
ਰੱਬ ਨੇ ਬਖਸ਼ੀ ਹੈ ਜੋ ਅਸਾਂ ਤਾਈਂ, 'ਪੰਛੀ' ਇਹ ਕਾਇਨਾਤ ਚਲਦੀ ਰਹੇ!

■

* ਪੰਜਾਬ ਮਾਤਾ ਨਗਰ, ਲੁਧਿਆਣਾ-੧੪੧੦੧੩. ਮੋ: ੯੪੧੭੦-੯੧੬੬੮, ਫੋਨ: ੦੧੬੧-੨੫੬੪੧੬੫

ਸ਼ਬਦਕਸ਼ਮਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਨਟਕ (ਨਿਊਜੀਲੈਂਡ) ਨਾਲ ਸਿੱਖਿਆ ਸਮਝੌਤਾ

ਨਿਊਜੀਲੈਂਡ : ੨੩ ਜੂਨ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੱਜ ਨਿਊਜੀਲੈਂਡ ਦੇ ਹੈਮਿਲਟਨ ਸ਼ਹਿਰ ਵਿਚ ਸਥਿਤ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਵਾਇਕਾਟੋ ਇੰਸਟੀਚਿਊਟ ਆਫ ਟੈਕਨਾਲੋਜੀ (ਵਿਨਟਕ) ਨਾਲ ਸਿੱਖਿਆ ਸਮਝੌਤੇ ਤਹਿਤ ਇਕ ਵਿਸ਼ੇਸ਼ ਸਮਾਗਮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਅਤੇ ਵਿਨਟਕ ਦੇ ਸੀ.ਈ.ਓ. ਮਿਸ. ਮਾਰਕ ਫਲਾਅਰ ਨੇ ਮੈਮੋਰੰਡਮ ਆਫ ਅੰਡਰਸਟੈਂਡਿੰਗ ਉੱਪਰ ਹਸਤਾਖਰ ਕੀਤੇ। ਇਸ ਮੌਕੇ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ 'ਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵਿਸ਼ਵੀ-ਪੱਧਰ ਦੇ ਸਿੱਖਿਆ ਮੌਕੇ ਉਪਲਬਧ ਕਰਵਾਏ ਜਾ ਸਕਣਗੇ। ਇਸ ਨਾਲ ਜਿੱਥੇ ਸਾਡੇ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਵਧੇਰੇ ਅਵਸਰ ਪੈਦਾ ਹੋਣਗੇ ਉੱਥੇ ਭਾਰਤ ਅਤੇ ਨਿਊਜੀਲੈਂਡ ਦੀ ਸਭਿਆਚਾਰਕ ਅਤੇ ਸਮਾਜਿਕ ਸਾਂਝ ਹੋਰ ਵਧੇਰੇ ਗੂੜ੍ਹੀ ਹੋਵੇਗੀ। ਸਿੱਖ ਧਰਮ ਦਾ ਬੁਨਿਆਦੀ ਸਿਧਾਂਤ ਵੱਧ ਤੋਂ ਵੱਧ ਗਿਆਨ ਹਾਸਲ ਕਰਨ ਨਾਲ ਜੁੜਿਆ ਹੋਇਆ ਹੈ। ਇਸ ਮੌਕੇ ਜਥੇਦਾਰ ਅਵਤਾਰ ਸਿੰਘ ਤੋਂ ਇਲਾਵਾ ਇਸ ਡੈਲੀਗੇਸ਼ਨ ਵਿਚ ਸ਼੍ਰੋਮਣੀ ਕਮੇਟੀ ਦੇ ਡਾਇਰੈਕਟਰ ਐਜੂਕੇਸ਼ਨ ਡਾ. ਗੁਰਮੋਹਨ ਸਿੰਘ, ਡਾ. ਧਰਮਿੰਦਰ ਸਿੰਘ, ਪ੍ਰਿੰਸੀਪਲ, ਖਾਲਸਾ ਕਾਲਜ, ਪਟਿਆਲਾ ਅਤੇ ਡਾ. ਮਨੋਹਰ ਸਿੰਘ, ਡਾਇਰੈਕਟਰ, ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵੀ ਸ਼ਾਮਲ ਸਨ।

ਜਲਦੀ ਤਿਆਰ ਹੋਵੇਗਾ ਆਧੁਨਿਕ ਸਹੂਲਤਾਂ ਵਾਲਾ 'ਸਾਰਾਗੜ੍ਹੀ ਨਿਵਾਸ'

ਅੰਮ੍ਰਿਤਸਰ- ੩੦ ਜੂਨ- ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ ਨੂੰ ਰਿਹਾਇਸ਼ ਦੀ ਸਹੂਲਤ ਪ੍ਰਦਾਨ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹਿਰ 'ਚ ਵੱਖ-ਵੱਖ ਥਾਵਾਂ ਵਿਖੇ ਆਧੁਨਿਕ ਸਹੂਲਤਾਂ ਵਾਲੀਆਂ ਸਰਾਵਾਂ ਤਿਆਰ ਕਰਵਾਏ ਜਾਣ ਦੇ ਮੰਤਵ ਨਾਲ ਗੁਰਦੁਆਰਾ ਸਾਰਾਗੜ੍ਹੀ ਵਿਖੇ ਅਰਦਾਸ ਉਪਰੰਤ ਸਾਰਾਗੜ੍ਹੀ ਨਿਵਾਸ ਦੀ ਉਸਾਰੀ ਦੀ ਅਰੰਭਤਾ ਕੀਤੀ ਗਈ ਹੈ।

ਸਰਾਂ ਦੀ ਉਸਾਰੀ ਦੀ ਅਰੰਭਤਾ ਪੰਜ ਪਿਆਰਿਆਂ ਦੇ ਰੂਪ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਾਨ ਸਿੰਘ, ਸਿੰਘ ਸਾਹਿਬ ਗਿਆਨੀ ਰਵੇਲ ਸਿੰਘ, ਸਿੰਘ ਸਾਹਿਬ ਗਿਆਨੀ ਸੁਖਜਿੰਦਰ ਸਿੰਘ ਅਤੇ ਸ੍ਰੀ

ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ ਨੇ ਟੱਕ ਲਗਾ ਕੇ ਕੀਤੀ।

ਇਸ ਮੌਕੇ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਖ਼ਾਲਸਾਈ ਭਵਨ ਕਲਾ ਨੂੰ ਰੂਪਮਾਨ ਕਰਦੀ ਬੇਸਮੈਂਟ ਸਮੇਤ ੧੦ ਮੰਜ਼ਿਲਾ ਸਰਾਂ ਦੇ ਵੱਡੇ-ਛੋਟੇ ਸਾਈਜ਼ ਦੇ ਕੁੱਲ ੨੩੯ ਕਮਰੇ ਹੋਣਗੇ, ਜਿਸ ਵਿਚ ਇਕ ਸਮੇਂ ਕਰੀਬ ਦੋ ਹਜ਼ਾਰ ਯਾਤਰੂ ਰੈਣ ਬਸੇਰਾ ਕਰ ਸਕਣਗੇ। ਬੇਸਮੈਂਟ ਨੂੰ ਪਾਰਕਿੰਗ ਵਜੋਂ ਵਰਤਿਆ ਜਾਵੇਗਾ ਅਤੇ ੨੫ ਕਰੋੜ ਰੁਪਏ ਦੀ ਲਾਗਤ ਨਾਲ ਇਹ ਸਰਾਂ ਕਰੀਬ ੧੮ ਮਹੀਨਿਆਂ 'ਚ ਮੁਕੰਮਲ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਅਜੋਕੀ ਤਕਨੀਕ ਅਨੁਸਾਰ ਇਹ ਇਮਾਰਤ 'ਗ੍ਰੀਨ ਬਿਲਡਿੰਗ' ਵੱਲੋਂ ਡੀਜ਼ਾਈਨ ਕੀਤੀ ਗਈ ਹੈ।

'ਸਿੱਖ ਨਸਲਕੁਸ਼ੀ' ਦੇ ਦਰਦ ਨੂੰ ਭੁਲਾਇਆ ਨਹੀਂ ਜਾ ਸਕਦਾ

ਅੰਮ੍ਰਿਤਸਰ- ੩੦ ਜੂਨ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਪੀ.ਚਿਦੰਬਰਮ ਵੱਲੋਂ ਸਿੱਖਾਂ ਨੂੰ ੧੯੮੪ 'ਚ ਹੋਈ ਸਿੱਖਾਂ ਦੀ ਨਸਲਕੁਸ਼ੀ ਨੂੰ ਭੁੱਲ ਜਾਣ ਅਤੇ ਦੋਸ਼ੀਆਂ ਨੂੰ ਮੁਆਫ਼ ਕੀਤੇ ਜਾਣ ਦੇ ਬਿਆਨ 'ਤੇ ਤਿੱਖਾ ਪ੍ਰਤੀਕ੍ਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਦੇਸ਼ ਦੇ ਗ੍ਰਹਿ ਮੰਤਰੀ ਦਾ ਇਹ ਕਹਿਣਾ ਸਿੱਖਾਂ ਦੇ ੨੭ ਸਾਲਾਂ ਤੋਂ ਅੱਲੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਤੁੱਲ ਹੈ ਅਤੇ ਇਸ ਨਾਲ ਸਿੱਖ-ਭਾਈਚਾਰੇ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ, ਜਿਸ ਲਈ ਗ੍ਰਹਿ ਮੰਤਰੀ ਨੂੰ ਖ਼ਿਮਾ-ਯਾਚਨਾ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ੧੯੮੪ 'ਚ ਦੇਸ਼ ਦੇ ਪ੍ਰਮੁੱਖ ਸ਼ਹਿਰਾਂ 'ਚ ਸਿੱਖਾਂ ਦੀ ਨਸਲਕੁਸ਼ੀ ਦੌਰਾਨ, ਸਿੱਖ-ਭਾਈਚਾਰੇ ਦਾ ਭਾਰੀ ਜਾਨੀ-ਮਾਲੀ ਤੇ ਵਿਰਾਸਤੀ ਨੁਕਸਾਨ ਹੋਇਆ ਅਤੇ ਸਿੱਖਾਂ ਦੀ ਨਸਲਕੁਸ਼ੀ ਸਰਕਾਰ ਦੀ ਸ਼ਹਿ 'ਤੇ ਸਿੱਖ ਵਿਰੋਧੀ-ਸ਼ਕਤੀਆਂ ਦੀ ਸੋਚੀ-ਸਮਝੀ ਸਾਜ਼ਿਸ਼ ਦਾ ਇਕ ਹਿੱਸਾ ਸੀ। ਸਮੇਂ ਦੀਆਂ ਸਰਕਾਰਾਂ ਨੇ ਕਈ ਜਾਂਚ-ਕਮਿਸ਼ਨ ਬਿਠਾਏ ਪਰ ਇਸ ਦੇ ਬਾਵਜੂਦ ਵੀ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੀ ਜਦ ਕਿ ਨਸਲਕੁਸ਼ੀ ਦਾ ਸ਼ਿਕਾਰ ਪਰਵਾਰਾਂ ਦੀ ਅਗਲੀ ਪੀੜ੍ਹੀ ਇਨਸਾਫ਼ ਦੀ ਆਸ ਵਿਚ ਅਜੇ ਵੀ ਇਹ ਸੰਤਾਪ ਹੰਢਾ ਰਹੀ ਹੈ।

ਅੱਜ ਵੀ ਜਦ ਨਸਲਕੁਸ਼ੀ ਦੀ ਇਸ ਭਿਆਨਕ ਦਾਸਤਾਨ ਦੇ ਦਿਲ-ਕੰਬਾਊ ਸੀਨ ਅੱਖਾਂ ਸਾਹਮਣੇ ਆਉਂਦੇ ਹਨ ਤਾਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਪਰ ਮਿ. ਚਿਦੰਬਰਮ ਇਸ ਨੂੰ ਭੁੱਲ ਜਾਣ ਦੀ ਗੱਲ ਕਰ ਕੇ ਸਿੱਖਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਗਾਉਣ ਦੀ ਬਜਾਏ ਸਗੋਂ ਉਨ੍ਹਾਂ ਦੇ ਜਖਮਾਂ ਨੂੰ ਖੁਰੇਦ ਰਹੇ ਹਨ, ਜਦਕਿ ਦਿੱਲੀ ਵਿਖੇ ਹੋਏ ਸਿੱਖ-ਕਤਲੇਆਮ ਤੋਂ ਕੁਝ ਦਿਨ ਬਾਅਦ ਹੀ 'ਪੀਪਲਜ਼ ਯੂਨੀਅਨ ਫ਼ਾਰ ਡੈਮੋਕ੍ਰੇਟਿਕ ਰਾਈਟਸ' ਅਤੇ 'ਪੀਪਲਜ਼ ਯੂਨੀਅਨ ਫ਼ਾਰ ਸਿਵਲ ਲਿਬਰਟੀਜ਼'

ਗੈਰ-ਸਿੱਖ ਸੰਗਠਨਾਂ ਨੇ ਆਪਣੀ ਜਾਂਚ-ਰਿਪੋਰਟ ਵਿਚ ਨਸਲਕੁਸ਼ੀ ਦੇ ਦੋਸ਼ੀਆਂ ਦੇ ਨਾਮ ਜਨਤਕ ਕਰ ਦਿੱਤੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਿੱਖਾਂ ਨੂੰ ਇਨਸਾਫ ਤਾਂ ਕੀ ਦੇਣਾ ਸੀ ਸਗੋਂ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਬਜਾਏ ਵੱਡੇ ਅਹੁਦਿਆਂ ਨਾਲ ਨਿਵਾਜਿਆ ਗਿਆ। ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ 'ਸੰਸਾਰ ਦੀ ਸਭ ਤੋਂ ਵੱਡੀ ਜ਼ਮਹੂਰੀਅਤ' ਦਾ ਢੰਡੋਰਾ ਪਿੱਟਣ ਵਾਲੇ ਦੇਸ਼ ਵਿਚ ਹੀ ਘੱਟ-ਗਿਣਤੀ ਸਿੱਖ-ਭਾਈਚਾਰੇ ਨਾਲ ਹੋਈ ਧੱਕੇਸ਼ਾਹੀ ਦਾ ਅੱਜ ਤਕ ਇਨਸਾਫ਼ ਨਾ ਮਿਲਣ ਤੋਂ ਸਪਸ਼ਟ ਹੈ ਕਿ ਭਾਰਤ ਵਿਚ ਸਿੱਖਾਂ ਨਾਲ ਇਨਸਾਫ਼ ਦੇ ਦੋਹਰੇ ਮਾਪਦੰਡ ਵਰਤੇ ਜਾਂਦੇ ਹਨ, ਜੋ ਭਾਰਤ ਦੇ ਲੋਕਤੰਤਰੀ ਮਖੌਟੇ ਦਾ ਮੂੰਹ ਚਿੜ੍ਹਾ ਰਹੇ ਹਨ ਜਦ ਕਿ ਹਰਿਆਣਾ ਸੂਬੇ ਦੇ ਕਸਬੇ ਚਿੱਲੜ, ਪਟੌਦੀ ਤੇ ਗੁੜਗਾਓਂ ਵਿਖੇ ਨਵੰਬਰ ੮੪ 'ਚ ਵਾਪਰੇ ਦੁਖਾਂਤ ਦੀਆਂ ਪਰਤਾਂ ਅਜੇ ਵੀ ਖੁੱਲ੍ਹ ਰਹੀਆਂ ਹਨ।

ਅਰਦਾਸ ਉਪਰੰਤ ਪੰਜ ਪਿਆਰੇ ਸਾਹਿਬਾਨ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਵਿਚ 'ਲੰਗਰ ਘਰ' ਦੀ ਨਵੀਂ ਇਮਾਰਤ ਉਸਾਰੀ ਦਾ ਟੱਕ ਲਾਇਆ

ਅੰਮ੍ਰਿਤਸਰ: ੧੧ ਜੁਲਾਈ- ਸਿੱਖ-ਜਗਤ 'ਚ 'ਗੁਰੂ ਕੇ ਲੰਗਰ' ਦੀ ਵਿਸ਼ੇਸ਼ ਮਹੱਤਤਾ ਹੈ ਕਿ ਇੱਥੇ ਕੋਈ ਵੀ ਪ੍ਰਾਣੀ ਕਿਸੇ ਵੀ ਜਾਤ-ਪਾਤ, ਕਿੱਤੇ-ਖਿੱਤੇ ਤੇ ਰੰਗ-ਨਸਲ ਦੇ ਕਿਸੇ ਭਿੰਨ-ਭੇਦ ਦੇ ਬਿਨਾਂ ਪੰਗਤ 'ਚ ਬੈਠ ਕੇ ਪਰਸ਼ਾਦਾ ਛਕ ਸਕਦਾ ਹੈ। ਲੰਗਰ ਦੀ ਪ੍ਰਥਾ ਸੰਸਥਾਗਤ ਰੂਪ 'ਚ ਤੀਜੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਅਰੰਭ ਕੀਤੀ ਗਈ ਸੀ। ਸਮੂਹ ਗੁਰੂ ਨਾਨਕ ਨਾਮ-ਲੇਵਾ ਸਿੱਖ ਸੰਗਤਾਂ ਲੰਗਰ ਲਈ ਸ਼ਰਧਾ ਵੱਸ ਆਪਣੀ ਕ੍ਰਿਤ-ਕਮਾਈ 'ਚੋਂ ਮਾਇਆ ਤੇ ਰਸਦਾਂ ਭੇਟ ਕਰ ਕੇ ਆਪਣੇ ਧੰਨ ਭਾਗ ਸਮਝਦੀਆਂ ਹਨ। ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਇਸ਼ਨਾਨ ਲਈ ਦੇਸ਼-ਵਿਦੇਸ਼ਾਂ ਤੋਂ ਆਉਣ ਵਾਲੀਆਂ ਵੱਡੀ ਗਿਣਤੀ 'ਚ ਸੰਗਤਾਂ 'ਸ੍ਰੀ ਗੁਰੂ ਰਾਮਦਾਸ ਲੰਗਰ ਹਾਲ' 'ਚ ਲੰਗਰ ਛਕਦੀਆਂ ਹਨ। ਦਿਨ-ਬ-ਦਿਨ ਸ਼ਰਧਾਲੂਆਂ ਦੀ ਵਧ ਰਹੀ ਭਾਰੀ ਗਿਣਤੀ ਕਾਰਨ ਇਸ ਨੂੰ ਹੋਰ ਵੀ ਸਵੱਛ-ਸਵਸਥ ਅਤੇ ਵੱਡ-ਅਕਾਰੀ ਬਣਾਉਣ ਦੀ ਲੋੜ ਨੂੰ ਮੁੱਖ ਰੱਖਦਿਆਂ 'ਲੰਗਰ ਹਾਲ' ਭਾਵ ਜਿੱਥੇ ਬੈਠ ਕੇ ਸੰਗਤਾਂ ਲੰਗਰ ਛਕਦੀਆਂ ਹਨ, ਦਾ ਵਿਸਥਾਰ ਅਤੇ 'ਲੰਗਰ ਘਰ' ਭਾਵ ਜਿਥੇ ਲੰਗਰ ਤਿਆਰ ਕੀਤਾ ਜਾਂਦਾ ਹੈ, ਦੀ ਨਵੀਂ ਇਮਾਰਤ ਬਣਾਉਣ ਲਈ ਅੱਜ ਪੰਜ ਪਿਆਰਿਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਗਿਆਨੀ ਜਗਤਾਰ ਸਿੰਘ, ਗਿਆਨੀ ਮਾਨ ਸਿੰਘ, ਗਿਆਨੀ ਜਗਤਾਰ

ਸਿੰਘ ਲੁਧਿਆਣੇ ਵਾਲਿਆਂ ਨੇ ਅਰਦਾਸ ਉਪਰੰਤ ਟੱਕ ਲਗਾ ਕੇ ਸ਼ੁੱਭ ਅਰੰਭਤਾ ਕੀਤੀ। ਇਸ ਮੌਕੇ ਪਹਿਲੇ ਪੰਜ ਬਾਲਟੇ ਸਿਰ 'ਤੇ ਉਠਾ ਕੇ ਸੇਵਾ ਕਰਨ ਵਾਲੀਆਂ ਸੰਗਤਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਵੀ ਸ਼ਮੂਲੀਅਤ ਕੀਤੀ।

ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜ ਪਿਆਰੇ ਸਾਹਿਬਾਨ ਨੇ ਸ੍ਰੀ ਗੁਰੂ ਰਾਮਦਾਸ ਲੰਗਰ 'ਚ ਮਰਯਾਦਾ ਅਨੁਸਾਰ ਆਧੁਨਿਕ ਕਿਸਮ ਦੀਆਂ ਸੁਵਿਧਾਵਾਂ ਪ੍ਰਦਾਨ ਕਰਨ ਵਾਲੀ ਲੰਗਰ ਦੀ ਨਵੀਂ ਇਮਾਰਤ ਤਿਆਰ ਕੀਤੇ ਜਾਣ ਦਾ ਸ਼ੁੱਭ ਅਰੰਭ ਕੀਤਾ ਹੈ ਜੋ ਸਾਡੇ ਲਈ ਮਾਣ ਤੇ ਖੁਸ਼ੀ ਵਾਲੀ ਗੱਲ ਹੈ। ਇਸ ਮੌਕੇ ਉਨ੍ਹਾਂ ਯਾਦਗਾਰੀ ਨੀਂਹ-ਪੱਥਰ ਤੋਂ ਰਸਮੀ ਤੌਰ 'ਤੇ ਪਰਦਾ ਵੀ ਹਟਾਇਆ ਅਤੇ ਲੰਗਰ ਦੀ ਇਮਾਰਤ ਦੀ ਆਧੁਨਿਕ ਕਿਸਮ ਦਾ ਵੱਡਾ ਪ੍ਰਾਜੈਕਟ ਸ਼ੁਰੂ ਕੀਤੇ ਜਾਣ ਵਾਸਤੇ ਸਿੱਖ ਜਗਤ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮੁਬਾਰਕਬਾਦ ਦਿੱਤੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਨਵੀਂ ਇਮਾਰਤ ਤਿਆਰ ਅਤੇ ਮੌਜੂਦਾ ਲੰਗਰ ਹਾਲ ਦਾ ਵਿਸਥਾਰ ਕੀਤੇ ਜਾਣ ਦੇ ਇਸ ਪ੍ਰਾਜੈਕਟ ਪੁਰ ੨੦ ਕਰੋੜ ਰੁਪਏ ਖਰਚ ਅਤੇ ਡੇਢ ਸਾਲ 'ਚ ਤਿਆਰ ਹੋ ਜਾਣ ਦਾ ਅਨੁਮਾਨ ਹੈ। ਲੰਗਰ ਹਾਲ ਦੀ ਇਮਾਰਤ ਦੇ ਵਿਸਥਾਰ ਨਾਲ ਨਿਕਟ-ਭਵਿੱਖ ਸ਼ਰਧਾਲੂਆਂ ਦੀ ਸਮਰੱਥਾ ਮੌਜੂਦਾ ਸਮਰੱਥਾ ਨਾਲੋਂ ੩੦% ਹੋਰ ਵਧ ਜਾਵੇਗੀ ਅਤੇ ਇਹ ਇਮਾਰਤ ਆਧੁਨਿਕ ਤਕਨੀਕ ਅਨੁਸਾਰ ਮੁਕੰਮਲ ਏਅਰ ਕੰਡੀਸ਼ਨਡ ਹੋਵੇਗੀ। ਉਨ੍ਹਾਂ ਦੱਸਿਆ ਕਿ ਨਵੇਂ ਲੰਗਰ ਘਰ ਦੀ ਇਮਾਰਤ ਦੀ ਬੇਸਮੈਂਟ ਸਮੇਤ ਤਿੰਨ-ਮੰਜ਼ਲਾ ਹੋਵੇਗੀ। ਬੇਸਮੈਂਟ ਵਿਚ ਸਬਜ਼ੀਆਂ ਤੇ ਪਰਸ਼ਾਦੇ ਤਿਆਰ ਕਰਨ ਸਮੇਂ ਸਮੁੱਚੇ ਵਾਤਾਵਰਨ ਨੂੰ ਸਵੱਛ ਬਣਾਈ ਰੱਖਣ, ਲੰਗਰ ਤਿਆਰ ਕਰਨ ਵਾਲਿਆਂ ਨੂੰ ਸਾਫ਼-ਸੁਥਰੀ ਤਾਜ਼ੀ ਹਵਾ ਪ੍ਰਦਾਨ ਕਰਨ, ਬਿਜਲੀ, ਗੈਸ ਤੇ ਜਲ-ਸਪਲਾਈ ਲਈ ਅਤਿ ਆਧੁਨਿਕ ਕਿਸਮ ਦੇ ਉਪਕਰਨ ਲਗਾਏ ਜਾਣਗੇ ਅਤੇ ਕੁਦਰਤੀ ਰੋਸ਼ਨੀ ਦਾ ਵੀ ਵਿਸ਼ੇਸ਼ ਪ੍ਰਬੰਧ ਹੋਵੇਗਾ। ਗਰਮ ਪਾਣੀ ਦੀ ਵਰਤੋਂ ਅਤੇ ਬਿਜਲੀ ਦੀ ਬੱਚਤ ਲਈ ਸੋਲਰ ਸਿਸਟਮ ਦੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਇਮਾਰਤ 'ਚ ਲੋੜੀਂਦੇ ਉਪਕਰਨ ਜਿੱਥੇ ਅਤੀ ਆਧੁਨਿਕ ਹੋਣਗੇ ਉੱਥੇ ਇਸ ਦੀ ਦਿੱਖ ਵੀ ਬਹੁਤ ਸੁੰਦਰ ਹੋਵੇਗੀ। ਇਸ ਦਾ ਡਿਜ਼ਾਈਨ ਸ. ਰਣਯੋਧ ਸਿੰਘ ਆਰਕੀਟੈਕਟ, 'ਹੈਬੀਟੇਟ ਕਨਸਲਟੈਂਟ', ਲੁਧਿਆਣਾ ਵੱਲੋਂ ਤਿਆਰ ਕੀਤਾ ਗਿਆ ਹੈ।

■

ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਵਹੀਰ ਸਰਗਰਮੀਆਂ

ਦੋਆਬਾ ਪ੍ਰਚਾਰ ਵਹੀਰ ਵੱਲੋਂ ਗੁਰਮਤਿ ਸਮਾਗਮ

ਦੋਆਬਾ ਪ੍ਰਚਾਰ ਵਹੀਰ ਵੱਲੋਂ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਵਿਸ਼ੇਸ਼ ਸਹਿਯੋਗ ਨਾਲ ਗੁਰਦੁਆਰਾ ਡੇਰਾ ਸਾਹਿਬ, ਜੰਡਿਆਲਾ ਭੰਗਾਲਾ (ਜਲੰਧਰ) ਵਿਖੇ ਮਿਤੀ ੧੪-੪-੨੦੧੧ ਨੂੰ ਮਹਾਨ ਗੁਰਮਤਿ ਸਮਾਗਮ ਅਤੇ ਅੰਮ੍ਰਿਤ-ਸੰਚਾਰ ਸਮਾਗਮ ਕੀਤਾ ਗਿਆ ਜਿਸ ਵਿਚ ੮੦ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

ਇਸੇ ਪ੍ਰਚਾਰ ਵਹੀਰ ਵੱਲੋਂ ਗੁਰਦੁਆਰਾ ਸੈਦਰਾਣਾ ਸਾਹਿਬ, ਪਿੰਡ ਬਿਲੀ ਬੜੈਚ (ਜਲੰਧਰ) ਵਿਖੇ ਬਾਬਾ ਗੁਰਮੇਜ ਸਿੰਘ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਵਿਚ ੨੫ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਇਸੇ ਲੜੀ ਤਹਿਤ ਪ੍ਰਚਾਰ ਵਹੀਰ ਵੱਲੋਂ ਗੁਰਦੁਆਰਾ ਸਿੰਘ ਸਭਾ ਸ਼ਾਹਕੋਟ ਜ਼ਿਲ੍ਹਾ ਜਲੰਧਰ ਵਿਖੇ ਵੀ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ੨੫ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

ਮਿਤੀ ੧੭-੪-੨੦੧੧ ਨੂੰ ਪਿੰਡ ਜੰਡੂਸਿੰਘਾ ਜ਼ਿਲ੍ਹਾ ਜਲੰਧਰ ਵਿਖੇ ਸਮਾਗਮ ਕਰਵਾਇਆ ਗਿਆ ਜਿਸ ਵਿਚ ਲਾਗਲੇ ਪਿੰਡਾਂ ਦੇ ਬੱਚਿਆਂ ਨੇ ਵੀ ਭਾਗ ਲਿਆ। ਗੁਰਦੁਆਰਾ ਰਾਮਜੀ ਜੰਡੂਸਿੰਘਾ ਦੀ ਕਮੇਟੀ ਦੇ ਸਹਿਯੋਗ ਨਾਲ ੧੫੦ ਬੱਚਿਆਂ ਦਾ ਗੁਰਬਾਣੀ ਸ਼ੁੱਧ ਉਚਾਰਨ ਤੇ ਗੁਰਬਾਣੀ ਕੰਠ ਮੁਕਾਬਲਾ ਕਰਵਾਇਆ ਗਿਆ।

ਮਿਤੀ ੨੬-੫-੧੧ ਨੂੰ ਪਿੰਡ ਕੁਰੇਸ਼ਿਆ (ਭੋਗਪੁਰ) ਜ਼ਿਲ੍ਹਾ ਜਲੰਧਰ ਦੇ ਸਕੂਲ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਵਿਖੇ ਗੁਰਬਾਣੀ ਕੰਠ ਮੁਕਾਬਲਾ ਅਤੇ ਸ਼ੁੱਧ ਗੁਰਬਾਣੀ ਮੁਕਾਬਲੇ ਕਰਵਾਏ ਗਏ ਜਿਸ ਵਿਚ ੬੦ ਬੱਚਿਆਂ ਨੇ ਭਾਗ ਲਿਆ।

ਪਿੰਡ ਮਸਾਣੀਆਂ (ਕੁਠਾਰ) ਜ਼ਿਲ੍ਹਾ ਜਲੰਧਰ ਵਿਖੇ ਤਿੰਨ-ਰੋਜ਼ਾ ਗੁਰਮਤਿ ਕੈਂਪ ਲਗਾਇਆ ਗਿਆ। ਜਿਸ ਵਿਚ ਮਿਤੀ ੨੮-੫-੧੧ ਨੂੰ ਪ੍ਰਚਾਰਕ ਬੀਬੀ ਤ੍ਰਿਲੋਚਨ ਕੌਰ ਦੁਆਰਾ ਸ਼ੁੱਧ ਗੁਰਬਾਣੀ, ਗੁਰਬਾਣੀ ਕੰਠ ਮੁਕਾਬਲੇ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ। ੨੯-੫-੧੧ ਨੂੰ ਕੁਇਜ਼ ਮੁਕਾਬਲੇ ਕਰਵਾਏ ਗਏ। ਢਾਡੀ ਜਥੇ ਦੁਆਰਾ ਗੁਰ-ਇਤਿਹਾਸ ਨਾਲ ਸੰਗਤਾਂ ਨੂੰ ਜੋੜਿਆ ਗਿਆ। ਸਾਰੇ ਪ੍ਰੋਗਰਾਮਾਂ ਵਿਚ ਜਥੇਦਾਰ ਸੁਰਜੀਤ ਸਿੰਘ ਨੇ ਵੀ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਉਨ੍ਹਾਂ ਨੇ ਹਰ ਪ੍ਰੋਗਰਾਮ ਵਿਚ ਬੱਚਿਆਂ ਨੂੰ ਸਨਮਾਨ-ਚਿੰਨ੍ਹ ਅਤੇ ਗੁਰਮਤਿ ਲਿਟਰੇਚਰ ਵੰਡਿਆ। ਜਿਨ੍ਹਾਂ ਬੱਚਿਆਂ ਨੇ ਕੇਸ ਰੱਖੇ ਉਨ੍ਹਾਂ ਨੂੰ ਸਿਰੋਪਾਉ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਦੋਆਬਾ ਜ਼ੋਨ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡਾਂ ਵਿਚ ਗੁਰਮਤਿ ਸਮਾਗਮ ਕੀਤੇ ਗਏ ਜਿਨ੍ਹਾਂ ਵਿਚ ਭਾਈ ਅਮਰਜੀਤ ਸਿੰਘ ਜੰਡੀ ਮਿਸ਼ਨਰੀ ਨੇ ਗੁਰਬਾਣੀ, ਗੁਰ-ਇਤਿਹਾਸ, ਗੁਰਮਤਿ-ਸਿਧਾਂਤਾਂ ਦੀ ਵਿਆਖਿਆ ਕਰਦਿਆਂ ਸੰਗਤਾਂ ਨੂੰ ਦੇਹਧਾਰੀ ਗੁਰੂ-ਡੰਮ ਅਤੇ ਨਸ਼ਿਆਂ ਦੇ ਕੋਹੜ ਤੋਂ ਬਚਣ ਦੀ ਪ੍ਰੇਰਨਾ ਕੀਤੀ। ਬੀਬੀ ਚੰਚਲਦੀਪ ਕੌਰ ਦੇ ਢਾਡੀ ਜਥੇ ਨੇ ਮਹਾਨ ਗੁਰ-ਇਤਿਹਾਸ ਨਾਲ ਸੰਗਤਾਂ ਨੂੰ ਜੋੜਿਆ। ਗੁਰਦੁਆਰਾ ਜ਼ਾਹਰਾ ਜ਼ਹੂਰ ਪਾਤਸ਼ਾਹੀ ਛੇਵੀਂ ਪੁਰਹੀਰਾਂ

ਵਿਖੇ ਮੁੱਖ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ ਕੀਤਾ ਗਿਆ। ਜਿਸ ਵਿਚ ੨੧ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਲੈ ਕੇ ਗੁਰੂ ਵਾਲੇ ਬਣੇ।

ਗੁਰਦੁਆਰਾ ਨਾਢਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਮੈਨੇਜਰ ਗੁਰਦੁਆਰਾ ਸਾਹਿਬ ਪਾ: ਦਸਵੀਂ ਨਾਢਾ ਸਾਹਿਬ ਪੰਚਕੂਲਾ (ਹਰਿਆਣਾ) ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਹੋਏ ਅੰਮ੍ਰਿਤ-ਸੰਚਾਰ ਸਮਾਗਮ ਸਮੇਂ ੬੫ ਪ੍ਰਾਣੀ ਅੰਮ੍ਰਿਤ ਪਾਨ ਕਰ ਗੁਰੂ ਵਾਲੇ ਬਣੇ।

ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਅੰਮ੍ਰਿਤ-ਸੰਚਾਰ ਸਮਾਗਮ

ਸਿੱਖ ਮਿਸ਼ਨ ਜੰਮੂ ਕਸ਼ਮੀਰ (ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ) ਵੱਲੋਂ ਸਥਾਨਕ ਕਮੇਟੀ ਦੇ ਸਹਿਯੋਗ ਨਾਲ ਮਿਤੀ ੧੭-੪-੧੧ ਨੂੰ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਅੰਮ੍ਰਿਤ-ਸੰਚਾਰ ਸਮਾਗਮ ਗੁਰਦੁਆਰਾ ਛੇਵੀਂ ਪਾਤਸ਼ਾਹੀ ਨੌਸ਼ਹਿਰਾ ਜੰਮੂ ਵਿਖੇ ਕਰਵਾਇਆ ਗਿਆ ਜਿਸ ਦੌਰਾਨ ੩੦੧ ਪ੍ਰਾਣੀ ਗੁਰੂ ਵਾਲੇ ਬਣੇ।

ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਅੰਮ੍ਰਿਤ-ਸੰਚਾਰ ਸਮਾਗਮਾਂ ਦੀ ਲੜੀ ਜੋ ਕਿ ਮਿਤੀ ੯-੪-੧੧ ਨੂੰ ਸ਼ੁਰੂ ਕੀਤੀ ਗਈ ਸੀ, ਉਸ ਨੂੰ ਅੱਗੇ ਤੋਰਦਿਆਂ ਮਿਤੀ ੨੨-੪-੧੧ ਨੂੰ ਗੁਰਦੁਆਰਾ ਬਾਬਾ ਸੁੰਦਰ ਸਿੰਘ ਜੀ ਅਖਨੂਰ ਅਤੇ ੨੪-੪-੧੧ ਨੂੰ ਗੁਰਦੁਆਰਾ ਸਿੰਘ ਸਭਾ ਮੀਰਾ ਸਾਹਿਬ ਜੰਮੂ ਵਿਖੇ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਵਿਚ ਕ੍ਰਮਵਾਰ ੨੯੦ ਅਤੇ ੧੭੦ ਪ੍ਰਾਣੀ ਗੁਰੂ ਵਾਲੇ ਬਣੇ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੰਮ੍ਰਿਤ-ਸੰਚਾਰ ਸਮਾਗਮ ਮਿਤੀ ੫ ਜੂਨ ੨੦੧੧ ਐਤਵਾਰ ਨੂੰ ਗੁਰਦੁਆਰਾ ਛੇਵੀਂ ਪਾਤਸ਼ਾਹੀ ਕਸ਼ਮੀਰ ਵਿਖੇ ਸਿੱਖ ਮਿਸ਼ਨ ਜੰਮੂ ਕਸ਼ਮੀਰ ਵੱਲੋਂ ਸਥਾਨਕ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕੀਤਾ ਗਿਆ ਜਿਸ ਵਿਚ ੩੫੧ ਪ੍ਰਾਣੀ ਗੁਰੂ ਵਾਲੇ ਬਣੇ। ਅੰਮ੍ਰਿਤ- ਅਭਿਲਾਖੀਆਂ ਨੂੰ ਕਕਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ) ਵੱਲੋਂ ਭੇਟਾ ਰਹਿਤ ਦਿੱਤੇ ਗਏ। ਇਸ ਸਮਾਗਮ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਤੁਸੀਂ ਪਰਸਪਰ ਏਕਤਾ, ਇਤਫ਼ਾਕ ਅਤੇ ਆਪਸੀ ਭਾਈਚਾਰਾ ਬਣਾਈ ਰੱਖੋ। ਅਸੀਂ ਹਰ ਦੁਖ-ਸੁਖ ਵਿਚ ਤੁਹਾਡੇ ਨਾਲ ਖੜ੍ਹੇ ਹਾਂ। ਜੰਮੂ-ਕਸ਼ਮੀਰ ਵਿਚ ਲੜਕੀਆਂ ਲਈ ਡਿਗਰੀ ਕਾਲਜ ਖੋਲ੍ਹਣ ਦਾ ਵੀ ਉਨ੍ਹਾਂ ਵਿਸ਼ੇਸ਼ ਜ਼ਿਕਰ ਕੀਤਾ। ਸ. ਸਤਬੀਰ ਸਿੰਘ ਜੀ ਐਡੀ: ਸਕੱਤਰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਸ. ਜਨਕ ਸਿੰਘ ਪ੍ਰਧਾਨ ਡਿਸਟ੍ਰਿਕਟ ਕਮੇਟੀ ਬਾਰਾਮੁੱਲਾ, ਸ. ਗੁਰਜੀਤ ਸਿੰਘ ਕਿੰਘੀ ਪ੍ਰਧਾਨ ਡਿਸਟ੍ਰਿਕਟ ਕਮੇਟੀ ਬੜਗਮ, ਸ. ਪਰਮਿੰਦਰ ਸਿੰਘ ਯਾਤਰਾ ਵਿਭਾਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ. ਤਰਨਜੀਤ ਸਿੰਘ ਕਲਰਕ ਸਿੱਖ ਮਿਸ਼ਨ ਜੰਮੂ ਕਸ਼ਮੀਰ ਦਾ ਧੰਨਵਾਦ ਕੀਤਾ।

ਗੁਰਦੁਆਰਾ ਸ੍ਰੀ ਚਰਨਕੰਵਲ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਮੈਨੇਜਰ ਗੁਰਦੁਆਰਾ ਸਾਹਿਬ ਸ੍ਰੀ ਚਰਨਕੰਵਲ ਸਾਹਿਬ ਮਾਛੀਵਾੜਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ੩ ਅਪ੍ਰੈਲ ੨੦੧੧, ੧੪ ਅਪ੍ਰੈਲ, ੩ ਮਈ ਅਤੇ ੧ ਜੂਨ

੨੦੧੧ ਨੂੰ ਹੋਏ ਅੰਮ੍ਰਿਤ-ਸੰਚਾਰ ਸਮਾਗਮ ਸਮੇਂ ਕ੍ਰਮਵਾਰ ੨੩, ੧੨੯, ੨੬ ਅਤੇ ੪੪ ਪ੍ਰਾਣੀ ਅੰਮ੍ਰਿਤਪਾਨ ਕਰ ਗੁਰੂ ਵਾਲੇ ਬਣੇ।

ਹਲਕਾ ਜਲਾਲਾਬਾਦ ਵਿਖੇ ਗੁਰਮਤਿ ਸਮਾਗਮ

ਪ੍ਰਚਾਰਕ ਭਾਈ ਜਸਵਿੰਦਰਪਾਲ ਸਿੰਘ ਵੱਲੋਂ ਪੁੱਜੀ ਸੂਚਨਾ ਅਨੁਸਾਰ ਮਾਰਚ ੨੦੧੧ ਵਿਚ ਜਲਾਲਾਬਾਦ ਹਲਕੇ ਦੇ ਪਿੰਡਾਂ ਢਾਬ ਖੁਸਾਲ, ਜੋਈਆਂ, ਕਾਹਨ ਸਿੰਘ ਵਾਲਾ, ਲੋਪੋਂ, ਜਲਾਲਾਬਾਦ (ਮੰਨੇਵਾਲਾ), ਪਿੰਡ ਕਾਹਨ ਸਿੰਘ ਵਾਲਾ ਵਿਖੇ ਗੁਰਮਤਿ ਸਮਾਗਮ ਕੀਤੇ ਗਏ। ਪਿੰਡ ਮੰਨੇਵਾਲਾ (ਜਲਾਲਾਬਾਦ) ਦੇ ਗੁਰਦੁਆਰਾ ਸ਼ਹੀਦ ਭਾਈ ਮਤੀ ਦਾਸ ਜੀ ਵਿਖੇ ੧੪ ਮਾਰਚ ੨੦੧੧ ਨੂੰ ਨਵੇਂ ਨਾਨਕਸ਼ਾਹੀ ਸੰਮਤ ਤੇ ਸਾਹਿਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਸ ਮੌਕੇ 'ਤੇ ਮਾਨਯੋਗ ਜਥੇਦਾਰ ਅਵਤਾਰ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸੰਗਤਾਂ ਨੂੰ ਸੰਬੋਧਨ ਕੀਤਾ। ਇਸ ਤੋਂ ਪਹਿਲਾਂ ਜਲਾਲਾਬਾਦ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਉਸਾਰੇ ਜਾ ਰਹੇ ਪ੍ਰਸਤਾਵਿਤ ਸਕੂਲ ਦਾ ਨੀਂਹ-ਪੱਥਰ ਰੱਖਿਆ ਗਿਆ।

ਸਿੱਖ ਵਿਰਸਾ ਸੰਭਾਲ ਮੁਹਿੰਮ ਵੱਲੋਂ ਮਿਤੀ ੨੭-੫-੨੦੧੧ ਤੋਂ ੩-੬-੨੦੧੧ ਤਕ ਉਪਰੋਕਤ ਹਲਕੇ ਵਿਚ ਗੁਰਮਤਿ ਸਮਾਗਮ ਕੀਤੇ ਗਏ। ਸਾਰੇ ਸਮਾਗਮਾਂ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਜਥਿਆਂ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਨ ਤੋਂ ਇਲਾਵਾ ਭਾਈ ਜਸਬੀਰ ਸਿੰਘ ਖਾਲਸਾ ਮਿੱਡੇ ਵਾਲੇ ਤੇ ਭਾਈ ਅਮਰਜੀਤ ਸਿੰਘ ਅਣਖੀ ਦੇ ਢਾਡੀ ਜਥਿਆਂ ਵੱਲੋਂ ਵੀਰ ਰਸੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਨ੍ਹਾਂ ਸਮਾਗਮਾਂ ਵਿਚ ਲੱਗਭਗ ੫੨੧ ਪ੍ਰਾਣੀ ਅੰਮ੍ਰਿਤ ਛਕ ਗੁਰੂ ਵਾਲੇ ਬਣੇ ਅਤੇ ਅਨੇਕਾਂ ਸਿੱਖ ਨੌਜਵਾਨਾਂ ਨੇ ਕੇਸ ਰੱਖਣ ਤੇ ਨਸ਼ੇ ਛੱਡਣ ਦਾ ਪ੍ਰਣ ਕੀਤਾ।

ਸਿੱਖ ਮਿਸ਼ਨ ਹਰਿਆਣਾ ਤੇ ਹਿਮਾਚਲ ਵੱਲੋਂ ਪ੍ਰਚਾਰ ਸਰਗਰਮੀਆਂ

ਸਿੱਖ ਮਿਸ਼ਨ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੱਲੋਂ ਜਥੇਦਾਰ ਬਲਦੇਵ ਸਿੰਘ ਕਾਇਮਪੁਰ ਹਲਕਾ ਮੈਂਬਰ ਯਮੁਨਾਨਗਰ ਦੇ ਸਹਿਯੋਗ ਸਦਕਾ ਮਿਤੀ ੨੩ ਅਪ੍ਰੈਲ ੨੦੧੧ ਨੂੰ ਸਵੇਰੇ ੧੦ ਵਜੇ ਤੋਂ ਦੁਪਹਿਰ ੨ ਵਜੇ ਤਕ ਕਸਬਾ ਦੋਸੜਕਾ (ਅੰਬਾਲਾ) ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਜਥਿਆਂ ਨੇ ਸੰਗਤਾਂ ਨੂੰ ਮਨੋਹਰ ਕੀਰਤਨ ਰਾਹੀਂ ਨਿਹਾਲ ਕੀਤਾ। ਸਿੱਖ ਮਿਸ਼ਨ ਹਰਿਆਣਾ ਦੇ ਢਾਡੀ ਜਥਿਆਂ ਨੇ ਸੰਗਤਾਂ ਨੂੰ ਬੀਰ-ਰਸੀ ਵਾਰਾਂ ਰਾਹੀਂ ਗੁਰਇਤਿਹਾਸ ਦੀ ਜਾਣਕਾਰੀ ਦਿੱਤੀ। ਕਥਾਵਾਚਕ ਭਾਈ ਮੰਗਪ੍ਰੀਤ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਜਥੇਦਾਰ ਬਲਦੇਵ ਸਿੰਘ ਕਾਇਮਪੁਰੀ ਅਤੇ ਜਥੇਦਾਰ ਗੁਰਦੀਪ ਸਿੰਘ ਭਾਨੋਖੇੜੀ ਦੋਵੇਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਈਆਂ ਸੰਗਤਾਂ ਅਤੇ ਪ੍ਰਬੰਧਕ ਸੱਜਣਾਂ ਦਾ ਧੰਨਵਾਦ ਕੀਤਾ।

ਮਿਸ਼ਨ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ੮ ਮਰਲਾ, ਪਾਨੀਪਤ ਵਿਖੇ ਮਿਤੀ ੨੩ ਅਪ੍ਰੈਲ ੨੦੧੧ ਦਿਨ ਸ਼ਨੀਵਾਰ ਰਾਤ ਸਮੇਂ ਉੱਥੋਂ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਵਿਚ ਸ੍ਰੀ ਸੁਖਮਨੀ ਸਾਹਿਬ ਸੇਵਾ

ਸੁਸਾਇਟੀ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਮਨੋਹਰ ਕੀਰਤਨ ਸਰਵਣ ਕਰਵਾਇਆ। ਇਸ ਤੋਂ ਬਾਅਦ ਭਾਈ ਤਾਰਬਲਬੀਰ ਸਿੰਘ ਅਤੇ ਭਾਈ ਗੁਰਦੇਵ ਸਿੰਘ ਦੇ ਹਜ਼ੂਰੀ ਰਾਗੀ ਜਥੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨੇ ਸੰਗਤਾਂ ਨੂੰ ਮਨੋਹਰ ਕੀਰਤਨ ਰਾਹੀਂ ਨਿਹਾਲ ਕੀਤਾ। ਗਿਆਨੀ ਸਾਹਿਬ ਸਿੰਘ ਪਾਨੀਪਤ ਨੇ ਸੰਗਤਾਂ ਨੂੰ ਗੁਰ-ਇਤਿਹਾਸ ਤੋਂ ਜਾਣੂ ਕਰਵਾਇਆ। ਜਥੇਦਾਰ ਭੁਪਿੰਦਰ ਸਿੰਘ ਅਸੰਧ (ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਨੇ ਇਸ ਸਮਾਗਮ ਵਿਚ ਜੁੜ ਬੈਠੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰ-ਇਤਿਹਾਸ ਦੀ ਜਾਣਕਾਰੀ ਦਿੱਤੀ ਅਤੇ ਆਈਆਂ ਸੰਗਤਾਂ ਦਾ ਤਹਿ-ਦਿਲੋਂ ਧੰਨਵਾਦ ਕੀਤਾ।

ਮਿਸ਼ਨ ਵੱਲੋਂ ਹੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ (ਅੰਬਾਲਾ) ਨਾਲ ਅਟੈਚ ਗੁਰਦੁਆਰਾ ਬਾਦਸ਼ਾਹੀ ਬਾਗ ਵਿਖੇ ਮਿਤੀ ੧੭-੫-੨੦੧੧ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ੫੯ ਪ੍ਰਾਣੀ ਅੰਮ੍ਰਿਤ ਪਾਨ ਕਰ ਗੁਰੂ ਵਾਲੇ ਬਣੇ।

ਮਿਸ਼ਨ ਵੱਲੋਂ ਗੁਰਦੁਆਰਾ ਪਤਾਲਪੁਰੀ ਸੰਮਾਲਖਾ ਨੇੜੇ ਲਾਡਵਾ (ਕੁਰੂਕਸ਼ੇਤਰ) ਵਿਖੇ ਮਿਤੀ ੧੩-੬-੨੦੧੧ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਵਿਚ ੨੬ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ ਅਤੇ ਗੁਰੂ ਵਾਲੇ ਬਣੇ।

ਮਿਤੀ ੧੫-੬-੨੦੧੧ ਦੀ ਸ਼ਾਮ ਨੂੰ ਗੁਰਦੁਆਰਾ ਸਿੰਘ ਸਭਾ ਜਟਵਾੜ ਵਿਖੇ ਧਾਰਮਿਕ ਨਾਟਕ 'ਸਾਕਾ ਸਰਹਿੰਦ' ਦਾ ਆਯੋਜਨ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਆਈ ਟੀਮ ਵੱਲੋਂ ਕੀਤਾ ਗਿਆ।

ਮਿਤੀ ੧੬-੬-੨੦੧੧ ਦੀ ਸ਼ਾਮ ਨੂੰ ਬਿਲਾਸਪੁਰ ਵਿਖੇ ਧਾਰਮਿਕ ਨਾਟਕ 'ਸਿੰਘ ਸੂਰਮੇ' ਦਾ ਆਯੋਜਨ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਆਈ ਟੀਮ ਨੇ ਕੀਤਾ ਗਿਆ।

ਮਿਸ਼ਨ ਵੱਲੋਂ ਬੱਚਿਆਂ ਨੂੰ ਪੰਜਾਬੀ (ਗੁਰਮੁਖੀ) ਸਿਖਾਉਣ, ਗੁਰਬਾਣੀ ਨਾਲ ਜੋੜਨ ਅਤੇ ਗੁਰਮਤਿ ਦੀ ਮੁੱਢਲੀ ਸਿੱਖਿਆ ਦੇਣ ਦੇ ਮੰਤਵ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕੁਰੂਕਸ਼ੇਤਰ ਵਿਖੇ ਗਰਮੀ ਦੀਆਂ ਛੁੱਟੀਆਂ ਵਿਚ ਮਿਤੀ ੧ ਜੂਨ ਤੋਂ ੧੫ ਜੂਨ ੨੦੧੧ ਤੀਕ ਪੰਜਾਬੀ ਸਿਖਲਾਈ ਕੈਂਪ ਲਾਇਆ ਗਿਆ, ਜਿਸ ਵਿਚ ੩੫੦ ਬੱਚਿਆਂ ਨੇ ਭਾਗ ਲਿਆ ਅਤੇ ਕੁਰੂਕਸ਼ੇਤਰ ਜ਼ਿਲ੍ਹੇ ਵਿਚ ਵੱਖ-ਵੱਖ ਨੌਂ ਸੈਂਟਰਾਂ ਵਿਚ ਇਹ ਪੰਜਾਬੀ ਸਿਖਲਾਈ ਕੈਂਪ ਲਾਏ ਗਏ। ਪੰਜਾਬੀ ਸਿਖਲਾਈ ਕੈਂਪ ਦੀ ਸਮਾਪਤੀ ਸਮੇਂ ਗੁਰਦੁਆਰਾ ਨਾਨਕ ਦਰਬਾਰ ਰਤਗਲ ਸੈਕਟਰ ੭ ਕੁਰੂਕਸ਼ੇਤਰ ਵਿਖੇ ਇਕ ਗੁਰਮਤਿ ਸਮਾਗਮ ਆਯੋਜਤ ਕੀਤਾ ਗਿਆ, ਜਿਸ ਵਿਚ ਇਸ ਕੈਂਪ ਵਿਚ ਭਾਗ ਲੈਣ ਵਾਲੇ ਬੱਚਿਆਂ ਨੇ ਵਾਰੀ-ਵਾਰੀ ਸਟੇਜ 'ਤੇ ਸ਼ਬਦ ਕੀਰਤਨ, ਗੁਰਮਤਿ ਕਵਿਤਾਵਾਂ, ਸਾਖੀਆਂ ਅਤੇ ਲੈਕਚਰ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੇ ਅੰਤ ਵਿਚ ਪੰਜਾਬੀ ਸਿਖਲਾਈ ਕੈਂਪ ਵਿਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਮਿਸ਼ਨ ਵੱਲੋਂ ਇਨਾਮ ਵਜੋਂ ਮੋਮੈਂਟੋ ਦਿੱਤੇ ਗਏ ਅਤੇ ਸਿਖਲਾਈ ਦੇਣ ਵਾਲੇ ਅਧਿਆਪਕ ਸਾਹਿਬਾਨ ਨੂੰ ਵੀ ਮੋਮੈਂਟੋ ਅਤੇ ਸਿਰੋਪਾਉ ਨਾਲ ਸਨਮਾਨਿਤ ਕੀਤਾ ਗਿਆ।

■

ਗੋਲਡਨ ਆਫਸੈੱਟ ਪ੍ਰੈਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸ. ਦਲਮੇਘ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ। *ਮਿਤੀ ੫-੮-੨੦੧੧*